# ਵਤਨੋਂ ਦੂਰ

## ਇਸ ਅੰਕ ਵਿਚ


ਲੇਖ : ਪੰਜਾਬ 'ਤੇ ਫੌਜੀ ਹਮਲਾ : ਬਾਹਰੋਂ ਇਕ ਝਾਤ / ਵੈਨਕੂਵਰ ਸੱਥ
ਧਰਮ ਨਿਰਪੱਖਤਾ ਅਤੇ ਫਿਰਕੂ ਜਨੂੰਨ / ਸੂਫ਼ੀ ਅਮਰਜੀਤ
ਧਾਰਮਕ-ਸਥਾਨਾਂ ਦੀ ਬੇਅਦਬੀ : ਜ਼ੁੰਮੇਵਾਰ ਕੌਣ ? / ਜਫਰਨਾਮਾ
ਫੌਜੀ ਬੂਟਾਂ ਹੇਠ ਲਿਤਾੜੀ ਗਈ ਇਹ ਪੰਜਾਬ ਦੀ ਧਰਤੀ / ਹਿਰਾਵਲ ਦਸਤਾ

ਨਾਟਕ : 'ਕਾਮਾਗਾਟਾਮਾਰੂ' ਦੇ ਦੋ ਕਾਂਡ / ਅਜਮੇਰ ਰੋਡੇ

ਕਵਿਤਾਵਾਂ : ਗੁਰਚਰਨ ਰਾਮਪੁਰੀ, ਇਕਬਾਲ ਰਾਮੂਵਾਲੀਆ, ਸੁਰਿੰਦਰ ਧੰਜਲ, ਸਾਧੂ,
ਅਜਮੇਰ ਰੋਡੇ, ਸੁਖਿੰਦਰ, ਮਿੱਤਰ ਰਾਸ਼ਾ, ਸਤਵੰਤ, ਮੰਗਾ ਸਿੰਘ ਬਾਸੀ
ਸੁਖਪਾਲ, ਅਵਤਾਰ ਸਿੰਘ ਸਾਦਿਕ, ਅਵਤਾਰ ਗਿੱਲ, ਅਵਤਾਰ ਰੋਡੇ

ਕਹਾਣੀ : ਮਾਨਸ ਕੀ ਜਾਤਿ, ਸਭੈ..... / ਤੇਜ ਸੰਧੂ 'ਸਮਾਧਵੀ'

ਵਿਸ਼ੇਸ਼ : ਅਦਾਰਾ ਕਮਿਊਨਿਸਟ ਵਰਕਰ ਵੱਲੋਂ ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਐਡਮੰਟਨ
ਦੇ ਨਾਮ ਖੁੱਲ੍ਹਾ ਖ਼ਤ
ਦਰਪਣ / ਹਿੰਦੁਸਤਾਨ ਅਤੇ ਕੈਨੇਡਾ ਵਿਚੋਂ 13 ਖ਼ਤ
ਫਿਰਕੂ ਜਨੂੰਨ ਅਤੇ ਅੰਮ੍ਰਿਤਸਰ ਦੇ ਫੌਜੀ ਐਕਸ਼ਨ ਬਾਰੇ ਵਿਸ਼ੇਸ਼ ਸੰਪਾਦਕੀ



ਗਿਆਰਵਾਂ ਸਾਲਾਨਾ ਅੰਕ
ਜੁਲਾਈ ਅਗਸਤ 1984
VOL 11 NO. 102

LITERARY & CULTURAL BIMONTHLY OF PANJABI

# WATNO DUR

P.O. BOX 9545
Edmonton, Alberta, T6E 5X2

P.O. BOX 67681 Station 'O'
Vancouver, B.C., V5W 3V2

(Started in July 1973)

2nd Class Mail Reg. No. 3233 | July - August 1984 | Vol.11 No. 102

Editorial Board:

Satwant Deepak, Edmonton .................... 461-1917
Laat Bhinder, Edmonton .................... 435-7469
Avtar Gill, Sherwood Park .................... 464-3851
Karnail Randhawa, Edmonton .................... 462-2712

Watno Dur Representatives:

- British Columbia

Sadhu, Burnaby .................... 437-9014
Sukhwant Hundal, Vancouver .................... 321-9221
Amarjit Chahal, Surrey .................... 581-0406
Paul Binning, Richmond .................... 270-9467
Gurcharan Tallewalia, Burnaby .................... 298-3431
Tej Sandhu, Quesnel .................... 992-6775
Avtar Rodhey, Quesnel .................... 992-7578
Inderjit Rode, Vancouver .................... 430-4104

- Ontario

Surinder Dhanjal, Hamilton ....................

## ਵਿਸ਼ੇਸ਼ ਅੰਕ

ਜੁਲਾਈ-ਅਗਸਤ 1984 ਦੇ ਇਸ ਅੰਕ ਦਾ ਤਿੰਨ ਕਾਰਣਾਂ ਕਰਕੇ ਵਿਸ਼ੇਸ਼ ਮਹੱਤਵ ਹੈ:

- ਵਤਨੋਂ ਦੂਰ ਜੁਲਾਈ 1973 ਵਿਚ ਸ਼ੁਰੂ ਹੋਇਆ ਸੀ - ਸੋ ਇਹ ਵਤਨੋਂ ਦੂਰ ਦਾ ਗਿਆਰਵਾਂ ਸਾਲਾਨਾ ਅੰਕ ਹੈ।
- ਜਿਵੇਂ ਪਿਛਲੇ ਕਈ ਅੰਕਾਂ ਵਿਚ ਐਲਾਨ ਕੀਤਾ ਜਾਂਦਾ ਰਿਹਾ ਹੈ, ਇਹ ਅੰਕ ਫਿਰਕੂ ਜਨੂੰਨ ਵਿਰੁੱਧ ਵਿਸ਼ੇਸ਼ ਅੰਕ ਹੈ।
- 15 ਅਗਸਤ 1984 ਨੂੰ ਹਿੰਦੁਸਤਾਨ ਦੇ ਗਲੋਂ ਬਦੇਸ਼ੀ ਗੁਲਾਮੀ ਦਾ ਜੂਲਾ ਉਤਾਰਨ ਦੀ 37 ਵੀਂ ਵਰ੍ਹੇ-ਗੰਢ ਹੋਣ ਕਰਕੇ ਇਹ ਅੰਕ ਇਹ ਸੋਚਣ ਲਈ ਸਹੀ ਅਵਸਰ ਹੈ ਕਿ ਆਖ਼ਰ ਭਾਰਤ ਦੀਆਂ ਦੇਸੀ ਸਰਕਾਰਾਂ ਨੇ ਬਸਤਾਨਵੀ ਬਦੇਸ਼ੀ ਸਰਕਾਰ ਤੋਂ ਸਾਨੂੰ ਕੀ ਅਤੇ ਕਿਨ੍ਹਾ ਕੁ ਵੱਖਰਾ ਦਿੱਤਾ ਹੈ?
- ਉਮੀਦ ਹੈ ਪਾਠਕਾਂ ਨੂੰ ਇਸ ਅੰਕ ਦੀਆਂ ਲਿਖਤਾਂ ਵਿਚੋਂ ਉਪਰੋਕਤ ਤਿੰਨ-ਪੱਖੀ ਵਿਸ਼ੇਸ਼ਤਾ ਦੀਆਂ ਝਲਕਾਂ ਪ੍ਰਾਪਤ ਹੋਣਗੀਆਂ।

- **ANNUAL SUBSCRIPTION**

  - Canada/U.S.A.: $6.00; England: L5.00; Other Countries: $10.00 (By Air) (Cheques, Drafts, Money-Orders payable to 'Watno Dur' should be sent to Edmonton, Alberta or Vancouver, B.C. in Canada).
  - Special Rates for subscribers of India (Annual:RS10/-); Mail directly to: 1. Gursharan Singh, Editor SAMTA, Guru Khalsa Niwas, P.O. Khalsa College, Amritsar - 143002. 2. Surinder Kailay, Editor ANU, Lalton Klan, Ludhiana - 142022.

- **WATNO DUR** (Far from the Motherland) is a Literary and cultural bimonthly of PANJABI - the mother tongue of East Panjab (INDIA) and West Panjab (PAKISTAN) - published by WATNO DUR PUBLICATIONS (Registered). The contributors include well-known Panjabi writers throughout the world.

- All officeholders and members of WATNO DUR PUBLICATIONS (Registered), past and present, have been and are honorary associates of WATNO DUR.

- Opinions expressed are of the individual writers and may not necessarily, reflect the official policies of WATNO DUR PUBLICATIONS (Registered).

# ਸੰਪਾਦਕੀ

• ਪਿਛਲੇ ਸਾਲਾਂ ਵਿੱਚ ਅਸੀਂ ਲੱਗਭੱਗ ਹਰ ਅੰਕ ਵਿਚ ਫਿਰਕੂ ਜਨੂੰਨ ਵਿਰੁੱਧ ਅਸੂਲੀ-ਲੋਕ-ਏਕਤਾ ਦਾ ਸੱਦਾ ਦਿੰਦੇ ਹੋਏ, ਲੋਕਾਂ ਨੂੰ ਫਿਰਕੂ ਜਨੂੰਨ/ਫਿਰਕਾਪ੍ਰਸਤੀ ਦੇ ਮਾਰੂ ਸਿੱਟਿਆਂ ਤੋਂ ਸੁਚੇਤ ਕਰਦੇ ਰਹੇ ਹਾਂ। ਇਹ ਗੱਲ ਹੁਣ ਅਮਲੀ ਤੌਰ 'ਤੇ ਪ੍ਰਤੱਖ ਹੋ ਗਈ ਹੈ ਕਿ ਫਿਰਕੂ ਜਨੂੰਨ ਹਾਕਮ ਜਮਾਤ ਦੇ ਹੱਥ ਵਿਚ ਇਕ ਜ਼ਹਿਰੀਲਾ ਦੋਧਾਰਾ ਹਥਿਆਰ ਹੁੰਦਾ ਹੈ, ਜਿਸ ਨਾਲ ਇਕ ਪਾਸੇ ਉਹ ਖ਼ੁਦ ਹੀ ਫਿਰਕੂ ਜਨੂੰਨ ਫੈਲਾਉਣ ਵਿਚ ਮੱਦਦਗਾਰ ਹੋ ਕੇ ਲੋਕਾਂ ਨੂੰ ਪਾੜ ਕੇ ਆਪਣੀ ਉਮਰ ਲੰਬੀ ਕਰਦੀ ਹੈ ਅਤੇ ਦੂਜੇ ਪਾਸੇ ਮੌਕਾ ਆਉਣ 'ਤੇ ਫਿਰਕੂ ਜਨੂੰਨ ਨੂੰ ਰੋਕਣ ਦਾ ਬਹਾਨਾ ਬਣਾ ਕੇ ਪੰਜਾਬ, ਆਂਧਰਾ ਪਰਦੇਸ਼, ਆਸਾਮ ਆਦਿ ਵਿਚ ਹਿੰਦੂਆਂ, ਸਿੱਖਾਂ, ਮੁਸਲਮਾਨਾਂ ਦਾ ਕਤਲੇਆਮ ਵੀ ਕਰ ਸਕਦੀ ਹੈ।

ਅੰਮ੍ਰਿਤਸਰ ਦੇ ਕਤਲੇਆਮ ਤੋਂ ਬਾਅਦ ਆਮ ਸਿੱਖ ਜਨਤਾ ਵਿਚ ਤਿੱਖੇ ਪ੍ਰਤੀਕਰਮ ਸਾਹਮਣੇ ਆਏ ਹਨ। ਮੁਖ ਵਿਚਾਰ ਇਹ ਹੈ ਕਿ ਸਾਡਾ ਗਰਮ ਦਲੀਏ ਜਾਂ ਨਰਮ ਦਲੀਏ ਅਕਾਲੀਆਂ ਨਾਲ ਕੋਈ ਵਾਸਤਾ ਨਹੀਂ - ਇਹ ਸਭ ਇਕੋ ਥੈਲੀ ਦੇ ਮੌਕਾਪ੍ਰਸਤ ਚੱਟੇ ਵੱਟੇ ਹਨ - ਪਰ ਸਾਡੇ ਧਾਰਮਿਕ ਅਸਥਾਨ ਉੱਤੇ ਹਮਲਾ ਹੋਣ ਕਰਕੇ ਸਾਨੂੰ ਅਥਾਹ ਦੁੱਖ ਅਤੇ ਰੋਸ ਹੈ। ਦੂਜੇ ਪਾਸੇ ਕੁਛ ਮੌਕਾਪ੍ਰਸਤ ਫਿਰਕੂ ਅਨਸਰ ਇਹ ਪਰਚਾਰ ਕਰ ਰਹੇ ਹਨ ਕਿ ਮਾਰੇ ਜਾਣ ਵਾਲੇ ਹਥਿਆਰਬੰਦ ਸਿੱਖ ਨਾ ਹੀ ਅੱਤਵਾਦੀ ਸਨ ਅਤੇ ਨਾ ਹੀ ਫਿਰਕੂ ਜਨੂੰਨੀ; ਬਲਕਿ ਉਹ ਤਾਂ ਬਹਾਦਰ ਸਨ ਅਤੇ 'ਭਾਰਤੀ ਹਿੰਦੂ-ਸਾਮਰਾਜ' ਵਿਰੁੱਧ 'ਸਿੱਖਾਂ ਦੀ ਆਜ਼ਾਦੀ ਦੀ ਲੜਾਈ ਦੇ ਪਰਵਾਨੇ' ਸਨ ਅਤੇ ਹੁਣ ਤਾਂ ਵੱਖਰੀ ਸਿੱਖ ਸਟੇਟ ਜਾਂ ਖ਼ਾਲਿਸਤਾਨ ਬਿਨਾਂ ਕੋਈ ਚਾਰਾ ਹੀ ਨਹੀਂ ਰਿਹਾ। ਇਸ ਸਥਿਤੀ ਨੂੰ ਵਿਚਾਰਦਿਆਂ ਸਾਡਾ ਵਿਚਾਰ ਇਹ ਬਣਦਾ ਹੈ ਕਿ:

- ਕਾਂਗਰਸ ਸਰਕਾਰ ਦਾ ਫੌਜੀ ਐਕਸ਼ਨ 'ਪਾੜੋ ਤੇ ਰਾਜ ਕਰੋ' ਦੀ ਨੀਤੀ ਵਾਲਾ, ਲੋਕ-ਵਿਰੋਧੀ ਅਤੇ ਫਿਰਕੂ ਜਨੂੰਨੀ ਸੀ ਜਿਸਦਾ ਵੱਧ ਤੋਂ ਵੱਧ ਵਿਰੋਧ ਕਰਨਾਂ ਚਾਹੀਦਾ ਹੈ।
- ਸਿੱਖ ਜਨਤਾ ਨੂੰ ਆਪਣੇ ਧਾਰਮਿਕ ਅਸਥਾਨਾਂ ਵਿਚ ਕਿਸੇ ਵੀ ਫੌਜੀ, ਮੌਕਾਪ੍ਰਸਤ ਜਾਂ ਫਿਰਕੂ ਜਨੂੰਨੀ ਦਖਲ-ਅੰਦਾਜ਼ੀ ਨੂੰ ਬਰਦਾਸ਼ਤ ਨਹੀਂ ਕਰਨਾ ਚਾਹੀਦਾ ਭਾਵੇਂ ਉਹ ਸਰਕਾਰ ਵੱਲੋਂ ਹੋਵੇ, ਭਾਵੇਂ ਉਹ ਕਿਸੇ ਮੌਕਾਪ੍ਰਸਤ ਜਾਂ ਫਿਰਕਾਪ੍ਰਸਤ ਸੰਸਥਾ ਵੱਲੋਂ ਹੋਵੇ - ਅਤੇ ਨਾਲ ਹੀ ਸਿੱਖ ਜਨਤਾ ਨੂੰ ਆਪਣੇ ਧਾਰਮਕ ਅਸਥਾਨਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ, ਸਿੱਖ-ਹਿੰਦੂ-ਮੁਸਲਮਾਨ ਲੇਖਕਾਂ ਦੀਆਂ ਮਾਨਵ-ਪੱਖੀ ਧਾਰਮਕ ਰਵਾਇਤਾਂ ਅਨੁਸਾਰ ਚਲਾਏ ਜਾਣ ਦਾ ਹੋਕਾ ਦੇਣਾ ਚਾਹੀਦਾ ਹੈ।
- 'ਹਿੰਦੂ ਮੁਰਦਾਬਾਦ' ਦਾ ਨਾਅਰਾ ਜਾਂ ਇਸ ਨਾਅਰੇ ਅਧੀਨ ਹਿੰਦੂ ਭਰਾਵਾਂ ਦਾ ਸਿੱਧਾ ਜਾਂ ਅਸਿੱਧਾ ਬਾਈਕਾਟ ਕਰਨ ਦਾ ਹੋਕਾ ਨਾ ਹੀ ਧਾਰਮਕ ਦ੍ਰਿਸ਼ਟੀਕੋਣ ਤੋਂ ਸਿੱਖ ਰਵਾਇਤਾਂ ਦੇ ਅਨੁਕੂਲ ਹੈ ਅਤੇ ਨਾ ਹੀ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਆਧੁਨਿਕ ਵਿਗਿਆਨਕ ਵਿਚਾਰਧਾਰਾਵਾਂ ਅਨੁਸਾਰ ਸਹੀ ਹੈ। ਇਹ ਨਾਅਰਾ ਵੱਖਵਾਦੀ ਅਤੇ ਗਲਤ ਨਾਅਰਾ ਹੈ। ਅਜਿਹੇ ਫਿਰਕੂ ਨਾਅਰਿਆਂ ਨੇ ਭਲਾ ਭੂਤਕਾਲ ਵਿਚ ਪਾਕਿਸਤਾਨ, ਇਰਾਨ, ਇਜ਼ਰਾਈਲ ਨੂੰ ਕੀ ਖੱਟ ਕੇ ਦਿੱਤਾ ਹੈ ?

• ਭਾਰਤ ਤੋਂ ਬਾਹਰ ਕੈਨੇਡਾ, ਅਮਰੀਕਾ ਤੇ ਇੰਗਲੈਂਡ ਨੂੰ ਸਿੱਖਾਂ ਦੀਆਂ ਸਰਗਰਮੀਆਂ ਦਾ ਗੜ੍ਹ ਮੰਨਿਆਂ ਜਾਂਦਾ ਹੈ। ਲੰਡਨ, ਨਿਊਯਾਰਕ, ਵੈਨਕੂਵਰ, ਟੋਰਾਂਟੋ, ਮੌਂਟਰੀਅਲ ਅਤੇ ਹੋਰ ਕਈ ਸ਼ਹਿਰਾਂ ਦੇ ਗੁਰਦੁਆਰਿਆਂ ਵਿਚ ਅਤੇ ਭਾਰਤ ਸਰਕਾਰ ਦੇ ਪ੍ਰਤੀਨਿਧਾਂ ਦੇ ਦਫਤਰਾਂ ਮੂਹਰੇ ਲੋਕ-ਰੋਹ ਦਾ ਪ੍ਰਗਟਾਵਾ ਹੋਇਆ ਹੈ। ਕੈਨੇਡਾ ਅਤੇ ਦੂਸਰੇ ਮੁਲਕਾਂ ਦੇ ਪੰਜਾਬੀ ਲੇਖਕਾਂ ਉੱਤੇ ਇਸ ਸਥਿਤੀ ਦਾ ਅਸਰ ਕੁਝ ਇਸ ਪ੍ਰਕਾਰ ਹੋਇਆ ਹੈ:

- ਕੁਝ ਲੇਖਕ ਭਾਵੁਕਤਾ, ਮੌਕਾਪ੍ਰਸਤੀ ਜਾਂ ਕਿਸੇ ਹੋਰ ਪ੍ਰਭਾਵ ਅਧੀਨ ਵੱਖਵਾਦ ਦੇ ਨਾਅਰਿਆਂ ਦੇ ਹੜ੍ਹ ਵਿਚ ਰੁੜ੍ਹ ਗਏ ਹਨ;
- ਕੁਛ ਲੇਖਕ ਸਰਕਾਰ ਤੋਂ ਜਾਂ ਅੱਤਵਾਦੀਆਂ ਤੋਂ ਅਤੇ ਜਾਂ ਦੋਹਾਂ ਤੋਂ ਡਰ ਕੇ ਚੁੱਪ ਵੱਟ ਗਏ ਹਨ;
- ਜਾਗਦੀ ਜ਼ਮੀਰ ਵਾਲੇ ਲੇਖਕ ਇਸ ਦੁਖਦਾਈ ਅਤੇ ਨਾਜ਼ੁਕ ਸਥਿਤੀ ਵਿਚ ਸਹੀ ਸਿਧਾਂਤਕ ਪੁਜ਼ੀਸ਼ਨਾਂ ਵਾਲੀਆਂ, ਲੋਕ-ਪੱਖੀ, ਪ੍ਰਗਤੀਵਾਦੀ ਕਲਾਤਮਕ ਰਚਨਾਵਾਂ ਦੀ ਸੰਜੀਦਗੀ ਅਤੇ ਸੁਹਿਰਦਤਾ ਨਾਲ ਸਿਰਜਣਾ ਕਰ ਰਹੇ ਹਨ, ਇਸ ਦੀਆਂ ਝਲਕਾਂ ਰਥਲੇ ਅੰਕ ਵਿਚ ਵੀ ਮਿਲਣਗੀਆਂ।

ਅਸੀਂ ਉਪਰੋਕਤ ਤੀਜੀ ਕਤਾਰ ਦੇ ਲੇਖਕਾਂ ਦਾ ਡਟਵਾਂ ਸਮਰਥਨ ਕਰਦੇ ਹੋਏ ਬਾਕੀ ਲੇਖਕਾਂ ਨੂੰ ਅਪੀਲ ਕਰਦੇ ਹਾਂ ਕਿ ਉਨ੍ਹਾਂ ਨੂੰ ਆਪਣੇ ਆਪਣੇ ਮਨਾਂ ਅੰਦਰ ਡੂੰਘੀ ਝਾਤ ਮਾਰਨੀ ਚਾਹੀਦੀ ਹੈ ਅਤੇ ਸੋਚਣਾ ਚਾਹੀਦਾ ਹੈ ਕਿ:

- ਕੱਲ੍ਹ ਤੱਕ 'ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੇ ਕਬਰਾਂ ਵਿੱਚੋਂ ਬੋਲ' ਕਵਿਤਾ ਨੂੰ ਸਹੀ ਸਾਹਿਤਕ ਕਿਰਤ ਮੰਨਣ ਵਾਲਿਆਂ ਲਈ ਅੱਜ "ਇਕ ਨਵਾਂ 1947" ਬਣਾਉਣ ਵਾਲਿਆਂ ਦੀ ਕਤਾਰ ਦਾ ਸਾਥ ਦੇਣਾ ਕਿੰਨਾ ਕੁ ਜਾਇਜ਼ ਹੈ ?
- ਕੱਲ ਤੱਕ ਭਾਈ ਵੀਰ ਸਿੰਘ ਨੂੰ ਜਲ੍ਹਿਆਂ ਵਾਲੇ ਬਾਗ ਦੇ 1919 ਦੇ ਸਾਕੇ ਸਮੇਂ ਲੋਕ-ਪੱਖੀ ਰਚਨਾਵਾਂ ਦੀ ਥਾਂ 'ਗੁਲਦਾਉਦੀਆਂ ਆਈਆਂ' ਵਰਗੀਆਂ 'ਹੋਰ ਈ ਤਰ੍ਹਾਂ' ਦੀਆਂ ਰਚਨਾਵਾਂ ਲਿਖਦੇ ਰਹਿਣ ਦਾ ਗਿਲ੍ਹਾ ਕਰਨ ਵਾਲਿਆਂ ਲਈ ਅੱਜ ਲੋਕਾਂ ਤੋਂ ਮੂੰਹ ਮੋੜ ਲੈਣਾ ਕਿੰਨਾ ਕੁ ਜਾਇਜ਼ ਹੈ ?
- ਕ੍ਰਾਂਤੀਕਾਰੀ ਲੇਖਕਾਂ ਨੂੰ "ਤਲੀ ਤੇ ਸਿਰ ਟਿਕਾਉਣ" ਦੀਆਂ 'ਸਿਰਫ ਗੱਲਾਂ ਹੀ ਕਰਨ' ਦਾ ਮਿਹਣਾ ਦੇਣ ਵਾਲਿਆਂ ਲਈ ਅੱਜ ਡਰਨਾ ਅਤੇ ਚੁੱਪ ਹੋ ਜਾਣਾ ਕਿੰਨਾ ਕੁ ਜਾਇਜ਼ ਹੈ ?

## ਇਤਿਹਾਸ ਜਵਾਬ ਮੰਗਦਾ ਹੈ – ਅਤੇ ਮੰਗਦਾ ਰਹੇਗਾ ....

ਉਪਰੋਕਤ ਵਿਚਾਰਾਂ ਦੀ ਰੋਸ਼ਨੀ ਵਿਚ :

ਇਹ ਅੰਕ ਸਮਰਪਤ ਹੈ: ਉਨ੍ਹਾਂ ਸ਼ਹੀਦਾਂ ਦੇ ਨਾਮ, ਜਿਨ੍ਹਾਂ ਨੇ ਬਦੇਸ਼ੀ ਗੁਲਾਮੀ ਦਾ ਜੂਲਾ ਗਲੋਂ ਉਤਾਰਨ ਲਈ 15 ਅਗਸਤ 1947 ਤੱਕ ਹਿੰਦੁਸਤਾਨ ਦੇ ਸੁਤੰਤਰਤਾ ਸੰਗਰਾਮ ਦਾ ਪਹਿਲਾ ਪੜਾ ਪੂਰਾ ਕਰਨ ਲਈ ਧਰਮ ਅਤੇ ਫਿਰਕਾਪ੍ਰਸਤੀ ਤੋਂ ਉਪਰ ਉਠ ਕੇ ਆਪਣੀਆਂ ਜਾਨਾਂ ਦੀ ਆਹੂਤੀ ਦਿਤੀ!

ਇਹ ਅੰਕ ਸਮਰਪਤ ਹੈ: ਦੁਨੀਆਂ ਭਰ 'ਚ ਬੈਠੇ ਵਤਨੋਂ ਦੂਰ ਦੇ ਸਨੇਹੀਆਂ ਨੂੰ, ਜਿਨ੍ਹਾਂ ਦੇ ਸਹਿਯੋਗ ਸਦਕਾ ਜੁਲਾਈ 1984 ਵਿਚ ਵਤਨੋਂ ਦੂਰ ਆਪਣੀ ਉਮਰ ਦੇ ਗਿਆਰਾਂ ਵਰ੍ਹੇ ਪੂਰੇ ਕਰਕੇ 102 ਵਾਂ ਅੰਕ ਪ੍ਰਕਾਸ਼ਤ ਕਰ ਰਿਹਾ ਹੈ!

ਇਹ ਅੰਕ ਵੰਗਾਰ ਹੈ: ਉਨ੍ਹਾਂ ਲੋਕਾਂ, ਲੇਖਕਾਂ, ਕਲਾਕਾਰਾਂ ਦੇ ਨਾਮ, ਜੋ ਫਿਰਕਾਪ੍ਰਸਤੀ, ਫਿਰਕੂ ਜਨੂੰਨ ਵਿਰੁੱਧ ਦ੍ਰਿੜਤਾ ਨਾਲ ਜੂਝ ਰਹੇ ਹਨ!

ਇਹ ਅੰਕ ਇਕ ਲਾਹਣਤ ਹੈ: ਉਨ੍ਹਾਂ ਮੌਕਾਪ੍ਰਸਤ, ਸਵਾਰਥੀ ਲੇਖਕਾਂ/ ਪੱਤਰਕਾਰਾਂ/ ਲੀਡਰਾਂ/ ਜੱਥੇਬੰਦੀਆਂ ਦੇ ਨਾਮ; ਜੋ ਲੋਕਾਂ ਨੂੰ ਧਰਮ, ਬੋਲੀ, ਨਸਲ, ਜ਼ਾਤਪਾਤ, ਇਲਾਕਾਈ ਹੱਦਬੰਦੀਆਂ ਅਤੇ ਹੋਰ ਵਿਤਕਰਿਆਂ ਰਾਹੀਂ ਉਕਸਾ, ਵਰਗਲਾ ਕੇ ਵੱਖਵਾਦ ਅਤੇ ਫਿਰਕੂ ਜਨੂੰਨ ਨੂੰ ਸ਼ਹਿ ਦੇ ਰਹੇ ਹਨ ਅਤੇ ਪਿਛਾਂਹ-ਖਿੱਚੂ ਸ਼ਕਤੀਆਂ ਦੀ ਹਮਾਇਤ ਕਰ ਰਹੇ ਹਨ ਅਤੇ ਆਪਣਾ ਉੱਲੂ ਸਿੱਧਾ ਕਰ ਰਹੇ ਹਨ!

ਇਹ ਅੰਕ ਹਮਦਰਦੀ ਦਾ ਸੁਨੇਹਾ ਹੈ: ਉਨ੍ਹਾਂ ਲੋਕਾਂ ਦੇ ਨਾਮ, ਜਿਨ੍ਹਾਂ ਦੇ ਬੇਦੋਸ਼ੇ ਮਿੱਤਰ, ਰਿਸ਼ਤੇਦਾਰ, ਸਨੇਹੀ ਹਰਿਮੰਦਰ ਸਾਹਿਬ ਉੱਤੇ ਹੋਏ ਫੌਜੀ ਹਮਲੇ ਦੌਰਾਨ ਜਾਂ ਇਸ ਤੋਂ ਪਹਿਲਾਂ ਜਾਂ ਇਸ ਤੋਂ ਪਿੱਛੋਂ ਫਿਰਕੂ ਜਨੂੰਨ ਦੇ ਦੈਂਤ ਨੇ ਹੜੱਪ ਕਰ ਲਏ!

ਲੇਖਕ ਵੀਰੋ! ਇਹ ਨਾ ਹੀ ਚੁੱਪ ਰਹਿਣ ਦਾ ਵੇਲਾ ਹੈ, ਨਾ ਹੀ ਘਬਰਾਉਣ ਦਾ ਅਤੇ ਨਾ ਹੀ ਲੋਕਾਂ ਨੂੰ ਵਰਗਲਾਉਣ ਦਾ ਵੇਲਾ ਹੈ - ਸਗੋਂ ਸੰਜੀਦਗੀ ਅਤੇ ਦ੍ਰਿੜਤਾ ਨਾਲ ਲੋਕ-ਰੋਹ ਨੂੰ ਜ਼ੁਲਮ-ਜਬਰ ਦੇ ਖਿਲਾਫ ਸੇਧਤ ਕਰਨ ਦਾ ਵੇਲਾ ਹੈ।

– ਸੁਰਿੰਦਰ ਧੰਜਲ

---

(.... ਸਫ਼ਾ 38 ਦੀ ਬਾਕੀ)

### ਪਿੰਡਾਂ ਵਿਚ ਫੌਜੀ ਦਮਨ ਚੱਕਰ

ਫੌਜੀ ਸੈਨਿਕਾਂ ਤੇ ਅਰਧ ਫੌਜੀ ਸੈਨਿਕਾਂ ਨੇ ਪੰਜਾਬ ਦੇ ਮੁਕੰਮਲ ਪਿੰਡਾਂ ਵਿਚ ਜੋ ਨਾਕਾਬੰਦੀ ਕੀਤੀ ਹੋਈ ਸੀ ਉਸ ਪ੍ਰਤੀ ਉਨ੍ਹਾਂ ਨੇ ਨਵੇਂ ਦਾਅ-ਪੇਚ ਘੜ ਲਏ। ਸੜਕਾਂ ਤੇ ਤਾਇਨਾਤ ਫੌਜੀ ਜਦ ਕਦੀ ਕਿਸੇ ਨੂੰ ਸਾਈਕਲ ਉਪਰ ਨਜ਼ਰ ਆਉਂਦਾ ਦੇਖਦੇ ਤਾਂ ਉਸਨੂੰ ਰੋਕ ਲੈਂਦੇ ਅਤੇ ਸਾਈਕਲ ਉਸਦੇ ਗਲ ਵਿਚ ਪਵਾ ਕੇ ਉਸਨੂੰ ਇਕ ਕਿਲੋਮੀਟਰ ਤੀਕਰ ਪੈਦਲ ਚਲਾਉਂਦੇ। ਕਈ ਥਾਵਾਂ ਉਪਰ ਕੁਝ ਫਿਰਕੂ ਸੋਚ ਦੇ ਧਾਰਨੀ ਸੀ.ਆਰ.ਪੀ.ਐਫ. ਦੇ ਸਿਪਾਹੀਆਂ ਨੇ ਇਸ ਕਰਕੇ ਲੋਕਾਂ ਨੂੰ ਬਾਇਜ਼ਤ ਕੀਤਾ ਕਿਉਂ ਜੋ ਉਹ ਸਿੱਖੀ ਸ਼ਕਲ ਦੇ ਪਹਿਰਾਵੇ ਵਾਲੇ ਲੋਕ ਸਨ। ਹਰ ਕਿਸਮ ਦੇ ਪੜ੍ਹੇ ਲਿਖੇ ਲੋਕਾਂ ਨਾਲ ਦੁਰ-ਵਿਹਾਰ ਕੀਤਾ ਜਾਂਦਾ ਰਿਹਾ। ਇਸ ਦਮਨ ਚੱਕਰ ਦੌਰਾਨ ਲੋਕਾਂ ਨੂੰ ਉਨ੍ਹਾਂ ਦੇ ਖੇਤਾਂ ਤੋਂ ਵੀ ਕੱਟ ਕੇ ਰੱਖਿਆ ਗਿਆ। ਖੇਤਾਂ ਵਿਚ ਜਾਣ ਵਾਲੇ ਟਰੈਕਟਰਾਂ ਦੇ ਟਾਇਰ ਪਾੜੇ ਗਏ ਅਤੇ ਕਿਸਾਨਾਂ ਨੂੰ ਬਾਇਜ਼ਤ ਕੀਤਾ ਗਿਆ। ਕੁਝ ਥਾਵਾਂ ਤੇ ਜਿੱਥੇ ਕਿਸੇ ਕਿਸਾਨ ਨੇ ਖੇਤਾਂ ਵਿਚ ਜਾਣ ਲਈ ਜ਼ਿੱਦ ਕੀਤੀ ਗੋਲੀ ਨਾਲ ਉਡਾ ਦਿੱਤਾ ਗਿਆ। ਪਾਕਿ ਸਰਹੱਦ ਨਾਲ ਲਾਗਲੇ 5 ਕਿਲੋਮੀਟਰ ਦੇ ਪਿੰਡਾਂ ਵਿਚ ਲੋਕਾਂ ਨਾਲ ਵਿਦੇਸ਼ੀਆਂ ਵਾਲਾ ਵਰਤਾਉ ਕੀਤਾ। ਅਜੇ ਤੱਕ ਵੀ ਏਥੇ ਰਾਤ ਸਮੇਂ ਕਿਸਾਨਾਂ ਨੂੰ ਖੇਤਾਂ ਵਿਚ ਜਾਣ ਦੀ ਇਜਾਜ਼ਤ ਨਹੀਂ ਹੈ। ਪਿੰਡਾਂ ਨੂੰ ਘੇਰੇ ਪਾ ਕੇ ਪਿੰਡਾਂ ਨੂੰ ਖਾਲੀ ਕਰਵਾਇਆ ਗਿਆ। ਘਰਾਂ 'ਚੋਂ ਦੇਰ ਨਾਲ ਨਿਕਲਣ ਵਾਲੇ ਲੋਕਾਂ ਨੂੰ ਫੌਜੀ ਬੱਟ ਮਾਰਦੇ। ਪਿੰਡਾਂ ਵਿਚ ਦਹਿਸ਼ਤ ਪਾਉਣ ਲਈ ਟੈਂਕ ਅਤੇ ਬਖਤਰਬੰਦ ਗੱਡੀਆਂ ਤੇ ਮਸ਼ੀਨਗੰਨਾਂ ਨੂੰ ਪਿੰਡਾਂ ਵੱਲ ਨੂੰ ਸੇਧਿਤ ਕੀਤਾ ਜਾਂਦਾ ਰਿਹਾ। ਹਰ ਘਰ ਦੀ ਤਲਾਸ਼ੀ ਲਈ ਜਾਂਦੀ ਰਹੀ। ਫੌਜ ਤੇ ਸੀ ਆਰ.ਪੀ.ਐਫ. ਨੇ ਕੁਝ ਥਾਵਾਂ ਤੇ ਕੁਝ ਲੋਕਾਂ ਨੂੰ ਇਸ ਕਰਕੇ ਪ੍ਰੇਸ਼ਾਨ ਕੀਤਾ ਗਿਆ ਕਿਉਂ ਜੋ ਉਨ੍ਹਾਂ ਦੇ ਸਿਰਾਂ ਤੇ ਪੀਲੇ ਪਰਨੇ, ਕਾਲੀਆਂ ਜਾਂ ਨੀਲੀਆਂ ਪੱਗਾਂ ਬੰਨੀਆਂ ਹੋਈਆਂ ਸਨ। ਫੌਜ ਵਿਚਲੇ ਫਿਰਕੂ ਅਨਸਰਾਂ ਨੇ ਸਥਿਤੀ ਦਾ ਪੂਰਾ ਫਾਇਦਾ ਉਠਾਇਆ ਅਤੇ ਬਦਲ-ਲਊ ਭਾਵਨਾ ਨਾਲ ਵੀ ਕਾਰਵਾਈ ਕੀਤੀ। ਕਈ ਲੋਕਾਂ ਨੂੰ ਸ਼ੱਕੀ ਬਨਾਅ ਤੇ ਪਿੰਡਾਂ 'ਚੋਂ ਗ੍ਰਿਫਤਾਰ ਕਰਕੇ ਮਾਰਿਆ ਗਿਆ।

### ਜੀਉਂਦੇ ਆਦਮੀ ਪੋਸਟਮਾਰਟਮ ਲਈ ਡਾਕਟਰਾਂ ਹਵਾਲੇ

ਜਦੋਂ ਫੌਜ ਦਰਬਾਰ ਸਾਹਿਬ ਕੰਪਲੈਕਸ 'ਚੋਂ ਲਾਸ਼ਾਂ ਨੂੰ ਕੱਢ ਕੇ ਲਿਆ ਰਹੀ ਸੀ ਤਾਂ ਉਨ੍ਹਾਂ ਨੂੰ ਕੋਈ ਇਹ ਵੀ ਫੁਰਸਤ ਨਹੀਂ ਸੀ ਕਿ ਦੇਖ ਸਕੇ ਕਿ ਘਾਇਲ ਹੋਏ ਵਿਅਕਤੀ ਪੂਰਨ ਰੂਪ ਵਿਚ ਮਰ ਚੁਕੇ ਹਨ ਜਾਂ ਉਨ੍ਹਾਂ ਵਿਚ ਕੋਈ ਸਾਹ-ਸੱਤ ਬਾਕੀ ਹੈ। ਬੜੀ ਅਜੀਬ ਗੱਲ ਹੈ ਕਿ ਬਹੁਤ ਸਾਰੇ ਸਹਿਕਦੇ ਤੇ ਜੀਉਂਦੇ ਫੱਟੜਾਂ ਨੂੰ ਪੋਸਟਮਾਰਟਮ ਲਈ ਡਾਕਟਰਾਂ ਦੇ ਹਵਾਲੇ ਕੀਤਾ ਗਿਆ। ਡਾਕਟਰਾਂ ਦੇ ਕਥਨ ਮੁਤਾਬਕ ਬਹੁਤ ਸਾਰੇ ਘਾਇਲ ਵਿਅਕਤੀ ਜੋ ਜੀਉਂਦੇ ਹੀ ਪੋਸਟਮਾਰਟਮ ਲਈ ਲਿਆਂਦੇ ਗਏ ਸਨ ਫੌਜ ਨੂੰ ਵਾਪਿਸ ਕੀਤੇ ਗਏ। 8 ਜੂਨ ਤੱਕ ਲਾਸ਼ਾਂ ਡਿਗੇ ਢੱਠੇ ਮਲਬਿਆਂ ਦੇ ਥੱਲਿਉਂ ਮਿਲਦੀਆਂ ਰਹੀਆਂ। ਜਿਸਨੂੰ ਪੰਜਾਬ ਹੋਮਗਾਰਡਜ਼ ਤੇ ਮਿਉਂਸਪਲ ਕਾਰਪੋਰੇਸ਼ਨ ਦੇ ਭਈਏ ਟਰੈਕਟਰਾਂ ਟਰਾਲੀਆਂ ਤੇ (ਜੋ ਨਗਰ ਨਿਗਮ ਗੰਦ ਢੋਹਣ ਲਈ ਵਰਤਦੀਆਂ ਹਨ) ਦੁਆਰਾ ਕੱਢ ਕੇ ਢੋਂਹਦੇ ਰਹੇ। 4 ਜੁਲਾਈ ਤਕ ਹਰਿਮੰਦਰ ਸਾਹਿਬ ਦੇ ਤਲਾਅ ਤੇ ਫਿਜ਼ਾ 'ਚੋਂ ਲਾਸ਼ਾਂ ਦੀ ਬੋਅ ਆਉਂਦੀ ਸੀ ਜੋ ਕਿ ਹਿਰਾਵਲ ਦਸਤਾ ਦੇ ਉਥੇ ਪਹੁੰਚੇ ਪੱਤਰ ਪ੍ਰੇਰਕ ਨੇ ਮਹਿਸੂਸ ਕੀਤੀ।

ਦੋ ਕਵਿਤਾਵਾਂ/ ਗੁਰਚਰਨ ਰਾਮਪੁਰੀ

## ੧. ਨਿਖੇੜਾ

ਇਹ ਰੌਲਾ ਪੰਥ, ਉੱਮਤ, ਧਰਮ ਦਾ ਰੌਲਾ ਨਹੀਂ ਹੈ
ਮੇਰੀ ਉੱਨ ਦਾ ਹੈ।
ਪ੍ਰਸ਼ਨ ਤਾਂ ਸਿਰਫ਼ ਏਨਾਂ ਹੈ
ਕਿ ਮੈਨੂੰ ਕੌਣ ਮੁੰਨਦਾ ਹੈ?

ਇਹ ਤਿੱਖੀਆਂ ਕੈਂਚੀਆਂ ਮੇਰੇ ਦੁਆਲੇ ਨੱਚ ਰਹੀਆਂ ਨੇ,
ਇਹ ਲੋਭੀ ਛੁਰੀਆਂ ਮੇਰੇ ਦੁਆਲੇ ਹੌਂਕ ਰਹੀਆਂ ਨੇ
ਜੋ ਆਫਰ ਕੇ ਵੀ ਭੁੱਖੀਆਂ ਨੇ।
ਇਨ੍ਹਾਂ ਦੀ ਭੁੱਖ ਮੇਰੀ ਉੱਨ ਤੇ ਆ ਕੇ ਨਹੀਂ ਮਿੱਟਦੀ
ਲਹੂ ਤੇ ਮਾਸ ਵੀ ਮੇਰਾ ਇਨ੍ਹਾਂ ਦੀ ਨਜ਼ਰ ਦੇ ਵਿੱਚ ਹੈ।
ਤੇ ਹੁਣ ਮੈਂ ਸੋਚਿਆ ਹੈ
ਕਿ ਇਨ੍ਹਾਂ ਖਾਤਰ ਬਲੀ ਚੜ੍ਹਨੋਂ ਚੰਗੇਰਾ ਹੈ:
ਇਨ੍ਹਾਂ ਦੀ ਖੇਡ ਨੂੰ ਸਮਝਾਂ
ਮੈਂ ਆਪਣੀ ਭੇਡ ਖੁਦ ਮਾਰਾਂ
ਤੇ ਸ਼ੇਰਾਂ ਨੂੰ ਕੋਈ ਮੁੰਨਦਾ ਨਹੀਂ ਹੈ।
●

## ੨. ਨਾਗ ਤੇ ਰਾਗ

ਘਰ ਵਿੱਚ ਕਾਲ਼ਾ ਨਾਗ
ਸਪੇਰਾ ਤੌਂਤੀਆਂ ਧੁਨਾਂ ਵਜਾਵੇ;
ਜਿਵੇਂ ਮਦਾਰੀ ਚਾਹੇ
ਨਾਗ ਓਦਾਂ ਝੂਮੇ, ਲਹਿਰਾਵੇ।

ਬੀਨ ਦੀਆਂ ਲੰਮੀਆਂ ਹੇਕਾਂ ਨੇ ਸਾਡਾ ਲਹੂ ਸੁਕਾਇਆ
ਮੈਂ ਜਾਣਾਂ ਇਹ ਨਾਗ ਸਪੇਰਾ ਆਪ ਸਿਰੇ ਘਰ ਲਿਆਇਆ।
ਨਾਗ ਵੀ ਡੰਗੇ, ਰਾਗ ਵੀ ਡੰਗੇ
ਦੋਵੇਂ ਅਤਿ ਜ਼ਹਿਰੀਲੇ,
ਟੱਬਰ ਮੇਰਾ ਖੂੰਜੀਂ ਲੱਗਿਆ ਵਿਲਕੇ,
ਭੈਅ ਦੀ ਵਿਹੁ ਵਾ ਦੇ ਵਿੱਚ ਤਣੀ ਹੋਈ ਹੈ।

ਸੱਪ, ਸਪੇਰਾ ਦੋਵੇਂ ਸਾਡੇ ਵੈਰੀ,
ਦੋਧਾਰੀ ਦੀ ਸ਼ਰਨ ਲਵਾਂ ਹੁਣ
ਜਾਂ ਦੋ ਤੀਰ ਕਮਾਨੇ ਚਾੜ੍ਹਾਂ
ਇਸ ਵਿੱਚ ਹੀ ਸਾਡੀ ਮੁਕਤੀ ਹੈ।
●● (NORTH VANCOUVER, B.C.)

ਗੁਰਚਰਨ ਰਾਮਪੁਰੀ ਦਾ ਪੰਜਵਾਂ ਕਾਵਿ-ਸੰਗ੍ਰਹਿ:
ਕੰਚਨੀ

ਇਕਬਾਲ ਰਾਮੂਵਾਲੀਆ ਦਾ ਨਵਾਂ ਕਾਵਿ-ਸੰਗ੍ਰਹਿ:
ਕੁਝ ਵੀ ਨਹੀਂ

ਇਕਬਾਲ ਰਾਮੂਵਾਲੀਆ

## ਪੌਣ ਹੱਥ ਸੁਨੇਹਾਂ ਨਹੀਂ

ਮੁਹੱਬਤ ਦਾ ਸੁਨੇਹਾਂ
ਪੌਣ ਦੇ ਹੱਥੀਂ ਨਾ ਜਾਵੇਗਾ

ਹੁਣ ਪੌਣ ਨੇ ਫੁੱਲਾਂ 'ਚੋਂ ਨਹੀਂ
ਬੰਦਿਆਂ ਦੇ ਜੰਗਲ 'ਚੋਂ ਗੁਜ਼ਰਨਾ ਹੈ
ਜਿੱਥੇ ਭਾਸ਼ਨਾਂ 'ਚ ਸੜ ਰਹੀ ਛਾਂ ਹੈ
ਤੇ ਨੇਜ਼ਿਆਂ 'ਚ ਟੰਗੀ ਪਨਾਹ ਹੈ।
ਉਥੇ ਵੰਡ ਕਿਰਚਣੀ ਦਾ ਖੜਕਾ ਹੈ
ਤੇ ਮੂੰਹਾਂ 'ਚੋਂ ਡਿਗਦੇ ਲਾਵੇ ਦਾ ਬਦਸ਼ਕਲ ਵਹਾਓ।
ਕਰਫਿਊ - ਵਲੂੰਧਰੀਆਂ ਗਲੀਆਂ 'ਚ
ਮਨੁੱਖੀ ਸਿਰਾਂ ਉੱਤੇ ਹਥਿਆਰਬੰਦ ਸਿੰਗ ਉੱਗਣ ਦਾ
ਤੇ ਹੱਥਾਂ ਬਾਹਾਂ ਦੇ ਕੰਡਿਆਲੀਆਂ ਲੱਤਾਂ 'ਚ ਬਦਲਣ ਦਾ
ਤੇਜ਼ੀ ਨਾਲ ਵਾਪਰ ਰਿਹਾ ਚਮਤਕਾਰ ਹੈ
ਕੀਰਤਨ ਅਤੇ ਵੈਣਾਂ ਦੇ ਵਿਚਾਲੇ
ਕਾਰਤੂਸਾਂ ਦੀ ਛਾਵਣੀ ਦਾ ਰੂਪ ਰਿਹਾ ਮੋਟਾਪਾ ਹੈ,
ਤੇ ਗੀਤਾਂ ਦਾ ਗੂੰਗਾ ਹੋ ਰਿਹਾ ਨਿਰੰਤਰ ਸਫ਼ਰ।

ਪੌਣ ਜਿਹੜੀ ਵੀ ਛੱਤ ਉੱਤੋਂ ਲੰਘੇਗੀ
ਉਥੇ ਦਾੜ੍ਹੀਆਂ ਦੀ ਭਖ ਰਹੀ ਧੂਣੀ ਹੋਵੇਗੀ
ਜਾਂ ਤਿਓੜਦੇ ਹੋਏ ਤਿਲਕਾਂ ਦੀ ਢੇਰੀ।
ਘਰਾਂ 'ਚ ਸਹਿਮੇ ਹੋਣਗੇ
ਲਹੂ 'ਚ ਗੜੁੱਚ ਪਰਛਾਵੇਂ
ਜਾਂ ਸਾਹ ਉੱਤੇ ਖਿਸਰ ਰਹੀਆਂ ਤਲਵਾਰਾਂ ਦੀ ਘੁਸਰ ਮੁਸਰ।
ਬੰਦੇ ਹੁਣ ਨਿਸ਼ਾਨੇ ਹੀ ਰਹਿ ਗਏ ਨੇ
ਜਾਂ ਅੰਨ੍ਹੇਵਾਹ ਚੱਲ ਰਹੇ ਹਥਿਆਰਾਂ ਦੇ ਕਲ-ਪੁਰਜ਼ੇ

ਮੁਹੱਬਤ ਦਾ ਸੁਨੇਹਾਂ
ਪੌਣ ਦੇ ਹੱਥੀਂ ਨਾ ਜਾਵੇਗਾ
● (TORONTO, ONTARIO)

ਸੁਰਿੰਦਰ ਧੰਜਲ

# ਪੰਜਾਬ: ਪੰਜ-ਆਬ ਤੋਂ ਢਾਈ-ਆਬ ਤੱਕ

1.

ਉਸ ਆਰੇ ਦਾ ਨਾਮ ਕੀ ਸੀ ਮੇਰੇ ਯਾਰੋ
ਕੋਈ ਸੈਂਤੀ ਕੁ ਵਰ੍ਹੇ ਪਹਿਲਾਂ ਜਿਸ ਨਾਲ ਵੱਢਿਆ
ਮੈਂ ਪੰਜ-ਆਬ ਤੋਂ ਢਾਈ-ਆਬ ਬਣ ਗਿਆ

ਊਧਮ ਸਿੰਘ ਦੀ ਆਜ਼ਾਦ ਰੂਹ ਨੂੰ ਸਦੀਆਂ ਦੀ ਕਿਹੀ ਸੁਗਾਤ ਮਿਲੀ ਸੀ
ਕਿ ਰਾਮ ਮੁਹੰਮਦ ਸਿੰਘ ਨਾਲੋਂ ਮੁਹੰਮਦ ਜਲਾਵਤਨ ਹੋ ਗਿਆ

ਲਹੂ 'ਚ ਗੜੁੱਚ
ਸਲਵਾਰਾਂ, ਤੜਾਗੀਆਂ, ਕੁੜਿਆਂ, ਟੋਪੀਆਂ ਤੇ ਪੱਗਾਂ ਦਾ ਕਬਰਸਤਾਨ,
ਲੀਰੋ ਲੀਰ ਹੋਈ ਧਰਮ-ਪੁਸਤਕ ਦਾ ਗੰਦੇ ਨਾਲੇ 'ਚ ਫਸਿਆ ਟਾਈਟਲ ਪੇਜ਼,
ਜਾਂ ਅਪਾਹਜ ਨਾਹਰਿਆਂ 'ਚ ਜੰਮਿਆ ਇੱਕ ਜ਼ਖ਼ਮ –
ਮੈਂ ਰੋਜ਼ ਰਾਤ ਨੂੰ ਉੱਚੜ ਜਾਂਦਾ ਹਾਂ

ਟੱਪਰੀਵਾਸ ਨਾਹਰਿਆਂ ਦੇ ਆਸ਼ਕਾਂ ਨੂੰ
ਇਹ ਜ਼ਖ਼ਮ ਸ਼ਾਇਦ ਆਠਰ ਚੁੱਕਾ ਲਗਦਾ ਹੈ
ਪਰ ਧੁਖਦੇ ਸਿਵੇ ਵਰਗੇ ਜ਼ਖ਼ਮ ਕਦੋਂ ਆਠਰਦੇ, ਕਦੋਂ ਭੁਲਦੇ ਨੇ ਭਲਾ

... ਤੇ ਇਹ ਅਨਰਥ ਵੀ ਮੇਰੇ ਨਾਲ ਹੀ ਹੋਣਾ ਸੀ
ਕਿ ਸਵਾ ਨਦੀ ਵਿੱਚ ਖ਼ੂਨ ਅਤੇ ਸਵਾ ਨਦੀ ਵਿੱਚ
ਚਿੱਕੜ ਹੀ ਬਾਕੀ ਬਚੇ... ... ...

2.

ਸਵਾ ਨਦੀ ਵਿੱਚ ਵਹਿੰਦੇ ਖ਼ੂਨ ਦੀ ਦਾਸਤਾਨ ਲਿਖਣ ਬੈਠਿਆਂ
ਕਿੰਨੀਆਂ ਹੀ ਕਲਮਾਂ ਬਦਲ ਚੁੱਕਾ ਹਾਂ
ਅੰਤਮ ਕਾਂਡ ਦੀਆਂ ਕੁਝ ਕੁ ਸਤਰਾਂ ਲਿਖਕੇ
ਹਰ ਕਲਮ ਲਹੂ ਦੇ ਅੱਥਰੂ ਕੇਰਨ ਲੱਗ ਪੈਂਦੀ ਹੈ
ਭੂਤਰੀਆਂ ਤੋਪਾਂ – ਬਦਮਸਤ ਟੈਂਕ – ਮਸ਼ੀਨੀ ਹੱਥਾਂ 'ਚ ਫੜੀਆਂ ਮਸ਼ੀਨ-ਗੰਨਾਂ,
ਪੁਰਜਾ ਪੁਰਜਾ ਕੱਟੀ, ਚੱਪਾ ਚੱਪਾ ਕਤਲਗਾਹ ਬਣੀ ਧਰਤੀ –
ਇਨ੍ਹਾਂ ਬਾਰੇ ਸੁੱਕੀਆਂ ਅੱਖਾਂ ਨਾਲ ਲਿਖ ਸਕਣਾ ਕੋਈ ਸੌਖਾ ਹੈ ਭਲਾ

ਬਿਰਲਾ-ਮੰਦਰ ਤੋਂ ਹਰਿਮੰਦਰ ਤੱਕ
ਨਾਹਰਿਆਂ, ਲਾਰਿਆਂ ਤੇ ਕਾਰਿਆਂ ਦਾ ਇਹ ਖ਼ੂਨੀ ਸਫ਼ਰ
ਉਸ ਪਾਪਣ ਨਾਲ ਸ਼ੁਰੂ ਹੁੰਦਾ ਹੈ, ਜਿਸਨੂੰ ਕੁਰਸੀ ਆਖਦੇ ਨੇ
ਕੁਰਸੀ ਦੀ ਉਮਰ ਲੰਬੀ ਕਰਨ ਦੇ ਆਹਰ ਵਿੱਚ
ਕਿਸਨੂੰ ਜ਼ਰੂਰਤ ਸੀ ਸੋਚਣ ਦੀ
ਕਿ ਭਵਨ, ਮੰਦਰ, ਗੁਰਦੁਆਰੇ ਵਿੱਚ
ਸੰਵਿਧਾਨ, ਗੀਤਾ, ਗਰੰਥ ਤੋਂ ਬਿਨਾਂ ਹੋਰ ਕੀ ਕੀ ਵਸਦਾ ਹੈ

ਰਵਾ ਨੂੰ ਹੁਕਮ ਹੋਇਆ:
– ਸਾਰ ਲੈਣ ਵਾਲੀ ਹਰ ਇਮਾਰਤ ਦਾ ਨਕਸ਼ਾ ਦੇਖਕੇ
ਸਿਗਰਟਾਂ, ਗਊਆਂ ਦੇ ਸਿਰ, ਮਨੁੱਖਾਂ ਦੀਆਂ ਖੋਪਰੀਆਂ,
ਤਗ਼ਮੇ ਜਾਂ ਪੁਲਸ-ਮੁਕਾਬਲੇ ਵੰਡਦੀ ਜਾਵੇ
– ਮੇਰੀ ਧਰਤੀ 'ਤੇ ਜੋ ਇਨਸਾਨ ਵਸਦੇ ਨੇ
ਉਨ੍ਹਾਂ ਦੇ ਨਾਮ ਬਦਲਕੇ ਪੱਗੜੀ ਅਤੇ ਟੋਪੀ ਰੱਖ ਦੇਵੇ
– ... ਅਤੇ ਫੇਰ ਅੰਤਮ ਕਾਂਡ
ਕਿ ਪੱਗਾਂ ਦੀਆਂ ਲਾਸ਼ਾਂ ਦੇ ਢੇਰ ਲਾ ਦੇਵੇ
ਤਾਂ ਜੁ ਕੁਰਸੀ ਦੀਆਂ ਲੱਤਾਂ ਹੇਠ ਗੱਡੀਆਂ ਸੰਦੂਕੜੀਆਂ ਨੇੜੇ
ਟੋਪੀਆਂ ਦੀ ਗਿਣਤੀ ਵਧ ਸਕੇ

ਊਧਮ ਸਿੰਘ ਦੀ ਆਜ਼ਾਦ ਰੂਹ ਦੀ ਛਾਤੀ 'ਤੇ ਇਹ ਦੂਜਾ ਫੱਟ ਹੈ –
ਡਾਇਰ ਅਤੇ ਓਡਵਾਇਰ ਇਸ ਵਾਰ ਲੰਡਨ 'ਚੋਂ ਨਹੀਂ,
ਦਿੱਲੀ 'ਚੋਂ ਆਏ ਹਨ

3.

ਸਵਾ ਨਦੀ 'ਚ ਬਚੇ ਚਿੱਕੜ ਦੀ ਦਾਸਤਾਨ ਲਿਖਣ ਬੈਠਿਆ ਹਾਂ
ਤਾਂ ਪਤਾ ਨਹੀਂ ਸਾਫ਼-ਸੁਥਰਾ, ਪੀਣ ਜੋਗ, ਸੀਤਲ ਪਾਣੀ
ਮੁੜਕੇ ਕਦੋਂ ਨਸੀਬ ਹੋਵੇਗਾ

ਪੂਰਨ ਸਿੰਹਾਂ!
ਪੰਜਾਬ ਹੁਣ ਗੁਰੂ ਦੇ ਨਾਮ 'ਤੇ ਨਹੀਂ
ਪੱਗਾਂ ਅਤੇ ਟੋਪੀਆਂ ਦੇ ਨਾਮ 'ਤੇ ਜਿਊਂਦਾ ਹੈ

ਚਿੱਕੜ ਦੇ ਪੁਜਾਰੀ ਕਹਿ ਰਹੇ ਨੇ:
ਸਾਨੂੰ ਭਗਤ ਸਿੰਘ ਦੇ ਨਾਲ ਰਾਜਗੁਰੂ ਤੇ ਸੁਖਦੇਵ ਨਹੀਂ ਚਾਹੀਦੇ –
ਸਾਨੂੰ ਸਰਾਭੇ ਦੇ ਨਾਲ ਪਿੰਗਲੇ ਦੀ ਕੋਈ ਲੋੜ ਨਹੀਂ –
ਨੰਦ ਲਾਲ ਨੂਰਪੁਰੀ ਨੂੰ ਕੋਈ ਹੱਕ ਨਹੀਂ
ਜੁਝਾਰ ਦੀ ਕਲਗੀ ਨੂੰ ਚੁੰਮ ਚੁੰਮ ਵੇਖਣ ਦਾ –
ਨਾ ਸ਼ਿਵ ਕੁਮਾਰ ਨੂੰ ਹੱਕ ਹੈ ਕੋਈ
ਕਿਸੇ ਵੀ ਦਿਸਦੇ ਅਣਦਿਸਦੇ ਹੰਝੂ ਦਾ ਦੀਵਾ ਬਾਲਕੇ
ਗੁਰੂ ਦੀ ਆਰਤੀ ਉਤਾਰਨ ਦਾ

ਮੇਰੇ ਜ਼ਖ਼ਮਾਂ ਨੂੰ ਭੁੱਲਕੇ ਕੁਝ ਟੱਪਰੀਵਾਸ ਨਾਹਰੇ
ਵਾਸ਼ਿੰਗਟਨ, ਲੰਡਨ, ਮਾਸਕੋ ਜਾਂ ਲਾਹੌਰ 'ਚੋਂ – ਪਤਾ ਨਹੀਂ ਕਿੱਥੋਂ
ਲੈ ਆਏ ਨੇ ਸ਼ੈਤਾਨੀ ਕੂੜੇ 'ਚ ਲਪੇਟਕੇ
ਮੈਨੂੰ ਟੋਟੇ ਟੋਟੇ ਕਰਨ ਦੀ ਬੇਸ਼ਰਮ ਸੁਗਾਤ
ਅਪਾਹਜ ਨਾਹਰੇ ਨੂੰ ਮੇਰੇ ਫੱਟਾਂ 'ਤੇ ਮੱਲ੍ਹਮ ਦਾ ਇਕਲੌਤਾ ਫਹਿਆ ਕਹਿਣ ਵਾਲਿਓ!
ਪਿਛਲੱਗ ਬੱਚਿਆਂ ਦੇ ਕੋਈ ਦਾਦਕੇ ਨਹੀਂ ਹੁੰਦੇ!

ਆਪਣਾ ਉੱਜੜਿਆ ਘਰ ਵਸਾਉਣ ਲਈ ਮੈਨੂੰ ਅਪਾਹਜ ਨਾਹਰੇ ਨਹੀਂ
ਰਾਮ ਮੁਹੰਮਦ ਸਿੰਘ ਵਰਗੇ 'ਆਜ਼ਾਦ' ਮਨੁੱਖਾਂ ਦੀ ਜ਼ਰੂਰਤ ਹੈ

ਉਂਞ ਭਲਾ
ਉਸ ਆਰੇ ਦਾ ਨਾਮ ਕੀ ਸੀ ਚਿੱਕੜ ਦੇ ਪੁਜਾਰੀਓ!
ਕੋਈ ਸੈਂਤੀ ਕੁ ਵਰ੍ਹੇ ਪਹਿਲਾਂ ਜਿਸ ਨਾਲ ਵੱਢਿਆ
ਮੈਂ ਪੰਜ -ਆਬ ਤੋਂ ਢਾਈ-ਆਬ ਬਣ ਗਿਆ ਸਾਂ

### ੪.

ਧਰਤੀ ਤੋਂ ਅਸਮਾਨ ਤੱਕ ਮੇਰੀ ਰੂਹ ਜ਼ਖ਼ਮੀ ਹੈ
ਕਾਲਖ਼ੀ-ਮੌਸਮਾਂ ਵਿੱਚ ਮੈਂ ਤਾਰੇ ਵਾਂਗ ਟੁਟਦਾ ਹਾਂ
ਅਤੇ ਟੁਕੜਾ ਟੁਕੜਾ ਆਪਣੇ ਹੀ ਪੈਰਾਂ ਹੇਠ ਦਰੜਿਆ ਜਾਂਦਾ ਹਾਂ

ਸੰਗੀਨਾਂ ਦੀ ਛਾਂ ਹੇਠ
ਆਪਣੀ ਹੀ ਚਾਰ ਦੀਵਾਰੀ 'ਚ ਕੈਦ ਹੋਣਾ ਅਪਰਵਾਨ ਹੈ ਮੈਨੂੰ -
ਫ਼ੌਜੀ ਬੂਟਾਂ ਹੇਠ ਖੰਡਰਾਤ ਜਿਹਾ ਬਣ ਜਾਣਾ ਅਪਰਵਾਨ ਹੈ ਮੈਨੂੰ -
ਖੇਤਾਂ 'ਚ ਟੋਪਿਆਂ, ਟਲੀਆਂ, ਸਿੱਟਿਆਂ ਨਾਲ ਕਲੋਲਾਂ ਕਰਦੀ ਹਵਾ 'ਚ
ਮੁਜਰਮਾਂ ਵਾਂਗ ਸਾਹ ਲੈਣਾ ਅਪਰਵਾਨ ਹੈ ਮੈਨੂੰ -

ਮੈਂ ਰਾਜਧਾਨੀ ਦੇ ਰਲਾ-ਮਿਲ ਦਾ
ਕੋਈ ਇੱਛਾਧਾਰੀ ਸੱਪ ਵਰਗਾ ਅਦਾਕਾਰ ਨਹੀਂ-
ਮੈਂ ਮਹਿੰਗੇ ਕਾਗਜ਼ 'ਤੇ ਛਪੇ
ਕਿਸੇ ਚੋਣ-ਮੈਨੀਫੈਸਟੋ ਦਾ ਕੋਈ ਰੰਗੀਨ ਵਰਕਾ ਨਹੀਂ
ਜੋ ਪੰਜ ਵਰ੍ਹਿਆਂ ਲਈ ਕਿਸੇ ਅਲਮਾਰੀ ਦੀ ਗੁਫ਼ਾ 'ਚ ਛੁਪ ਜਾਵਾਂਗਾ-
ਮੈਂ ਤਾਂ ਚਾਤ੍ਰਿਕ, ਸਫ਼ਰ ਤੇ ਮੋਹਣ ਸਿੰਘ ਦੇ ਪੰਜਾਬ ਦੀ
ਅਣਵੰਡੀ ਰੂਹ ਵਰਗਾ, ਪੰਜ-ਆਬ ਤੋਂ ਬਾਕੀ ਬਚਿਆ ਢਾਈ-ਆਬ ਹਾਂ-
ਆਪਣਾ ਸੱਚ ਮੈਂ ਕਿਸੇ ਬੰਦ ਪੁਸਤਕ 'ਤੇ ਹੱਥ ਰੱਖਕੇ ਨਹੀਂ
ਖੁੱਲ੍ਹੀ ਪੁਸਤਕ ਦੇ ਸਾਹਮਣੇ ਖੜ੍ਹਕੇ ਕਹਾਂਗਾ... ...

ਮੁਰੀਦਾਂ ਦਾ ਹਾਲ ਕਹਿਣ ਦਾ ਸਮਾਂ ਆਇਆ
ਤਾਂ ਕਹਿ ਦੇਵਾਂਗਾ:
ਮੈਨੂੰ ਮਾਨਸ ਜਾਤ 'ਚ ਨਹੀਂ
ਮਕਤੂਲਾਂ ਦੀ ਕਤਾਰ 'ਚ ਏਕੈ ਪਹਿਚਾਨਿਆ ਗਿਆ ਸੀ-
ਕੁਪੱਤੀ ਮਲਕਾ ਦਾ ਬੇਪੱਤ ਕੀਤਾ ਹੋਇਆ
ਕਸ਼ਮੀਰੀ ਪੰਡਤ ਵਰਗਾ ਮੇਰਾ ਨਿਮਾਣਾ ਮੂੰਹ
ਤੇਰੇ ਦਰਬਾਰ 'ਚ ਪਹੁੰਚਣ ਤੋਂ ਪਹਿਲਾਂ ਹੀ
ਸਮੁੰਦਰ ਵਿੱਚ ਦਫ਼ਨਾ ਦਿੱਤਾ ਗਿਆ ਸੀ-
ਭਾਈ ਘਨੱਈਏ ਤੋਂ ਮਸ਼ਕ ਖੋਹਕੇ ਮੇਰੇ ਮੂੰਹ 'ਚ ਪਾਣੀ ਨਹੀਂ
ਜ਼ਹਿਰ ਪਾਇਆ ਗਿਆ ਸੀ

ਤੱਤੀ ਤਵੀ ਦੇ ਰੂਬਰੂ ਹੋਇਆ
ਤਾਂ ਕਹਿ ਦੇਵਾਂਗਾ:
ਲਾਸ਼ਾਂ ਅਤੇ ਲਿਖਤਾਂ ਦੇ ਅੰਬਾਰ 'ਚੋਂ
ਚੰਦੂ, ਪ੍ਰਿਥੀਏ ਅਤੇ ਭਾਈ ਗੁਰਦਾਸ ਦਾ ਫ਼ਰਕ ਪਛਾਨਣਾ
ਮੁਸ਼ਕਲ ਹੋ ਗਿਐ ਮਹਾਨ ਸੰਪਾਦਕ!

ਉਦਾਸੀਆਂ ਤੋਂ ਵਾਪਸ ਪਰਤੀ, ਕੁੰਡਲ ਦੇ ਸੱਪਾਂ ਦੀ ਡਸੀ ਹੋਈ
ਰੂਹ ਨੂੰ ਕਹਿ ਦੇਵਾਂਗਾ:
ਹੇ ਗੁਰੂ! ਮੈਂ ਤੇਰੀ ਗਲੀ 'ਚ ਤਲੀ 'ਤੇ ਕੁਝ ਵੀ ਧਰਕੇ ਨਹੀਂ ਆਇਆ
ਮੇਰਾ ਸਿਰ ਤਾਂ ਕੱਟਕੇ ਕਾਂਵਾਂ ਕੁੱਤਿਆਂ ਨੂੰ ਪਾ ਦਿੱਤਾ ਗਿਆ ਹੈ-
ਆਸਾਮ ਵਿੱਚ ਕਬੀਰ ਦੇ ਇੱਕੋ ਨੂਰ ਦਾ ਹੋਕਾ ਦੇਣ ਗਿਆ
ਤੇਰਾ ਆੜੀ ਮਰਦਾਨਾ ਪਿਛਲੇ ਸਾਲ ਦਾ ਹੀ ਲਾ-ਪਤਾ ਹੈ

ਗੀਤਾ ਦੇ ਰੂਬਰੂ ਹੋਇਆ ਤਾਂ ਕਹਿ ਦੇਵਾਂਗਾ:
ਸੰਦੂਕੜੀਆਂ ਤੇ ਪਰਚੀਆਂ ਦੇ ਜੂਏ ਵਿੱਚ
ਇਸ ਵਾਰ ਜਿਉਂਦੀ ਦਰੋਪਦੀ ਦੀ ਪੱਤ ਹੀ ਨਹੀਂ,
ਮੋਈ ਦਰੋਪਦੀ ਦੀ ਖੋਪਰੀ ਵੀ ਲਾਈ ਗਈ ਹੈ-

ਕੁੰਤੀ ਨੇ ਇਸ ਵਾਰ ਜੰਗ ਦਾ ਬਿਗਲ ਵਜਾਉਣ ਤੋਂ ਪਹਿਲਾਂ
ਕਿਸੇ ਕਰਣ ਤੋਂ ਕਿਸੇ ਅਰਜਨ ਦੀ ਭੀਖ ਨਹੀਂ ਮੰਗੀ-
ਚੱਕਰ-ਵਿਊਹ ਦਾ ਇਹ ਕੇਹਾ ਦੁਖਾਂਤ ਹੈ
ਕਿ ਕਿੰਨੇ ਹੀ ਅਣਜੰਮੇ ਅਭਿਮੰਨੂ, ਕਿੰਨੇ ਹੀ ਨਿਹੱਥੇ ਨਕੁਲ ਤੇ ਸਹਿਦੇਵ
ਟੈਂਕਾਂ ਹੇਠ ਦਰੜੇ ਗਏ-
ਅਤੇ ਮਹਾਂ-ਭਾਰਤ ਦੀ ਜਿੱਤ ਦੀ ਝੰਡਾ ਇਸ ਵਾਰ ਅਰਜਨ ਨੇ ਨਹੀਂ
ਦੁਰਜੋਧਨ ਨੇ ਝੁਲਾਇਆ ਹੈ

ਰਾਮਾਇਣ ਦੇ ਰੂਬਰੂ ਹੋਇਆ ਤਾਂ ਕਹਿ ਦੇਵਾਂਗਾ:
ਸਭ ਮਰਯਾਦਾ ਟੁੱਟ ਚੁੱਕੀਆਂ ਨੇ ਮਰਯਾਦਾ ਪਰਸ਼ੋਤਮ!
ਭਰਾਵਾਂ ਦੀਆਂ ਸੈਂਕੜੇ ਜੋੜੀਆਂ
ਮੌਤ ਦਾ ਬਣਵਾਸ ਭੋਗਣ ਤੁਰ ਗਈਆਂ-
ਕਿੰਨੇ ਹੀ ਦਸਰਥ, ਜਿੰਨ੍ਹਾਂ ਸਰਵਣ ਦੇ ਤਾਂ ਕੀ
ਚਿੜੀ ਦੇ ਵੀ ਤੀਰ ਨਹੀਂ ਸੀ ਮਾਰਿਆ,
ਕੱਚੇ ਕੋਠਿਆਂ ਤੋਂ ਛਾਲਾਂ ਮਾਰ ਮੁੱਕੇ ਨੇ-
ਕਿਹੜੇ ਜੰਗ 'ਚ ਟੁੱਟੇ, ਕਿਹੜੇ ਪਹੀਏ ਦਾ ਵਰ ਜਾਂ ਸਰਾਪ ਹੈ
ਕਿ ਤਖ਼ਤ 'ਤੇ ਹੁਣ ਤੇਰੀਆਂ ਖੜਾਵਾਂ ਨਹੀਂ,
ਕੈਕਈ ਅਤੇ ਭਰਤ ਬੈਠਦੇ ਨੇ

### ੫.

ਧਰਤੀ ਦੀ ਗਰਦਸ਼!
ਮੇਰੀਆਂ ਕਾਤਲ ਸੰਦੂਕੜੀਆਂ ਨੂੰ ਕਹਿਣਾ:
ਹੁਣ ਮੇਰੇ ਲੋਕਾਂ ਦੇ ਹੱਥਾਂ 'ਚ ਪਰਚੀਆਂ ਨਹੀਂ
ਸੰਦੂਕੜੀਆਂ ਦੀਆਂ ਢਾਕੜਾਂ ਹੋਣਗੀਆਂ

ਸੂਰਜ ਦੀ ਗਰਮੀ!
ਖੇਤਾਂ, ਫ਼ੈਕਟਰੀਆਂ, ਬੰਦੂਕਾਂ ਨੂੰ ਕੋਸੀ ਕੋਸੀ ਰੋਸ਼ਨੀ ਵੰਡ
ਕਿ ਗੰਦਾ ਖ਼ੂਨ ਸਾਫ਼ ਹੋ ਸਕੇ

ਚੰਦ ਦੀ ਚਾਨਣੀ!
ਕਿਸੇ ਨਾ ਕਿਸੇ ਦਿਨ
ਮੈਂ ਤੇਰੇ ਚੌਪਾਏ ਜੋਬਨ ਵਰਗਾ ਕੋਈ ਸ਼ਬਦ
ਧਰਤੀ ਦੇ ਹਰ ਦਰਵਾਜ਼ੇ 'ਤੇ ਉਦਾਹਰਣ ਵਾਂਗ ਉਕਰ ਦੇਵਾਂਗਾ।

•

ਸੁਰਿੰਦਰ ਧੰਜਲ ਦਾ ਪਹਿਲਾ ਕਾਵਿ ਸੰਗ੍ਰਹਿ:
ਸੂਰਜਾਂ ਦੇ ਹਮਸਫ਼ਰ

•

ਸਾਧੂ ਦੀਆਂ ਦੋ ਸਾਹਿੱਤ-ਕਿਰਤਾਂ: ਮੌਨੇ ਰੰਗੀ ਸੜਕ (ਕਾਵਿ-ਸੰਗ੍ਰਹਿ), ਕਿਸ ਦਾ ਕਸੂਰ? (ਕਹਾਣੀ-ਸੰਗ੍ਰਹਿ)
ਇਕਬਾਲ ਰਾਮੂਵਾਲੀਆ, ਸੁਰਿੰਦਰ ਧੰਜਲ ਅਤੇ ਸੁਖਿੰਦਰ ਦਾ ਸਾਂਝਾ ਕਾਵਿ-ਸੰਗ੍ਰਹਿ: ਤ੍ਰਿੰਨ ਕੋਣ
ਅਮਰਜੀਤ ਚਾਹਲ ਦਾ ਕਹਾਣੀ-ਸੰਗ੍ਰਹਿ: ਬਾਹਰੋਂ ਆਇਆ ਆਦਮੀ

ਸਾਧੂ

## ਸ਼ਾਂਤੀ ਤੇ ਧਰਮ

ਰਜਧਾਨੀ ਦੀਆਂ ਕੁਰਸੀਆਂ 'ਤੇ ਬੈਠਣ ਵਾਲੇ
ਧਰਮ-ਅਸਥਾਨਾਂ 'ਤੇ ਮੰਜੀਆਂ ਮੱਲਣ ਵਾਲੇ
ਇੱਕੋ ਪੰਛੀ ਦੇ ਖੰਭ ਸਾਰੇ
ਇੱਕੋ ਰੱਸੇ ਬੰਨ੍ਹਣ ਵਾਲੇ
ਆਓ ਇਹਨਾਂ ਨੂੰ ਪੁੱਛੀਏ
ਕਿਹਨੇ ਦਿੱਤਾ ਹੈ ਇਹ ਹੱਕ ਇਹਨਾਂ ਨੂੰ
ਇਹ ਸਾਡੇ ਵਿਹੜਿਆਂ 'ਚ
ਟੈਂਕਾਂ ਤੋਪਾਂ ਦਾ ਨੰਗਾ ਨਾਚ ਕਰਨ

ਕੁਰਸੀਆਂ ਵਾਲਿਓ
ਤੁਸੀਂ ਕਿਹੜੀ ਸ਼ਾਂਤੀ ਬਚਾ ਰਹੇ ਹੋ?
ਸ਼ਾਂਤੀ ਜਿਹੜੀ ਨਾਗਾਲੈਂਡ ਤੇ ਮੀਜ਼ੋਰਮ ਵਿੱਚ ਹੈ
ਸ਼ਾਂਤੀ ਜਿਹੜੀ ਬੰਗਾਲ, ਬਿਹਾਰ ਤੇ ਆਂਧਰਾ ਦੇ ਜੰਗਲਾਂ ਵਿੱਚ
ਤੁਹਾਡੀ ਸੰਗੀਨ 'ਚ ਪਰੁੰਨੀ ਪਈ ਹੈ
ਸ਼ਾਂਤੀ ਜਿਹੜੀ ਅਹਿਮਦਾਬਾਦ ਤੇ ਕਦੀ ਬੰਬਈ 'ਚ
ਹਿੰਦੂਆਂ ਅਤੇ ਮੁਸਲਮਾਨਾਂ ਵਿਚਾਲੇ ਦਮ ਤੋੜਦੀ ਹੈ
ਸ਼ਾਂਤੀ ਜਿਹੜੀ ਦੇਸ ਭਰ 'ਚ
ਕਰੋੜਾਂ ਗਰੀਬਾਂ ਦੇ ਪੇਟਾਂ 'ਚ ਕੁਰਬਲ ਕੁਰਬਲ ਕਰਦੀ ਹੈ
ਸ਼ਾਂਤੀ ਜਿਹੜੀ ਕਾਰਖਾਨਿਆਂ 'ਚ ਹੈ, ਖੇਤਾਂ 'ਚ ਹੈ
ਜਾਂ ਸਕੂਲਾਂ ਕਾਲਜਾਂ 'ਚ ਹੈ
ਸ਼ਾਂਤੀ ਜਿਹੜੀ ਦੇਸ਼ ਦੀਆਂ ਸਰਹੱਦਾਂ 'ਤੇ ਹੈ
ਜਾਂ ਸ਼ਾਂਤੀ ਜਿਹੜੀ ਪਿਛਲੇ ਤਿੰਨਾਂ ਸਾਲਾਂ ਤੋਂ ਪੰਜਾਬ 'ਚ ਸੀ
ਹਾਂ, ਘੱਟੋ ਘੱਟ ਇੰਨਾ ਤਾਂ ਦੱਸੋ
ਜਿਹਨੂੰ ਬਚਾਉਣ ਲਈ
ਤੁਸੀਂ ਫੌਜ ਨੂੰ ਨਾਦਰਸ਼ਾਹ ਬਣਨ ਦੀ ਖੁੱਲ੍ਹ ਦਿੱਤੀ ਹੈ
ਉਹ ਸ਼ਾਂਤੀ ਰਹਿੰਦੀ ਕਿੱਥੇ ਹੈ?

ਮੰਜੀਆਂ ਵਾਲਿਓ
ਜ਼ਰਾ ਚਾਨਣ ਪਾਓ
ਕਿਹੜੇ ਧਰਮ ਨੂੰ ਕਿੱਦਾਂ ਖ਼ਤਰਾ ਹੈ
ਧਰਮ ਕੋਈ ਗਰੀਬ ਬੱਚੇ ਦੇ ਹੱਥ ਵਿਚਲਾ ਰੋਟੀ ਦਾ ਟੁਕੜਾ ਹੈ
ਜਿਹਨੂੰ ਕੁੱਤਾ ਖੋਹ ਲਵੇਗਾ
ਧਰਮ ਕੋਈ ਪੱਕੀ ਹੋਈ ਕਣਕ ਦੀ ਫਸਲ ਹੈ
ਜਿਹਨੂੰ ਧਾੜਵੀ ਵੱਢ ਲੈਣਗੇ
ਧਰਮ ਕੋਈ ਗਰੀਬ ਦੀ ਜਵਾਨ ਹੋਈ ਧੀ ਹੈ
ਜਿਹਨੂੰ ਪਟਿਆਲੇ ਵਾਲਾ ਰਾਜਾ ਲੈ ਜਾਵੇਗਾ
ਧਰਮ ਕੋਈ ਕੋਇਲ ਦਾ ਆਂਡਾ ਹੈ
ਜਿਹਨੂੰ ਕਾਂ ਪੀ ਜਾਣਗੇ
ਧਰਮ ਜੋ ਕਿਸੇ ਦੇ ਮਨ ਦਾ ਵਿਸ਼ਵਾਸ —
ਜਜ਼ਬਾ, ਅਹਿਸਾਸ ਜਾਂ ਮਹਿਸੂਸ ਕਰਨ ਦੀ ਸ਼ਕਤੀ ਹੋ ਸਕਦਾ ਹੈ
ਕਿਸ ਤਰਾਂ ਭੰਨਿਆ, ਤੋੜਿਆ, ਲੁੱਟਿਆ ਤੇ ਖੋਹਿਆ ਜਾ ਸਕਦਾ ਹੈ?

ਧਰਮ ਨੂੰ ਖ਼ਤਰਾ ਉਦੋਂ ਹੁੰਦਾ ਹੈ
ਜਦੋਂ ਕੋਈ ਕਿਸੇ ਹੋਰ ਮਕਸਦ ਲਈ
ਖ਼ਤਰਾ ਖ਼ਤਰਾ ਕੂਕੇ
ਤੇ ਸ਼ਾਂਤੀ ਵਿਚਾਰੀ ਨੂੰ ਤਾਂ ਤੁਸੀਂ ਖੁਦ ਹੀ
ਦੇਸ ਦੇ ਕਿਸੇ ਕੋਨੇ 'ਚ ਵੀ ਜੀਣ ਜੋਗੀ ਥਾਂ ਨਹੀਂ ਦਿੰਦੇ
ਫੇਰ ਦੱਸੋ
ਤੁਸੀਂ ਇਹ ਜੰਗ ਕਿਉਂ ਛੇੜੀ ਹੈ?
ਕਿਹਨੇ ਦਿੱਤਾ ਹੈ ਇਹ ਹੱਕ ਤੁਹਾਨੂੰ
ਕਿ ਤੁਸੀਂ ਲੋਕਾਂ ਦੇ ਜਜ਼ਬਿਆਂ ਨੂੰ ਗੇਂਦ ਬਣਾ
ਸਿਆਸੀ ਟੈਨਿਸ ਦਾ ਮੈਚ ਖੇਡੋ
ਤੇ ਜਦੋਂ ਇਸ ਖੇਡ ਤੋਂ ਅੱਕੋ
ਤਾਂ ਇੱਕ ਦੂਜੇ 'ਤੇ ਬਾਰੂਦ ਦੀ ਵਰਖਾ ਕਰੋ
ਵਿੱਚ ਵਿਚਾਲੇ ਲੋਕਾਂ ਦੇ ਘਰ ਤਬਾਹ ਕਰੋ
ਲੋਕਾਂ ਨੂੰ ਉਨ੍ਹਾਂ ਦੇ ਘਰੀਂ ਬੰਦੀ ਬਣਾਓ
ਉਹਨਾਂ ਦੀਆਂ ਮਾਵਾਂ, ਧੀਆਂ, ਭੈਣਾਂ ਨੂੰ
ਤੇ ਬੱਚਿਆਂ ਵਾਂਗੂੰ ਪਾਲੀਆਂ ਫਸਲਾਂ ਨੂੰ
ਫੌਜੀ ਬੂਟਾਂ ਥੱਲੇ ਰਗੜੋ!
ਹਾਂ ਦੱਸੋ: ਕਿਹਨੇ ਦਿੱਤਾ ਹੈ ਇਹ ਹੱਕ ਤੁਹਾਨੂੰ

● (BURNABY, B.C.)

ਅਜਮੇਰ ਰੋਡੇ

## ਮਾਨਸਰੋਵਰ

ਮਾਨਸਰੋਵਰ
ਮਾਨਸਰੋਵਰ ਸੁੱਚਾ
ਮਾਨਸਰੋਵਰ ਸੁੱਚਾ ਸੁੱਚਾ
ਮਾਨਸਰੋਵਰ ਸੁੱਚਾ ਸੁੱਚਾ ਪਾਣੀ
ਮਾਨਸਰੋਵਰ ਸੁੱਚਾ ਸੁੱਚਾ ਪਾਣੀ ਸੋਮਾਂ
ਜਿਸ 'ਚੋਂ ਜਨਮੇ ਪਿਆਰਾ ਸਤਲੁਜ
ਸ਼ਾਹਰਗ ਦੇਸ ਪੰਜਾਬ ਦੀ।

ਮਾਨਸਰੋਵਰ
ਮਾਨਸਰੋਵਰ ਸਾਡੇ
ਮਾਨਸਰੋਵਰ ਸਾਡੇ ਤਨ
ਮਾਨਸਰੋਵਰ ਸਾਡੇ ਤਨ ਤੇ ਮਨ
ਮਾਨਸਰੋਵਰ ਸਾਡੇ ਤਨ ਤੇ ਮਨ ਤੇ ਰੂਹ 'ਚੋਂ
ਤੇਰੇ ਸਦਕਾ ਸਦੀਆਂ ਸਦੀਆਂ
ਆਈ ਮਹਿਕ ਗੁਲਾਬ ਦੀ।

ਏਸ ਸਰੋਵਰ
ਏਸ ਸਰੋਵਰ ਕੰਢੇ
ਏਸ ਸਰੋਵਰ ਕੰਢੇ ਖੜ੍ਹਕੇ
ਏਸ ਸਰੋਵਰ ਕੰਢੇ ਖੜ੍ਹਕੇ ਅੱਜ
ਏਸ ਸਰੋਵਰ ਕੰਢੇ ਖੜ੍ਹਕੇ ਅੱਜ ਕਿਸੇ ਨੇ
ਸੱਚੇ ਸੁੱਚੇ ਪਾਣੀ ਅੰਦਰ
ਮਾਰੀ ਧਾਰ ਪਿਸ਼ਾਬ ਦੀ।

● (RICHMOND, B.C.)

ਅਜਮੇਰ ਰੋਡੇ ਦਾ ਕਾਵਿ-ਸੰਗ੍ਰਹਿ:
ਸੁਰਤੀ

ਸੁਖਿੰਦਰ

## ਜਦੋਂ ਵੀ ਮੌਸਮ ਬਦਲਦਾ ਹੈ

ਜਦੋਂ ਵੀ ਮੌਸਮ ਬਦਲਦਾ ਹੈ –

ਇੱਕ ਬੁੱਢਾ ਹੋ ਗਿਆ ਲੇਖਕ
ਆਪਣੀਆਂ ਲਿਖਤਾਂ ਦੇ ਘੱਟਦੇ ਜਾਂਦੇ ਮੁੱਲ ਤੋਂ ਚਿੰਤਤ ਹੋ
ਆਖਦਾ ਹੈ: ਖ਼ਤਰਾ ਹੈ

ਇੱਕ ਪੱਤਰਕਾਰ, ਜਿਸਦੀ ਪੱਤਰਕਾ ਦੀ ਵਿਕਰੀ ਨਿੱਤ ਦਿਨ ਘਟ ਰਹੀ ਹੋਵੇ
ਵੇਸਵਾ-ਨੁਮਾ ਸੁਰਖੀਆਂ ਦੀ ਤਲਾਸ਼ ਵਿੱਚ ਨਿੱਕਲਦਾ ਹੋਇਆ
ਆਖਦਾ ਹੈ: ਖ਼ਤਰਾ ਹੈ

ਇੱਕ ਚਿਤਰਕਾਰ ਜੋ ਵਰ੍ਹਿਆਂ ਤੋਂ
ਕੋਈ ਚਿਤਰ ਨਾ ਬਣਾ ਸਕਿਆ ਹੋਵੇ
ਆਪਣੇ ਨਵੇਂ ਚਿਤਰ ਲਈ ਵਿਸ਼ੇ ਦੀ ਖੋਜ ਵਿੱਚ ਖੰਡਿਤ ਹੋਇਆ
ਆਖਦਾ ਹੈ: ਖ਼ਤਰਾ ਹੈ

ਇੱਕ ਕਵਿੱਤਰੀ ਜੋ ਆਪਣੀਆਂ ਲਿਖਤਾਂ ਤੋਂ ਵੱਧ
ਆਪਣੇ ਰੂਪ ਸੰਗ ਲੋਕਾਂ ਨੂੰ ਭਰਮਾ ਸਕਦੀ ਹੋਵੇ
ਆਪਣੀ ਅੱਗ ਦੇ ਧੂਏਂ ਤੋਂ ਡਰਦੀ ਹੋਈ, ਸਿਗਰਟ ਸੁਲਘਾਂਦਿਆਂ ਹੋਇਆਂ,
ਆਖਦੀ ਹੈ: ਖ਼ਤਰਾ ਹੈ

ਇੱਕ ਨੇਤਾ ਜਿਸਦੇ ਹੱਥੋਂ ਕੁਰਸੀ ਖੁੱਸ ਗਈ ਹੋਵੇ
ਆਪਣੀ ਪਿੱਠ ਪਿੱਛੇ ਉੱਗ ਆਈ ਪੂਛ ਨੂੰ ਵਲ ਪਾਉਂਦਾ ਹੋਇਆ
ਆਖਦਾ ਹੈ: ਖ਼ਤਰਾ ਹੈ

ਮੰਦਰਾਂ, ਮਸਜਦਾਂ, ਗੁਰਦੁਆਰਿਆਂ 'ਚੋਂ ਉੱਠ ਰਹੀਆਂ
ਮਨੁੱਖੀ ਖ਼ੂਨ ਵਿੱਚ ਭਿੱਜੀਆਂ ਆਦਮ-ਬੋ, ਆਦਮ-ਬੋ ਕਰਦੀਆਂ
ਆਵਾਜ਼ਾਂ ਦੇ ਸ਼ੋਰ ਵਿੱਚ ਡੁੱਬੇ ਲਾਊਡ ਸਪੀਕਰ
ਆਖਦੇ ਹਨ: ਖ਼ਤਰਾ ਹੈ

ਜਦੋਂ ਵੀ ਮੌਸਮ ਬਦਲਦਾ ਹੈ
ਹਵਾ ਦਾ ਰੁਖ ਦੇਖਦਿਆਂ ਹੀ
ਟੋਭਿਆਂ, ਛੱਪੜਾਂ 'ਚ ਗੜੈਂ ਗੜੈਂ ਕਰਦੇ ਡੱਡੂ
ਸੜਕਾਂ ਤੇ ਰੇਂਗਦੇ ਜ਼ਹਿਰੀਲੇ ਸੱਪ
ਨੀਲੇ ਅੰਬਰ 'ਚ ਮੰਡਰਾਂਦੀਆਂ ਗਿਰਝਾਂ
ਖ਼ਿਆਲੀ ਚਰਾਗਾਹਾਂ 'ਚ ਚਰ ਰਹੇ ਭੇਡਾਂ ਦੇ ਇੱਜੜ
ਬਾਜ਼ਾਰਾਂ, ਚੌਰਸਤਿਆਂ 'ਚ ਇੱਕ ਦੂਜੇ ਦੀਆਂ ਪੂਛਾਂ ਸੁੰਘਦੇ ਫਿਰਦੇ ਡੱਬੂ
ਸਰਹੱਦਾਂ 'ਤੇ ਤਾਇਨਾਤ ਫ਼ੌਜੀ, ਸੜਕਾਂ 'ਤੇ ਗਸ਼ਤ ਲਾਂਦੇ ਸਿਪਾਹੀ
ਰੰਗ-ਬਰੰਗੇ ਝੰਡੇ, ਝੰਡੀਆਂ, ਟੋਪੀਆਂ, ਦਸਤਾਰਾਂ, ਚੁੰਨੀਆਂ, ਸਾੜ੍ਹੀਆਂ,
ਪੁਸਤਕਾਂ, ਮੈਗਜ਼ੀਨ, ਅਖ਼ਬਾਰਾਂ, ਰੇਡੀਓ, ਟੀ.ਵੀ.
ਆਖਦੇ ਹਨ: ਖ਼ਤਰਾ ਹੈ

ਇੰਜ, ਫਿਰ ਹੌਲੀ ਹੌਲੀ
ਸਾਰਾ ਦੇਸ਼ ਇੱਕੋ ਹੀ ਸੁਰ ਵਿੱਚ ਮਿਆਂਕਣ ਲੱਗਦਾ ਹੈ:
ਖ਼ਤਰਾ ਹੈ! ਖ਼ਤਰਾ ਹੈ!! ਖ਼ਤਰਾ ਹੈ!!!

● (TORONTO, ONTARIO)

ਮਿੱਤਰ ਰਸ਼ਾ

## ਸਹਿਜਧਾਰੀ

ਮੈਂ ਸਹਿਜਧਾਰੀ ਹਾਂ
ਗ੍ਰੰਥ ਸਾਹਿਬ ਦਾ
ਇਤਰਾਮ ਕਰਦਾ ਹਾਂ
ਬੈਠਦਾ ਹਾਂ
ਚਲਦਾ ਹਾਂ
ਉਹਨੂੰ ਅੰਗ ਸੰਗ
ਸਮਝਦਾ ਹਾਂ

ਮਜਬੂਰੀ ਦੀ
ਜਿੱਲ੍ਹਣ ਵਿੱਚ ਫਸਿਆ
ਕੇਸਾਂ ਨੂੰ
ਸਵਾਸਾਂ ਨਾਲ
ਨਿਭਾ ਨਹੀਂ ਸਕਿਆ

ਜ਼ਿੰਦਗੀ 'ਚ
ਸਵਾਸ ਆਉਂਦੇ ਜਾਂਦੇ ਰੱਖਣ ਲਈ
ਜ਼ਿੰਦਗੀ ਦੀ ਭੁੱਖ ਦਾ
ਮੂੰਹ ਢਕਣ ਲਈ
ਸਿਰ ਤੇ ਕੇਸਾਂ ਦਾ
ਮੁਕਟ ਸਜਾ ਨਹੀਂ ਸਕਿਆ

ਕੱਲ੍ਹ ਜਦ
ਮੋਟਰ ਸਾਈਕਲ ਸਵਾਰ
ਭੱਜ ਰਹੇ ਹੋਣਗੇ
ਕਰਕੇ ਸ਼ੋਰ ਤੇ
ਗੋਲੀਆਂ ਦਾ ਵਾਰ

ਕੌਣ ਭੱਜ ਗਿਆ ਹੈ
ਆਪਣੇ ਆਪ ਨੂੰ ਮਾਰ
ਇਖ਼ਲਾਕ ਨੂੰ ਫਾਹੇ ਚਾੜ੍ਹ
ਬੁੱਲ੍ਹਾਂ ਮੋਇਆਂ ਦੀ
ਹੋਏਗੀ ਪੁਕਾਰ

ਮੈਂ ਸਹਿਜਧਾਰੀ ਹਾਂ
ਗ੍ਰੰਥ ਸਾਹਿਬ ਦਾ
ਇਤਰਾਮ ਕਰਦਾ ਹਾਂ
ਬੈਠਦਾ ਹਾਂ
ਚਲਦਾ ਹਾਂ
ਉਹਨੂੰ ਅੰਗ ਸੰਗ
ਸਮਝਦਾ ਹਾਂ

● ( OTTAWA , ONTARIO)
ਮਿੱਤਰ ਰਸ਼ਾ ਦੇ ਨਵੇਂ ਕਾਵਿ-ਸੰਗ੍ਰਹਿ:
ਅੱਕ ਦੇ ਫੁੱਲ, ਅੱਖਰਾਂ ਦੀ ਬੁੱਕਲ

ਸਤਵੰਤ

## ਗੀਤ

ਸਾਰੇ ਪਾਏ ਤੂੰ ਪੁਆੜੇ ਧੁੱਗ ਵਸਦੇ ਉਜਾੜੇ
ਹਿੰਦੂ ਸਿੱਖ ਭਾਈਚਾਰੇ ਨੂੰ ਲੜਾਉਣ ਵਾਲੀਏ
ਤੇਰੇ ਦਿਲ ਵਿੱਚ ਮੈਲ ਦਿੱਲੀ ਰਹਿਣ ਵਾਲੀਏ

ਐਸਾ ਰਾਜ ਤੇਰਾ ਆਇਆ ਧੋਖਾ ਅੱਖੀਆਂ ਨੇ ਖਾਇਆ
ਗਹਿਣੇ ਦੇਸ਼ ਨੂੰ ਟਿਕਾਇਆ, ਗ਼ੈਰ ਚਾਹੁਣ ਵਾਲੀਏ
ਜਾਣੀ 'ਵੱਡਿਆਂ ਘਰਾਂ' ਦੇ ਨਾਲ ਲਾਉਣ ਵਾਲੀਏ

ਅਸੀਂ ਕਰੀਏ ਕਮਾਈ ਜਿੰਦ ਨਰਕ ਬਣਾਈ
ਲੋਕ-ਰਾਜ ਦੀ ਦੁਹਾਈ ਝੂਠੀ ਪਾਈ ਰੱਖਦੀ
ਸਾਡਾ ਲਾਸ਼ਿਆਂ 'ਤੇ ਚਿੱਤ ਪਰਚਾਈ ਰੱਖਦੀ

ਜਿਹੜੇ ਮਹਿਲ ਮੁਨਾਰੇ, ਸਾਰੇ ਅਸੀਂ ਹੀ ਉਸਾਰੇ
ਸਾਨੂੰ ਕੁੱਲੀਆਂ ਨਾਂ ਢਾਰੇ, ਤੇਰਾ ਸ਼ਾਹੀ ਠਾਠ ਨੀ
ਭੁੱਖੇ ਨੰਗਿਆਂ ਨੂੰ ਆਖੇਂ ਕਰੋ ਪੂਜਾ ਪਾਠ ਨੀ

ਕਰੇ ਕੋਈ ਫ਼ਰਿਆਦ ਦੇਵੇਂ ਗੋਲੀ 'ਚ ਜਵਾਬ
ਹੱਕ ਸੱਚ ਦੀ ਆਵਾਜ਼ ਨੂੰ ਦਬਾਉਣਾ ਜਾਣਦੀ
ਰਾਜ-ਭਾਗ ਦੇ ਸਹਾਰੇ ਫਿਰੇਂ ਮੌਜਾਂ ਮਾਣਦੀ

ਦੇਖੀ ਤੇਰੀ ਚਤੁਰਾਈ, ਝੂਠੀ ਪਾਂਵਦੀ ਦੁਹਾਈ
ਸਾਰੀ ਜਾਣਦੀ ਲੋਕਾਈ, 'ਗ਼ਰੀਬੀ ਨਾਗ' ਫੜ ਲਿਆ
ਉਹਦਾ ਕੱਢਿਆ ਤੂੰ ਕੰਡਾ ਜੀਹਨੂੰ ਹੱਥੀਂ ਪਾਲਿਆ

ਜਦੋਂ ਚੱਲਦੇ ਨਾ ਚਾਰੇ, ਕਰੇਂ ਜੰਗ ਦੇ ਇਸ਼ਾਰੇ
ਲੋਕੀਂ ਵਖ਼ਤਾਂ ਦੇ ਮਾਰੇ, ਦੇਵੇਂ ਭੱਠੀ ਝੋਕ ਨੀ
ਤੇਰੇ ਪੈਰ ਵਿਚ ਚੁੱਭੇ ਨਾ ਕੰਡੇ ਦਾ ਨੋਕ ਨੀ

ਉਹ ਕਰਕੇ ਹੈ ਹੀਲਾ, 'ਸੂਹਾ ਚਾਨਣ' ਵਸੀਲਾ
ਤੇਰਾ 'ਕੁੜਮ ਕਬੀਲਾ' ਕਬਰਾਂ 'ਚ ਵਾੜਨਾ
ਲਾਲ ਕਿਲ੍ਹੇ ਉੱਤੇ ਲਾਲ ਝੰਡਾ ਅਸੀਂ ਗਾੜਨਾ...

● (EDMONTON, ALBERTA)

ਮੰਗਾ ਸਿੰਘ ਬਾਸੀ

## ਸੁਨੇਹਾ!

ਸੁਫ਼ਨੇ ਨ ਜਾਣੋ, ਸੁਫ਼ਨੇ ਭਰਾਵੋ!
ਸਾਂਝੀ ਫ਼ਿਜ਼ਾ ਅੱਜ ਦਿੰਦੀ ਦੁਹਾਈ।
ਅਜ਼ਲਾਂ ਦੀਆਂ ਸਾਂਝਾਂ ਨੇ ਸਾਂਝਾਂ ਹੀ ਰਹਿਣਾ,
ਮੰਗਦੀ ਚਕੋਰੀ ਨਾ ਚੰਦ ਤੋਂ ਜੁਦਾਈ!

ਇਹ ਧਰਮਾਂ ਦੇ ਝੇੜੇ ਤੇ ਕੁਰਸੀ ਦੇ ਕਿੱਸੇ
ਸਾਂਝਾਂ ਦੇ ਖੇੜੇ ਨੂੰ ਕਰਦੇ ਨੇ ਫਿੱਕੇ
ਸਦੀਆਂ ਦੀ ਖ਼ੁਸ਼ਬੂ ਨਾਂ ਜ਼ਹਿਰੀਂ ਮਿਲਾਵੋ,
ਸੂਰਜ ਤੋਂ ਧੁੱਪ ਨਾ ਹੁੰਦੀ ਪਰਾਈ
ਸੁਫ਼ਨੇ ਨ ਜਾਣੋ ... ... ...

ਮਜ਼੍ਹਬਾਂ ਦੇ ਅੱਜ ਜੋ ਨੇ ਆਗੂ ਅਖਵਾਉਂਦੇ
ਲਹੂਆਂ ਦੇ ਵਿੱਚ ਨੇ ਪਾਣੀ ਮਿਲਾਉਂਦੇ
ਸੱਚ ਦੀਆਂ ਰਿਸ਼ਮਾਂ ਨੇ ਆਖ਼ਰ ਹੈ ਚੜ੍ਹਨਾ,
ਹਨ੍ਹੇਰਾ ਰੱਖੇਗਾ ਕਿੰਨਾ ਚਿਰ ਛੁਪਾਈ
ਸੁਫ਼ਨੇ ਨ ਜਾਣੋ ... ... ...

ਸੰਨ ਸੰਤਾਲੀ ਨੂੰ ਭੁੱਲਕੇ ਨਾਂ ਭੁੱਲਣਾ
ਹਾੜਾ ਓਏ ਫਿਰਕੂ ਦੇ ਪਲੜੇ ਨਾਂ ਤੁੱਲਣਾ
ਗਲਾ ਨਾਂ ਮਾਨਵਤਾ ਦਾ ਘੁੱਟਣਾ,
ਕਿਉਂ ਨਿਰਦੋਸ਼ਾਂ ਨੂੰ ਜਾਂਦੇ ਮਰਾਈ
ਸੁਫ਼ਨੇ ਨ ਜਾਣੋ ... ... ...

ਇਹ ਮਹਿਕਾਂ ਦਾ ਖੇੜਾ, ਇਹ ਕਲੀਆਂ ਦਾ ਹਾਸਾ
ਸਾਂਝਾਂ ਦੀ ਕਿੱਕਲੀ ਤੇ ਹੀਰਾਂ ਦਾ ਰਾਸਾ
ਨਫ਼ਰਤ ਤੇ ਸਾੜਾ ਨਾ ਪਾੜਾ ਵਧਾਓ,
ਜ਼ਹਿਰਾਂ ਖਿੰਡਾ ਕੇ ਨਾ ਬਹਿਓ ਸ਼ੁਦਾਈ
ਸੁਫ਼ਨੇ ਨ ਜਾਣੋ, ਸੁਫ਼ਨੇ ਭਰਾਵੋ...

● (DELTA, B.C.)


Jay's Travel Ltd.

10421 - 80 Avenue, Edmonton, Alta. T6E 1V1
Ph. 403(432-7017)-4 lines

COMPLETE TRAVEL
SERVICE—WORLDWIDE

*Reservations for Airlines, Steamships, Group Cruises, Vacation Planning, All Inclusive Packages, Hotels, Rent A Car, Tours*

UNBEATABLE RATES TO

*India, Pakistan, Sri Lanka, East Africa and Lebanon*



## RED FORT INSURANCE SERVICES

107 - 9303 - 34 AVE.
EDMONTON, ALBERTA
T6E 5W8

FOR PERSONAL SERVICES CALL:

# HARJIT JUDGE

**BUS. 463-9523** **RES. 462-2371**

**Let me look after all your Insurance Needs:**

**PERSONAL: Fire, Auto, Motor, Tenant Package**

**LIFE INSURANCE: Mortgage, Disability and Accident & Sickness.**

**COMMERCIAL: Bonding, Liability, Fires, Crime, Apartment Buildings, Retail Stores, Offices, Machinery, Boilers.**



# Millhurst Hair Stylists (Unisex)

SPECIALIZED IN:
i) Haircut ii) Blow Dry iii) Colour
iv) Perms v) Henna vi) French Braids

PHONE:

# DARSHAN DHILLON

**FOR APPOINTMENT (463-2127)**

ਪ੍ਰਿੰਸ ਰੂਪਰਟ, ਬੀ.ਸੀ. ਵਿੱਚ ਭਾਰਤੀ ਗਰੋਸਰੀ ਦੀ
ਇੱਕੋ ਇੱਕ ਦੁਕਾਨ

# ਜਟਾਣਾ ਐਂਟਰਪਰਾਈਜ਼ਜ਼

* ਭਾਰਤੀ ਗਰੋਸਰੀ
* ਕੈਸੈਟ ਟੇਪਾਂ
* ਸ਼ੋਭਾ ਸਿੰਘ ਦੇ ਚਿੱਤਰ
* ਕਿਰਪਾਨਾਂ
* ਛੇਤੀ ਹੀ ਵੀਡੀਓ ਟੇਪਾਂ ਕਿਰਾਏ ਤੇ ਦੇਣ ਦਾ ਇੰਤਜ਼ਾਮ ਵੀ ਕੀਤਾ ਜਾ ਰਿਹਾ ਹੈ

**627-7209**

**JATANA ENTERPRISES**

**1238 ALEXANDRA PLACE,**

PRINCE RUPERT

# ਪੰਜਾਬ ਉੱਤੇ ਫੌਜੀ ਹਮਲਾ : ਬਾਹਰੋਂ ਇਕ ਝਾਤ

('ਵੈਨਕੂਵਰ ਸੱਥ' ਇਕ ਗੰਭੀਰ ਸਾਹਿਤਕ, ਸੱਭਿਆਚਾਰਕ, ਸਿਆਸੀ ਸੰਸਥਾ ਹੈ ਅਤੇ ਕੈਨੇਡਾ ਦੇ ਪੰਜਾਬੀ ਹਲਕਿਆਂ ਵਿਚ ਆਪਣੀ ਕਿਸਮ ਦੀ ਨਵੀਂ ਜਥੇਬੰਦੀ ਹੈ। ਸਾਡੇ ਪਾਠਕ ਇਸ ਸੰਸਥਾ ਦੇ ਲਿਖੇ ਦੋ ਲੰਬੇ ਖੋਜ-ਭਰਪੂਰ ਲੇਖ 'ਪੰਜਾਬੀ ਆਵਾਸੀ ਅਤੇ ਉਹਨਾਂ ਨੂੰ ਮਿਲਦੇ ਕੰਮ' (ਸਤੰਬਰ-ਦਸੰਬਰ 83) ਅਤੇ 'ਪੰਜਾਬੀਆਂ ਦਾ ਮਨੋਰੰਜਨ ਤੇ ਵੀਡੀਓ (ਮਈ-ਜੂਨ 83) ਅਤੇ ਇਸ ਸੰਸਥਾ ਵੱਲੋਂ ਕੀਤੇ ਗਏ ਡਰਾਮੇ ਅਤੇ ਹੋਰ ਸਰਗਰਮੀਆਂ ਬਾਰੇ ਮਾਰਚ-ਅਪਰੈਲ 84 ਅੰਕ ਵਿਚ ਪੜ੍ਹ ਚੁੱਕੇ ਹਨ। ਅਸੀਂ ਸੱਥ ਦੀਆਂ ਸਰਗਰਮੀਆਂ ਦੀ ਸ਼ਲਾਘਾ ਕਰਦੇ ਹੋਏ ਪੰਜਾਬ ਦੀ ਮੌਜੂਦਾ ਸਥਿਤੀ ਬਾਰੇ ਉਨ੍ਹਾਂ ਦਾ ਨਵਾਂ ਲੇਖ ਪੇਸ਼ ਕਰ ਰਹੇ ਹਾਂ। ਇਸ ਲੇਖ ਨੂੰ ਤਿਆਰ ਕਰਨ ਵਿਚ ਇਨ੍ਹਾਂ ਸਾਥੀਆਂ ਨੇ ਭਾਗ ਲਿਆ : ਸਾਧੂ, ਸੁਖਵੰਤ ਹੁੰਦਲ, ਮੱਖਣ ਟੁੱਟ, ਸਰਵਣ ਬੋਲ ਅਤੇ ਅਮਰਜੀਤ ਚਾਹਲ। — ਅਦਾਰਾ ਵਤਨੋਂ ਦੂਰ)

ਪੰਜਾਬ ਦੀ ਕਾਫੀ ਚਿਰਾਂ ਤੋਂ ਚੱਲੀ ਆ ਰਹੀ ਸਮੱਸਿਆ ਦਾ ਹੱਲ ਭਾਰਤ ਦੀ ਸਰਕਾਰ ਨੇ ਤਾਕਤ ਦੀ ਵਰਤੋਂ ਕਰਕੇ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਹਿਲਾਂ ਤਾਂ ਇਸ ਮਸਲੇ ਨੂੰ ਇਸ ਹੱਦ ਤੀਕ ਪੇਚੀਦਾ ਬਣਾਉਣ ਵਿਚ ਇਸੇ ਸਰਕਾਰ ਦਾ ਸਭ ਤੋਂ ਵੱਧ ਹੱਥ ਹੈ। ਮਸਲੇ ਨੂੰ ਹੱਲ ਕਰਨ ਦੀ ਬਜਾਏ ਉਹ ਪੰਜਾਬ ਦੇ ਲੋਕਾਂ ਨਾਲ ਸਿਆਸਤ ਦੀ ਖੇਡ ਖੇਡਦੀ ਰਹੀ। ਭਾਰਤ ਦੇ ਹੋਰਨਾਂ ਲੋਕਾਂ ਵਾਂਗ ਪੰਜਾਬੀਆਂ ਦੀਆਂ ਮੰਗਾਂ ਵੀ ਜ਼ਾਹਰਾ ਤੌਰ 'ਤੇ ਆਰਥਿਕ ਤੇ ਸਿਆਸੀ ਸਨ (ਹਨ) ਪਰ ਇੰਦਰਾ ਦੀ ਲਮਕਾਉਣ ਅਤੇ ਪਾੜਾ ਪਾਉਣ ਦੀ ਨੀਤੀ ਨੇ ਇਹਨਾਂ ਅਸਲੀ ਮੰਗਾਂ ਨੂੰ ਧਰਮ ਨਾਲ ਰਲ ਗੱਡ ਕਰ ਦਿੱਤਾ। ਆਰਥਿਕ ਤੇ ਸਿਆਸੀ ਮੰਗਾਂ ਸਰਕਾਰ ਦੇ ਆਪਣੇ ਯਤਨਾਂ ਰਾਹੀਂ ਹਿੰਦੂ ਸਿੱਖ ਦੇ ਝਗੜੇ ਵਿਚ ਗਵਾ ਦਿੱਤੀਆਂ ਗਈਆਂ। ਅੱਤਵਾਦੀ ਜਨੂੰਨੀ ਕਾਰਵਾਈਆਂ ਕਰਨ ਵਾਲਿਆਂ ਨੂੰ ਦੋ ਤਿੰਨ ਸਾਲ ਪੂਰੀ ਖੁੱਲ੍ਹ ਦੇ ਰੱਖੀ। ਇੱਥੋਂ ਤੱਕ ਵੀ ਸੁਣਿਆ ਜਾਂਦਾ ਰਿਹਾ ਹੈ ਕਿ ਇਹਨਾਂ ਅੱਤਵਾਦੀਆਂ ਨੂੰ ਧਾਰਮਿਕ ਅਸਥਾਨਾਂ ਅੰਦਰ ਟਿਕਾਉਣ ਵਿਚ ਵੀ ਇਸੇ ਸਰਕਾਰ ਦਾ ਹੱਥ ਸੀ। ਇਹਨਾਂ ਥਾਵਾਂ ਵਿਚ ਹਰ ਕਿਸਮ ਦੇ ਨਵੇਂ ਹਥਿਆਰਾਂ ਦਾ ਪਹੁੰਚਣਾ, ਅੰਦਰ ਸੁਰੰਗਾਂ ਬਣਾਉਣੀਆਂ, ਮੋਰਚੇ ਬਣਾਉਣੇ — ਕੀ ਇਹ ਸਭ ਕੁਝ ਇਸ ਸਰਕਾਰ ਦੀ ਸ਼ਹਿ ਤੋਂ ਬਿਨਾਂ ਸੰਭਵ ਹੈ? ਜਿਹੜੀ ਸਰਕਾਰ ਧਾਰਮਿਕ ਅਸਥਾਨਾਂ ਉੱਪਰ ਟੈਂਕ ਚਾੜ੍ਹ ਸਕਦੀ ਹੈ, ਕੀ ਉਹ ਉਸੇ ਜਗ੍ਹਾ ਖ਼ੁਫੀਆ ਪੁਲੀਸ ਦੇ ਬੰਦੇ ਨਹੀਂ ਭੇਜ ਸਕਦੀ? ਜਾਂ ਕੀ ਉਹਨਾਂ ਨੇ ਭੇਜੇ ਨਹੀਂ ਹੋਵਣਗੇ? ਇਸ ਵਿਚ ਕੋਈ ਸ਼ੱਕ ਨਹੀਂ ਕਿ ਜੋ ਕੁਝ ਹੋਇਆ ਉਹ ਸਰਕਾਰ ਦੀ ਸ਼ਹਿ ਨਾਲ ਹੋਇਆ। ਪਰ ਇਸ ਦਾ ਮਤਲਬ ਇਹ ਨਹੀਂ ਕਿ ਅਕਾਲੀਆਂ ਦਾ ਅਤੇ ਅੱਤਵਾਦੀਆਂ ਦਾ ਆਪਣਾ ਕੋਈ ਕਸੂਰ ਹੀ ਨਹੀਂ। ਉਹ ਵੀ ਨਾਲ ਹੀ ਕਸੂਰਵਾਰ ਹਨ-ਇਹ ਸਭ ਕੁਝ ਕਰਨ ਦੇ।

ਭਾਰਤ ਸਰਕਾਰ ਦੀ ਆਪਣੀ ਪਾਲਿਸੀ ਮੁਤਾਬਕ ਜਦ ਮਸਲਾ ਇਸ ਹਾਲਾਤ ਤੱਕ ਪਹੁੰਚ ਗਿਆ ਕਿ ਪੰਜਾਬ ਦੇ ਹੀ ਨਹੀਂ, ਸਗੋਂ ਸਾਰੇ ਭਾਰਤ ਦੇ ਲੋਕ ਇਸ ਗੱਲ ਤੋਂ ਤੰਗ ਆ ਗਏ ਅਤੇ ਉਹ ਮੰਗ ਕਰਨ ਲੱਗੇ ਕਿ ਇਸ ਨੰਗੇ ਜਨੂੰਨੀ ਨਾਚ ਦਾ ਕੋਈ ਫੌਰੀ ਹੱਲ ਹੋਣਾ ਚਾਹੀਦਾ ਹੈ, ਤਾਂ ਉਸ ਮੌਕੇ ਭਾਰਤ ਦੀ ਸਰਕਾਰ ਨੇ — ਜਿਸਦਾ ਰਾਸ਼ਟਰਪਤੀ ਇੱਕ ਸਿੱਖ ਹੈ — ਆਪਣੇ ਟੈਂਕਾਂ ਅਤੇ ਤੋਪਾਂ ਨਾਲ ਅੱਤਵਾਦੀਆਂ ਨੂੰ ਕੁਚਲ ਕੇ ਰੱਖ ਦਿੱਤਾ ਅਤੇ ਭਾਰਤ ਦੇ ਲੋਕਾਂ ਸਾਹਮਣੇ ਇਕ 'ਹੀਰੋ' ਬਣ ਕੇ ਪੇਸ਼ ਹੋ ਗਈ। ਜਦੋਂ ਇੰਦਰਾ ਗਾਂਧੀ ਭਾਰਤ ਵਿਚ ਆਪਣੀ ਸਿਆਸੀ ਚੌਧਰ ਲਈ ਪੰਜਾਬ ਨੂੰ ਮੋਹਰਾ ਬਣਾ ਕੇ ਚਾਲਾਂ ਚੱਲ ਰਹੀ ਸੀ ਤਾਂ ਉਸਦੀ ਇਸ ਖੇਡ ਤੋਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਹੋਰ ਲੋਕ ਵੀ ਫਾਇਦਾ ਉਠਾਉਣਾ ਚਾਹੁੰਦੇ ਸਨ। ਇੰਦਰਾ ਗਾਂਧੀ ਦੀ ਸਰਕਾਰ ਦਾ ਕਿਉਂਕਿ ਰੂਸ ਨਾਲ ਗੱਠ-ਜੋੜ ਹੈ, ਇਸ ਕਰਕੇ ਅਮਰੀਕਾ ਲਈ ਇਹ ਵਧੀਆ ਮੌਕਾ ਸੀ ਕਿ ਉਹ ਇੰਦਰਾ ਦੀ ਸਰਕਾਰ ਲਈ ਮੁਸ਼ਕਲਾਂ ਖੜ੍ਹੀਆਂ ਕਰਦੇ। ਉਨ੍ਹਾਂ ਨੇ ਪੰਜਾਬ ਦੇ ਮਸਲੇ ਨੂੰ ਪੱਛਮੀ ਮੀਡੀਏ ਵਿਚ ਲੋੜੋਂ ਵੱਧ ਹਵਾ ਦਿੱਤੀ। ਭਾਰਤ ਤੋਂ ਬਾਹਰ ਪਹਿਲਾਂ ਹੀ ਛਾਉਣੀਆਂ ਪਾਈ ਬੈਠੇ ਖ਼ਾਲਿਸਤਾਨੀਆਂ ਨੂੰ ਵੀ ਹਰ ਕਿਸਮ ਦਾ ਉਤਸ਼ਾਹ ਮਿਲਿਆ। ਇੰਦਰਾ ਗਾਂਧੀ ਦੇ ਫੌਜੀ ਹਮਲੇ ਤੋਂ ਬਾਅਦ ਖ਼ਾਲਿਸਤਾਨ ਦੇ ਨਾਅਰੇ ਨੇ ਵੀ ਕਈ ਲੋਕਾਂ ਨੂੰ ਆਪਣੇ ਮਗਰ ਲਾ ਲਿਆ।

ਸੋ ਲੱਗਦਾ ਹੈ ਕਿ ਇੰਦਰਾ ਗਾਂਧੀ ਦੀ ਸਰਕਾਰ ਆਪਣੀ ਸਿਆਸੀ ਖੇਡ ਜਿੱਤਣ ਵਿਚ ਘੱਟੋ ਘੱਟ ਮੌਜੂਦਾ ਸਮੇਂ ਲਈ ਜ਼ਰੂਰ ਕਾਮਯਾਬ ਹੋ ਗਈ ਹੈ। ਉਸ ਨੇ ਬਹਾਦਰ ਪੰਜਾਬੀ ਕੌਮ ਨੂੰ ਹਿੰਦੂ ਅਤੇ ਸਿੱਖਾਂ ਦੇ ਡੂੰਘੇ ਪਾੜੇ ਵਿਚ ਪਾ ਦਿੱਤਾ ਹੈ ਅਤੇ ਉਹਨਾਂ ਦੀ ਤਾਕਤ ਨੂੰ ਇੱਕ ਦੂਜੇ ਵਿਰੁੱਧ ਸੇਧਤ ਕਰਕੇ ਕਾਫੀ ਸਮੇਂ ਲਈ ਕਮਜ਼ੋਰ ਕਰ ਦਿੱਤਾ ਹੈ। ਇਸ ਤਰਾਂ ਕਰਨ ਨਾਲ ਉਹ ਭਾਰਤ ਦੇ ਦੂਜੇ ਲੋਕਾਂ ਨੂੰ ਥੋੜ੍ਹੇ ਸਮੇਂ ਲਈ ਬੇਵਕੂਫ਼ ਬਣਾਉਣ ਵਿਚ ਵੀ ਕਾਮਯਾਬ ਹੋ ਗਈ ਹੈ। ਅਮਰੀਕਾ ਨੂੰ ਵੀ ਇਸ ਖੇਡ 'ਚੋਂ ਫਾਇਦਾ ਹੀ ਫਾਇਦਾ ਹੈ। ਜੇ ਖ਼ਾਲਿਸਤਾਨ ਬਣ ਜਾਵੇ ਤਾਂ ਅਮਰੀਕਾ ਲਈ ਅੱਡਾ ਬਣਾਉਣ ਦੇ ਚਾਂਸ ਪੱਕੇ ਹਨ। ਜੇ ਨਾ ਵੀ ਬਣੇ ਤਾਂ ਇੰਦਰਾ ਗਾਂਧੀ ਦੀ ਵੱਖੀ ਵਿਚ ਤਾਂ ਕਿੱਲ ਠੋਕੀ ਰੱਖਣਗੇ। ਇਸੇ ਕਰਕੇ ਅਮਰੀਕਾ ਦੇ ਕਈ ਕਾਂਗਰਸਮੈਨ 'ਸਿੱਖਾਂ ਦੀਆਂ ਮੁਸ਼ਕਲਾਂ' ਵੱਲ ਹੁਣ 'ਖਾਸ ਧਿਆਨ' ਦੇ ਰਹੇ ਹਨ।

ਪਰ ਕੀ ਇਸ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਖੇਡੀ ਜਾ ਰਹੀ ਸਿਆਸਤ ਵਿਚ ਕਿਸੇ ਦਾ ਨੁਕਸਾਨ ਵੀ ਹੋ ਰਿਹਾ ਹੈ ਕਿ ਸਭ ਨੂੰ ਫਾਇਦਾ ਹੀ ਹੁੰਦਾ ਹੈ? ਸ਼ਰੇਆਮ ਨੁਕਸਾਨ ਹੁੰਦਾ ਹੈ - ਆਮ ਲੋਕਾਂ ਦਾ। ਆਮ ਲੋਕਾਂ ਦਾ ਜਾਨੀ ਤੇ ਮਾਲੀ ਹਰ ਕਿਸਮ ਦਾ ਨੁਕਸਾਨ ਹੁੰਦਾ ਹੈ। ਪੰਜਾਬ ਵਿਚਲੇ ਗਰੀਬ ਬੇਜ਼ਮੀਨੇ ਲੋਕਾਂ ਦੀਆਂ ਮੁਸ਼ਕਲਾਂ ਵੱਲ ਇਸ ਵੇਲੇ ਕਿਸ ਦਾ ਧਿਆਨ ਹੈ? ਥੋੜ੍ਹੀਆਂ ਜ਼ਮੀਨਾਂ ਵਾਲੇ ਕਿਸਾਨਾਂ ਦੀਆਂ ਰੋਜ਼ਾਨਾ ਮੁਸ਼ਕਲਾਂ ਵੱਲ ਕਿਸ ਦਾ ਧਿਆਨ ਹੈ? ਇੰਦਰਾ ਗਾਂਧੀ ਦੀ ਸਰਕਾਰ ਨੇ ਇਕ ਪਲ ਲਈ ਵੀ ਇਹ ਨਹੀਂ ਸੋਚਿਆ ਕਿ ਉਹ ਲੋਕਾਂ ਦੀਆਂ ਜਾਨਾਂ ਨਾਲ ਖੇਡ ਰਹੀ ਹੈ; ਉਹ ਲੋਕਾਂ ਦੇ ਧਾਰਮਿਕ ਜਜ਼ਬਿਆਂ ਨਾਲ ਖੇਡ ਰਹੀ ਹੈ। ਸਿੱਖਾਂ ਦੇ ਧਾਰਮਿਕ ਕੇਂਦਰ ਉਪਰ ਹਮਲਾ ਕਰਕੇ ਧਾਰਮਿਕ ਲੋਕਾਂ ਦੇ ਮਨਾਂ ਨੂੰ ਵਲੂੰਧਰ ਸੁੱਟਿਆ ਹੈ। ਇਸ ਵਿਰੁੱਧ ਸਾਰੀ ਦੁਨੀਆਂ ਵਿਚ ਸਿੱਖ ਹੀ ਨਹੀਂ ਸਗੋਂ ਹੋਰ ਲੋਕਾਂ ਨੇ ਵੀ ਰੋਸ ਦਾ ਨਾਅਰਾ

ਆਗਿਆ ਹੈ।

ਜਿਸ ਤਰ੍ਹਾਂ ਪੰਜਾਬ ਨੂੰ ਭਾਰਤ ਦੀ ਸਰਕਾਰ ਨੇ ਸਿਆਸੀ ਖੇਡ ਲਈ ਵਰਤਿਆ ਹੈ ਕੀ ਅਜਿਹਾ ਸਿਰਫ ਭਾਰਤ ਵਿਚ ਪਹਿਲੀ ਵਾਰੀ ਤੇ ਸਿਰਫ ਪੰਜਾਬ ਵਿਚ ਹੀ ਹੋਇਆ ਹੈ? ਕੁਝ ਲੋਕਾਂ ਨੇ ਪੰਜਾਬ ਵਿਚ ਵਾਪਰੀ ਇਸ ਦੁਖਦਾਈ ਘਟਨਾਂ ਨੂੰ ਬਾਕੀ ਆਲੇ ਦੁਆਲੇ ਤੋਂ ਨਿਖੇੜ ਕੇ (IN ISOLATION) ਦੇਖਣ ਦੀ ਕੋਸ਼ਿਸ਼ ਕੀਤੀ ਹੈ। ਇਸ ਦ੍ਰਿਸ਼ਟੀ ਤੋਂ ਦੇਖਣ ਵਾਲਿਆਂ ਦਾ ਸਿੱਟਾ ਕੁਝ ਇਸ ਪਰਕਾਰ ਹੈ: "ਬਾਕੀ ਭਾਰਤ ਦੇ ਲੋਕ ਕਿਉਂਕਿ ਵਧੇਰੇ ਹਿੰਦੂ ਹਨ, ਉਹਨਾਂ ਨਾਲ ਸਰਕਾਰ ਦਾ ਵਿਵਹਾਰ ਬਹੁਤ ਵਧੀਆ ਹੈ ਤੇ ਉਹ ਇਕ ਦੂਜੇ ਨੂੰ ਜੱਫੀਆਂ ਪਾਈ ਹਮੇਸ਼ਾ ਘਿਉ-ਖਿਚੜੀ ਹੋਏ ਰਹਿੰਦੇ ਹਨ। ਪਰ ਪੰਜਾਬ ਵਿਚ ਕਿਉਂਕਿ ਸਿੱਖ ਧਰਮ ਦੇ ਲੋਕ ਰਹਿੰਦੇ ਹਨ ਇਸ ਕਰਕੇ ਸਿਰਫ ਉਹਨਾਂ ਨੂੰ ਖਤਮ ਕਰਨ ਲਈ ਹੀ ਇੰਦਰਾ ਦੀ ਸਰਕਾਰ ਨੇ ਇੰਨਾ ਸਖਤ ਕਦਮ ਚੁੱਕਿਆ ਹੈ।" ਪੰਜਾਬ ਦੇ ਮਸਲੇ ਨੂੰ ਇਸ ਤਰ੍ਹਾਂ ਨਿਖੇੜ ਕੇ ਦੇਖਿਆਂ ਬੜੇ ਖਤਰਨਾਕ ਸਿੱਟੇ ਨਿਕਲਦੇ ਹਨ ਤੇ ਇਸੇ ਕਰਕੇ ਹਰਿਮੰਦਰ ਸਾਹਿਬ ਉੱਪਰ ਹਮਲੇ ਤੋਂ ਬਾਅਦ ਖ਼ਾਲਿਸਤਾਨ ਦੀ ਮੰਗ ਨੇ ਕੁਝ ਜ਼ੋਰ ਪਕੜਿਆ ਹੈ। ਜਦੋਂ ਪੰਜਾਬ ਦੇ ਲੋਕਾਂ ਦੇ ਮਸਲੇ ਨੂੰ ਧਾਰਮਿਕ ਆਧਾਰ 'ਤੇ ਬਾਕੀ ਭਾਰਤ ਦੇ ਲੋਕਾਂ ਦੇ ਮਸਲਿਆਂ ਨਾਲੋਂ ਨਿਖੇੜ ਕੇ ਦੇਖਿਆ ਜਾਵੇ ਤਾਂ ਕੁਦਰਤੀ ਸਿੱਟਾ ਇਹੀ ਨਿਕਲੇਗਾ ਕਿ ਇੰਦਰਾ ਦੀ ਸਰਕਾਰ ਨੇ ਸਿਰਫ ਸਿੱਖਾਂ ਨਾਲ ਹੀ ਇਹ ਵਧੀਕੀ ਕੀਤੀ ਹੈ ਤੇ ਇਸ ਕਰਕੇ ਸਿੱਖਾਂ ਕੋਲ ਇਕ ਵੱਖਰੀ ਮਾਤਭੂਮੀ ਦੀ ਮੰਗ ਕਰਨ ਤੋਂ ਸਿਵਾ ਕੋਈ ਚਾਰਾ ਨਹੀਂ ਹੈ। ਪਰ ਕੀ ਇਹ ਸਭ ਕੁਝ ਪੰਜਾਬ ਵਿਚ ਤੇ ਸਿਰਫ ਸਿੱਖਾਂ ਨਾਲ ਹੀ ਹੋਇਆ ਹੈ? ਭਾਰਤ ਦੀ ਮੌਜੂਦਾ ਸਰਕਾਰ ਦਾ ਇਤਿਹਾਸ ਲੋਕਾਂ ਉੱਪਰ ਅੱਤਿਆਚਾਰਾਂ ਨਾਲ ਭਰਿਆ ਪਿਆ ਹੈ। 'ਪਾੜੋ ਤੇ ਰਾਜ ਕਰੋ' ਦੀ ਨੀਤੀ ਭਾਵੇਂ ਇਸ ਸਰਕਾਰ ਨੇ ਅੰਗਰੇਜ਼ਾਂ ਤੋਂ ਸਿੱਖੀ ਹੋਵੇ ਪਰ ਹੁਣ ਇਹ ਅੰਗਰੇਜ਼ਾਂ ਤੋਂ ਇਸ ਦੀ ਕਿਤੇ ਵੱਡੀ ਮਾਹਰ ਹੈ।

ਅੱਜ ਜੋ ਕੁਝ ਪੰਜਾਬ ਵਿਚ ਹੋਇਆ ਹੈ ਇਹ ਪੰਜਾਬ ਲਈ ਤਾਂ ਭਾਵੇਂ ਨਵੀਂ ਤੇ ਅਣਹੋਣੀ ਗੱਲ ਹੈ ਪਰ ਇਹ ਸਮੁੱਚੇ ਭਾਰਤ ਦੇ ਪਰਸੰਗ ਵਿਚ ਇੰਨੀ ਅਜੀਬ ਤੇ ਅਣਹੋਣੀ ਨਹੀਂ। 'ਆਜ਼ਾਦੀ' ਦੇ 37 ਵਰ੍ਹਿਆਂ ਵਿਚ ਦੇਸ਼ ਦੇ ਕਿੰਨੇ ਹੀ ਹਿੱਸਿਆਂ ਵਿਚ ਸਮੇਂ ਸਮੇਂ ਭਾਰਤ ਦੀ ਤਾਨਾਸ਼ਾਹ ਸਰਕਾਰ ਨੇ ਫੌਜ ਭੇਜੀ ਹੈ ਤੇ ਲੋਕਾਂ ਨੂੰ ਬੇਕਿਰਕੀ ਨਾਲ ਕੁਚਲਿਆ ਹੈ। ਅਮੀਰਾਂ ਦੀ ਰਹਿਨੁਮਾ ਇਸ ਸਰਕਾਰ ਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕਿਹੜੇ ਇਲਾਕੇ ਵਿਚ ਕਿਸ ਕਿਸਮ ਦੇ ਲੋਕ ਰਹਿੰਦੇ ਹਨ। ਉਹ ਸਾਰਿਆਂ ਦੇ ਮਸਲਿਆਂ ਦਾ ਹੱਲ ਤਾਕਤ ਦੀ ਵਰਤੋਂ ਹੀ ਸਮਝਦੀ ਹੈ। ਉਸਦਾ ਮਕਸਦ ਲੋਕਾਂ ਨੂੰ ਆਪਸ ਵਿਚ ਪਾੜੀ ਰੱਖਣ ਦਾ ਹੈ ਤਾਂ ਕਿ ਲੋਕਾਂ ਦੀ ਏਕਤਾ ਨਾ ਹੋ ਸਕੇ ਅਤੇ ਮੌਜੂਦਾ ਢਾਂਚੇ ਨੂੰ ਕਾਇਮ ਰੱਖਿਆ ਜਾ ਸਕੇ। ਇਸੇ ਕਰਕੇ ਇਹ ਸਰਕਾਰ ਕਦੀ ਆਸਾਮ ਵਿਚ ਲੋਕਾਂ ਨੂੰ ਇਲਾਕੇ ਦਾ ਵਿਸ਼ੂ ਬਣਾ ਕੇ ਆਪਸ ਵਿਚ ਲੜਾਉਂਦੀ ਹੈ ਤੇ ਕਿਤੇ ਪੰਜਾਬ ਵਿਚ ਧਰਮ ਨੂੰ ਵਿਸ਼ੂ ਬਣਾ ਲੈਂਦੀ ਹੈ ਤੇ ਕਦੀ ਇਹ ਸਰਕਾਰ ਬਿਹਾਰ, ਬੰਗਾਲ ਵਿਚ ਸਿਆਸੀ ਤੇ ਆਰਥਿਕ ਹੱਕਾਂ ਲਈ ਲੜਦੇ ਕਿਸਾਨਾਂ ਉੱਪਰ ਜ਼ੁਲਮ ਢਾਹੁਣ ਲਈ ਉਹਨਾਂ ਇਲਾਕਿਆਂ ਨੂੰ ਗੜਬੜੀ ਵਾਲੇ ਇਲਾਕੇ ਐਲਾਨ ਕਰ ਦਿੰਦੀ ਹੈ ਤੇ ਆਪਣੀ ਫੌਜ ਦੀਆਂ ਲਗਾਮਾਂ ਖੁੱਲ੍ਹੀਆਂ ਛੱਡ ਦਿੰਦੀ ਹੈ।

ਇਸ ਸਰਕਾਰ ਦੀ ਤਾਨਾਸ਼ਾਹੀ ਦੀ ਸਭ ਤੋਂ ਵੱਡੀ ਮਿਸਾਲ ਨਾਗਾਲੈਂਡ ਤੇ ਮੀਜ਼ੋਰਮ ਇਲਾਕਿਆਂ ਵਿਚੋਂ ਮਿਲਦੀ ਹੈ। ਇਹਨਾਂ ਇਲਾਕਿਆਂ ਵਿਚ ਪਿਛਲੇ ਕਿੰਨੇ ਹੀ ਵਰ੍ਹਿਆਂ ਤੋਂ ਲੋਕਾਂ ਨੂੰ ਭਿਆਨਕ ਕਿਸਮ ਦੀ ਫੌਜੀ ਦਹਿਸ਼ਤ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਫੌਜ ਵੱਲੋਂ ਔਰਤਾਂ ਨਾਲ ਬਲਾਤਕਾਰ, ਕਿਸੇ ਨੂੰ ਬਿਨਾ ਵਜ੍ਹਾ ਗ੍ਰਿਫਤਾਰ ਕਰ ਲੈਣਾ, ਲੋਕਾਂ ਦੀਆਂ ਫਸਲਾਂ ਤਬਾਹ ਕਰ ਦੇਣੀਆਂ, ਘਰ ਢਾਹ ਦੇਣੇ ਜਾਂ ਗੋਲੀ ਮਾਰ ਦੇਣੀ ਆਦਿ ਨਿੱਤ ਦੀਆਂ ਆਮ ਕਾਰਵਾਈਆਂ ਹਨ।

ਪੰਜਾਬ, ਆਸਾਮ, ਨਾਗਾਲੈਂਡ ਤੇ ਮੀਜ਼ੋਰਮ ਤੋਂ ਬਿਨਾਂ ਕਿੰਨੀਆਂ ਹੀ ਹੋਰ ਇਹੋ ਜਿਹੀਆਂ ਉਦਾਹਰਣਾ ਹਨ, ਜਿਥੇ ਇਸ ਸਰਕਾਰ ਨੇ ਆਪਣੇ ਹਥਿਆਰਾਂ ਦੀ ਤਾਕਤ ਵਰਤ ਕੇ (ਲੋਕਾਂ ਦੇ ਮਸਲਿਆਂ ਨਾਲ ਨਜਿੱਠਣ ਦੀ ਬਜਾਏ) ਉਹਨਾਂ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ ਹੈ। ਭਾਰਤ ਦੇ ਰੇਲਵੇ ਮਜ਼ਦੂਰਾਂ ਦੀ 1974 ਵਿਚ ਕੀਤੀ ਗਈ ਹੜਤਾਲ ਇਸ ਦੀ ਇੱਕ ਵਧੀਆ ਉਦਾਹਰਣ ਹੈ। ਲਗਾਤਾਰ ਵਧਦੀ ਮਹਿੰਗਾਈ ਤੇ ਕੰਮ ਦੀਆਂ ਹਾਲਤਾਂ ਵਿਚ ਸੁਧਾਰ ਲਿਆਉਣ ਲਈ ਮਜ਼ਦੂਰਾਂ ਨੇ ਹੜਤਾਲ ਕੀਤੀ ਜਿਹਦਾ ਕਿ ਕਾਨੂੰਨੀ ਤੌਰ 'ਤੇ ਉਹਨਾਂ ਨੂੰ ਹੱਕ ਹੈ। ਹੜਤਾਲੀਆਂ ਨਾਲ ਸੱਭਿਅਕ ਤਰੀਕੇ ਨਾਲ ਗੱਲਬਾਤ ਕਰਕੇ ਉਹਨਾਂ ਦੀਆਂ ਮੰਗਾਂ ਉੱਤੇ ਵਿਚਾਰ ਕਰਨ ਦੀ ਬਜਾਏ ਸਰਕਾਰ ਨੇ ਤਾਕਤ ਦੀ ਅੰਨ੍ਹੀ ਵਰਤੋਂ ਕੀਤੀ। ਪੁਲੀਸ ਤੇ ਹੋਰ ਖਰੀਦੇ ਹੋਏ ਗੁੰਡਿਆਂ ਦੀ ਮਦਦ ਨਾਲ ਹਜ਼ਾਰਾਂ ਲੋਕਾਂ ਨੂੰ ਜਿਸਮਾਨੀ ਤੌਰ 'ਤੇ ਤਸੀਹੇ ਦਿਤੇ ਗਏ ਤੇ ਕਈਆਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਹੜਤਾਲ ਵਿਚ ਹਿੱਸਾ ਲੈਣ ਵਾਲੇ ਮਜ਼ਦੂਰਾਂ ਦੇ ਟੱਬਰਾਂ ਨੂੰ ਉਹਨਾਂ ਦੇ ਕੁਆਟਰਾਂ ਵਿਚੋਂ ਜ਼ਬਰਦਸਤੀ ਬਾਹਰ ਕੱਢ ਦਿੱਤਾ ਗਿਆ। ਸੱਠ ਹਜ਼ਾਰ ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿੰਨ੍ਹਾਂ ਵਿਚੋਂ ਅਜੇ ਵੀ ਕਈ ਜੇਹਲਾਂ ਵਿਚ ਰੁਲਦੇ ਪਏ ਹਨ।

ਇਹ ਸਰਕਾਰ ਸਿਰਫ਼ ਆਮ ਲੋਕਾਂ ਤੇ ਮਜ਼ਦੂਰਾਂ ਉੱਪਰ ਹੀ ਤਸ਼ੱਦਦ ਨਹੀਂ ਕਰਦੀ, ਸਗੋਂ ਜਦੋਂ ਇਹਦੀ ਆਪਣੀ ਪੁਲੀਸ ਜਾਂ ਫੌਜ ਇਹਦਾ ਹੁਕਮ ਮੰਨਣ ਵਿਚ ਦੇਰ ਕਰ ਦੇਵੇ ਇਹ ਉਨ੍ਹਾਂ ਉੱਪਰ ਵੀ ਗੋਲੀ ਚਲਾਉਣ ਵਿਚ ਢਿੱਲ ਨਹੀਂ ਕਰਦੀ। ਉਦਾਹਰਣ ਵਜੋਂ ਸੈਂਟਰਲ ਇੰਡਸਟਰੀਅਲ ਸਕਿਉਰਿਟੀ ਫੋਰਸ ਦੇ ਜੁਆਨਾਂ ਨੇ ਰਾਂਚੀ, ਬੁਕਾਰੋ ਤੇ ਹੋਰ ਥਾਵੀਂ ਆਪਣੇ ਹੱਕਾਂ ਦੀ ਰਾਖੀ ਲਈ ਆਪਣੀ ਜਥੇਬੰਦੀ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹਨਾਂ ਨੂੰ ਫੌਜ ਦੀਆਂ ਗੋਲੀਆਂ ਦਾ ਸਾਹਮਣਾ ਕਰਨਾ ਪਿਆ ਤੇ ਉਹਨਾਂ ਦੇ ਹੱਕੀ ਘੋਲ ਨੂੰ ਤਾਕਤ ਨਾਲ ਦਬਾਅ ਦਿੱਤਾ ਗਿਆ। ਜਦੋਂ ਲਖਨਊ ਵਿਚ ਪੁਲੀਸ ਨੇ ਵਿਦਿਆਰਥੀਆਂ ਉੱਪਰ ਗੋਲੀ ਚਲਾਉਣ ਤੋਂ ਨਾਂਹ ਕਰ ਦਿੱਤੀ ਕਿਉਂਕਿ ਉਹਨਾਂ ਨੂੰ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਆਪਣੀਆਂ ਮੁਸ਼ਕਲਾਂ ਵਰਗੀਆਂ ਹੀ ਜਾਪਦੀਆਂ ਸਨ। ਉਥੇ ਵੀ ਪੁਲਸ ਨੂੰ 'ਸਬਕ ਸਿਖਾਉਣ' ਲਈ ਫੌਜ ਦੀ ਵਰਤੋਂ ਕੀਤੀ ਗਈ। ਇਸੇ ਤਰ੍ਹਾਂ ਉੱਤਰ ਪਰਦੇਸ ਦੇ ਕਈ ਹੋਰਨੀ ਥਾਵੀਂ, ਪੰਜਾਬ ਅਤੇ ਹੋਰਨਾਂ ਸੂਬਿਆਂ ਵਿਚ ਵੀ ਪੁਲੀਸ ਦੇ ਘੋਲਾਂ ਨੂੰ ਫੌਜ ਦੀ ਵਰਤੋਂ ਕਰਕੇ ਦਬਾਅ ਦਿੱਤਾ ਗਿਆ।

ਇਸੇ ਸਰਕਾਰ ਵੱਲੋਂ 1975-76 ਵਿਚ ਲਾਈ ਗਈ ਐਮਰਜੈਂਸੀ ਦਾ ਹਾਲ ਤਾਂ ਕਿਸੇ ਤੋਂ ਵੀ ਛੁਪਿਆ ਨਹੀਂ। ਇਸ ਸਮੇਂ ਦੌਰਾਨ ਤਿੰਨ ਲੱਖ ਤੋਂ ਉਪਰ ਲੋਕਾਂ ਨੂੰ ਜੇਲ੍ਹਾਂ ਵਿਚ ਸੁੱਟਿਆ ਗਿਆ। ਕੋਈ ਵਿਅਕਤੀ ਵੀ ਬਿਨਾਂ ਕਿਸੇ ਕਾਰਨ ਗ੍ਰਿਫਤਾਰ ਕੀਤਾ ਜਾ ਸਕਦਾ ਸੀ। ਅਣਮਿਥੇ ਸਮੇਂ ਲਈ ਜੇਲ੍ਹ ਵਿਚ ਰੱਖਿਆ ਜਾ ਸਕਦਾ ਸੀ। ਸਮੁੱਚੇ ਭਾਰਤ ਵਿਚ ਉਸ ਵੇਲੇ ਕਿਸੇ ਕਿਸਮ ਦੀ ਵੀ ਅਜ਼ਾਦੀ ਨਹੀਂ ਸੀ। ਇੰਦਰਾ ਗਾਂਧੀ ਦੇ ਛੋਕਰੇ ਦੇ ਇਸ਼ਾਰੇ 'ਤੇ ਅਣਗਿਣਤ ਲੋਕਾਂ ਦੀ ਜਬਰੀ ਨਸਬੰਦੀ ਕੀਤੀ ਗਈ। ਦਿੱਲੀ ਬੰਬਈ ਵਰਗੇ ਸ਼ਹਿਰਾਂ ਨੂੰ ਸੁੰਦਰ ਬਣਾਉਣ ਦੇ ਨਸ਼ੇ ਵਿਚ ਹਜ਼ਾਰਾਂ ਗਰੀਬ ਬੇਘਰ ਲੋਕਾਂ ਦੇ ਸਿਰ ਲੁਕੋਣ ਵਾਲੀਆਂ ਝੁੱਗੀਆਂ ਨੂੰ ਬੁਲਡੋਜ਼ਰਾਂ ਨਾਲ ਢਾਹਿਆ ਗਿਆ।

ਦੇਸ਼ ਦੇ ਕਿੰਨੇ ਹੀ ਹਿੱਸਿਆਂ ਵਿਚ ਜਿਵੇਂ ਬੰਗਾਲ, ਬਿਹਾਰ, ਆਂਧਰਾ ਪਰਦੇਸ ਆਦਿ ਵਿਚ ਕਿੰਨੇ ਹੀ ਇਲਾਕਿਆਂ ਨੂੰ ਗੜਬੜ

ਵਾਲੇ ਇਲਾਕੇ ਕਰਾਰ ਦੇ ਕੇ ਕਈ ਸਾਲਾਂ ਤੋਂ ਫੌਜ ਤਾਇਨਾਤ ਕੀਤੀ ਹੋਈ ਹੈ। ਇਨ੍ਹਾਂ ਇਲਾਕਿਆਂ ਦੇ ਲੋਕਾਂ ਦਾ ਸਿਰਫ ਇਹੀ 'ਕਸੂਰ' ਹੈ ਕਿ ਇਹਨਾਂ ਨੇ ਤਾਕਤਵਰ ਜ਼ਿਮੀਦਾਰਾਂ ਦੇ ਅੱਤਿਆਚਾਰਾਂ ਤੋਂ ਬਚਣ ਲਈ ਜੱਥੇਬੰਦ ਹੋਣਾ ਸ਼ੁਰੂ ਕਰ ਦਿੱਤਾ ਸੀ। ਆਂਧਰਾ ਪਰਦੇਸ ਦੇ ਕਈ ਇਲਾਕੇ ਜਿਵੇਂ ਕਰੀਮਨਗਰ, ਅਦੀਲਾਬਾਦ ਤੇ ਗੋਦਾਵਰੀ ਇਸ ਦੀ ਖਾਸ ਉਦਾਹਰਣ ਹਨ। ਦੇਸ਼ ਦੇ ਕਈ ਪਛੜੇ ਇਲਾਕਿਆਂ ਵਿਚ ਜ਼ਿਮੀਦਾਰ ਆਪਣੇ ਗੁੰਡੇ ਅਨਸਰਾਂ ਦੀ ਮਦਦ ਨਾਲ ਕਈ ਵਾਰੀ ਗਰੀਬਾਂ ਦੀਆਂ ਬਸਤੀਆਂ ਦੀਆਂ ਬਸਤੀਆਂ ਜਾਲ ਕੇ ਰਾਖ ਕਰ ਦਿੰਦੇ ਹਨ, ਜਿਸਦੀ ਕਿੰਨੀ ਦੇਰ ਬਾਹਰ ਖ਼ਬਰ ਤੱਕ ਨਹੀਂ ਨਿਕਲਣ ਦਿੱਤੀ ਜਾਂਦੀ।

ਇਸੇ ਸਾਲ 1984 ਦੇ ਮਾਰਚ ਮਹੀਨੇ ਵਿਚ ਉੜੀਸਾ ਦੀ ਇਕ ਬੰਦਰਗਾਹ ਪਰਾਦੀਪ ਵਿਖੇ ਮਜ਼ਦੂਰਾਂ ਦੀ ਹੜਤਾਲ ਤੋੜਨ ਲਈ ਸ਼ਰੇਆਮ ਤਾਕਤ ਦੀ ਵਰਤੋਂ ਕੀਤੀ ਗਈ। ਅਖਬਾਰਾਂ ਵਿਚ ਛਪੇ ਵੱਖ ਵੱਖ ਅੰਕੜਿਆਂ ਮੁਤਾਬਕ ਛੇ ਹਜ਼ਾਰ ਤੋਂ ਵੱਧ ਮਜ਼ਦੂਰਾਂ ਨੂੰ ਕਤਲ ਕੀਤਾ ਗਿਆ ਹੈ। ਕਿਉਂਕਿ ਇਹ ਤਾਂ ਮਜ਼ਦੂਰਾਂ ਦੀ ਹੜਤਾਲ ਸੀ, ਇਹਦੇ 'ਚੋਂ ਅਮਰੀਕਾ ਨੂੰ ਕੀ ਫਾਇਦਾ ਹੋਣਾ ਸੀ, ਇਸ ਕਰਕੇ ਇਨੀ ਗਿਣਤੀ ਵਿਚ ਲੋਕਾਂ ਦਾ ਕਤਲ ਕੀਤੇ ਜਾਣਾ ਵੀ ਪੱਛਮ ਲਈ ਕੋਈ ਖਾਸ ਖਬਰ ਨਹੀਂ ਸੀ। ਪਰ ਉਨ੍ਹਾਂ ਦਿਨਾਂ ਵਿਚ ਹੀ ਅੰਮ੍ਰਿਤਸਰੋਂ 'ਸੰਤਾਂ' ਦਾ ਹਰ ਬਿਆਨ ਛਾਪਿਆ ਜਾ ਰਿਹਾ ਸੀ।

ਉਪਰੋਕਤ ਉਦਾਹਰਣ ਦੇਣ ਦਾ ਮਕਸਦ ਇਹੀ ਦਰਸਾਉਣਾ ਸੀ ਕਿ ਜਿਹੋ ਜਿਹੀ ਦੁਖਦਾਈ ਸਥਿਤੀ ਪੰਜਾਬ ਵਿਚ ਪੈਦਾ ਹੋਈ ਹੈ ਤੇ ਆਪਣੇ ਆਪ ਵਿਚ ਬਹੁਤ ਭਿਆਨਕ ਹੈ; ਭਾਰਤ ਦੇ ਪਰਸੰਗ ਵਿਚ ਇਹ ਕੋਈ ਇੰਨੀ ਅਜੀਬ ਗੱਲ ਨਹੀਂ ਹੈ। ਭਾਰਤ ਦੇ ਹੋਰ ਲੋਕ ਵੀ ਇਸ ਸਰਕਾਰ ਹੱਥੋਂ ਇਵੇਂ ਹੀ ਤੰਗ ਹਨ ਅਤੇ ਭਾਰਤ ਦੇ ਹੋਰਨਾਂ ਹਿੱਸਿਆਂ ਵਿਚ ਜ਼ਿਆਦਾ ਹਿੰਦੂ ਹੀ ਰਹਿੰਦੇ ਹਨ। ਪੰਜਾਬ ਵਿਚ ਵਾਪਰਦੀਆਂ ਘਟਨਾਵਾਂ ਨੂੰ ਵੀ ਭਾਰਤ ਦੇ ਪਰਸੰਗ ਵਿੱਚ ਹੀ ਦੇਖਣਾ ਚਾਹੀਦਾ ਹੈ ਤਾਂ ਹੀ ਅਸੀਂ ਇਸ ਬਾਰੇ ਸਹੀ ਸਿੱਟੇ ਕੱਢ ਸਕਦੇ ਹਾਂ।

ਪੰਜਾਬ ਵਿਚ ਵਾਪਰੀ ਇਸ ਘਟਨਾ ਨਾਲ ਬਾਹਰ ਵਸਦੇ ਸਿੱਖਾਂ ਦੇ ਮਨਾਂ ਉੱਪਰ ਵੀ ਬਹੁਤ ਡੂੰਘਾ ਅਸਰ ਹੋਇਆ ਹੈ। ਛੇ ਜੂਨ ਦੇ ਫੌਜੀ ਹਮਲੇ ਵਿਰੁੱਧ ਦਸ ਜੂਨ ਵਾਲੇ ਦਿਨ ਵੈਨਕੂਵਰ ਵਿਚ ਵੀਹ ਹਜ਼ਾਰ ਤੋਂ ਉੱਪਰ ਲੋਕਾਂ ਨੇ ਰੋਸ ਮੁਜ਼ਾਹਰਾ ਕੀਤਾ। ਇਸੇ ਤਰਾਂ ਕੈਨੇਡਾ ਅਤੇ ਇੰਗਲੈਂਡ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਰੋਸ ਮੁਜ਼ਾਹਰੇ ਕੀਤੇ ਗਏ। ਧਾਰਮਿਕ ਅਸਥਾਨ ਵਿਰੁੱਧ ਹੋਏ ਇਸ ਘਿਨਾਉਣੇ ਹਮਲੇ ਵਿਰੁੱਧ ਇਹਨਾਂ ਲੋਕਾਂ ਦਾ ਗੁੱਸਾ ਪੂਰੀ ਤਰ੍ਹਾਂ ਜਾਇਜ਼ ਸੀ ਪਰ ਇਸ ਗੁੱਸੇ ਨੂੰ ਵੱਖਵਾਦੀਆਂ ਨੇ ਗਲਤ ਪਾਸੇ ਵਰਤਣ ਦੀ ਪੂਰੀ ਕੋਸ਼ਿਸ਼ ਕੀਤੀ। ਖ਼ਾਲਿਸਤਾਨ ਦਾ ਨਾਅਰਾ ਹੀ ਨਹੀਂ ਬੁਲੰਦ ਕੀਤਾ ਗਿਆ, ਸਗੋਂ ਨਾਅਰਾ ਨਾ ਲਾਉਣ ਵਾਲੇ ਨੂੰ 'ਗੱਦਾਰ', 'ਇੰਦਰਾ ਦਾ ਚਮਚਾ' ਆਦਿ ਤਰੀਕਿਆਂ ਨਾਲ ਸੰਬੋਧਨ ਕੀਤਾ ਗਿਆ। ਹਿੰਦੂਆਂ ਵਿਰੁੱਧ ਖੁੱਲ੍ਹਾ ਪਰਚਾਰ ਕੀਤਾ ਗਿਆ। ਭਾਵੇਂ ਹਰਿਮੰਦਰ ਸਾਹਿਬ ਉੱਪਰ ਹੋਏ ਹਮਲੇ ਵਿਰੁੱਧ ਰੋਸ ਵਜੋਂ ਵੈਨਕੂਵਰ ਵਿਚ ਹਿੰਦੂਆਂ ਨੇ ਆਪਣੇ ਸਟੋਰ ਬੰਦ ਕੀਤੇ ਪਰ ਫੇਰ ਵੀ ਲੋਕਾਂ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਕਿ ਹਰਿਮੰਦਰ ਸਾਹਿਬ ਉੱਪਰ ਹਮਲੇ ਦੇ ਦੋਸ਼ੀ ਇਥੋਂ ਦੇ ਹਿੰਦੂ ਵੀ ਉਨੇ ਹੀ ਹਨ, ਜਿੰਨੀ ਭਾਰਤ ਦੀ ਸਰਕਾਰ। ਹਿੰਦੂਆਂ ਦੇ ਸਟੋਰਾਂ ਦਾ ਬਾਈਕਾਟ ਕਰਨ ਦੇ ਮਤੇ ਪਾਸ ਕੀਤੇ ਗਏ। ਗੁਰਦੁਆਰਿਆਂ ਵਿੱਚੋਂ ਇਹ ਪਰਚਾਰ ਕੀਤਾ ਗਿਆ ਕਿ "ਅਸੀਂ (ਸਿੱਖਾਂ) ਹਿੰਦੂਆਂ ਅਤੇ ਸਿੱਖਾਂ ਵਿਚਕਾਰ ਇੱਕ ਪੱਕੀ ਕੰਧ ਖੜ੍ਹੀ ਕਰਨੀ ਹੈ। ਜੋ ਕੁਝ ਹਿੰਦੂ ਖਾਂਦੇ ਹਨ, ਉਹ ਅਸੀਂ ਖਾਣਾ ਨਹੀਂ; ਜੋ ਹਿੰਦੂ ਪਹਿਨਦੇ ਹਨ, ਉਹ ਅਸੀਂ ਪਹਿਨਣਾ ਨਹੀਂ; ਜੋ ਹਿੰਦੂ ਪੀਂਦੇ ਹਨ, ਉਹ ਅਸੀਂ ਪੀਣਾ ਨਹੀਂ। ਇਸ ਤਰਾਂ ਕੈਨੇਡਾ ਵਿਚ ਰਹਿ ਰਹੀ ਭਾਰਤੀ ਕਮਿਊਨਿਟੀ ਆਪਣੇ 80-85 ਸਾਲਾਂ ਦੇ ਇਤਿਹਾਸ ਵਿਚ ਪਹਿਲੀ ਵਾਰੀ ਧਰਮਾਂ ਦੇ ਨਾਂ 'ਤੇ ਵੰਡੀ ਗਈ। ਦੁੱਖ ਅਤੇ ਗੁੱਸੇ ਭਰੇ ਦਿਲਾਂ ਨੂੰ ਗ਼ਲਤ ਸੇਧ ਦਿੱਤੀ ਗਈ।

ਇਹੋ ਜਿਹੀ ਸਥਿਤੀ ਹੋਣੇ ਜੇ ਕਿਸੇ ਨੇ ਇਸ ਗਲਤ ਰੁਝਾਨ ਵੱਲ ਉਂਗਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ 'ਮਹਾਸ਼ਾ' 'ਇੰਦਰਾ ਦਾ ਚਮਚਾ', 'ਸਿੱਖ ਕੌਮ ਦਾ ਗੱਦਾਰ' ਕਿਹਾ ਗਿਆ। ਫੋਨਾਂ ਉੱਪਰ ਧਮਕੀਆਂ ਦਿੱਤੀਆਂ ਗਈਆਂ। ਉਹਨਾਂ ਅਖਬਾਰਾਂ ਦਾ ਬਾਈਕਾਟ ਕੀਤਾ ਗਿਆ ਜਿਨ੍ਹਾਂ ਨੇ ਬੈਲੈਂਸ ਖ਼ਬਰ ਦੇਣ ਦੀ ਕੋਸ਼ਿਸ਼ ਕੀਤੀ। ਅਖਬਾਰਾਂ ਨੂੰ ਸਟੋਰਾਂ ਵਿੱਚੋਂ ਚੁੱਕ ਕੇ 'ਗਾਰਬੇਜ਼' (ਕੂੜੇ) ਵਿਚ ਸੁੱਟਿਆ ਗਿਆ। ਕੁਝ ਇਕ ਬੰਦਿਆਂ ਵੱਲੋਂ ਸਮੁੱਚੀ ਭਾਰਤੀ ਕਮਿਊਨਿਟੀ ਦੀ ਆਪਣੇ ਖਿਆਲ ਪਰਗਟ ਕਰਨ ਦੀ ਅਜ਼ਾਦੀ ਦਾ ਗਲਾ ਘੁੱਟਿਆ ਗਿਆ। ਉਨ੍ਹਾਂ ਮੁਤਾਬਕ ਸਿਰਫ ਉਹ ਹੀ ਲੋਕ ਬੋਲ ਸਕਦੇ ਹਨ, ਜਿਹੜੇ ਉਹਨਾਂ ਦੇ ਵੱਲ ਦੀ ਗੱਲ ਕਰਦੇ ਹੋਣ। ਜੇ ਕਿਸੇ ਨੇ ਉਹਨਾਂ ਦੇ ਵਿਰੁੱਧ ਬੋਲਣਾ ਚਾਹਿਆ ਤਾਂ ਉਨ੍ਹਾਂ ਦੇ ਨਾਂ ਇਥੋਂ ਦੀ 'ਹਿੱਟ ਲਿਸਟ' ਉੱਪਰ ਲਿਖੇ ਜਾਣ ਦੀ ਚਰਚਾ ਹੋਈ। ਇਥੇ ਹੋ ਰਹੀਆਂ ਇਸ ਕਿਸਮ ਦੀਆਂ ਘਟਨਾਵਾਂ ਨੇ ਭਾਰਤੀ ਕਮਿਊਨਿਟੀ ਨੂੰ ਇਕ ਗੰਭੀਰ ਮੋੜ ਉੱਤੇ ਲਿਆ ਖੜ੍ਹਾ ਕੀਤਾ।

ਇਸ ਤਰ੍ਹਾਂ ਦੇ ਹਾਲਾਤ ਪੈਦਾ ਕਰਨ ਵਿਚ ਸਭ ਤੋਂ ਵੱਡਾ ਹੱਥ ਤਾਂ ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ, ਇੰਦਰਾ ਗਾਂਧੀ ਦੀ ਸਰਕਾਰ ਦਾ ਹੈ ਜਿਸ ਨੇ ਆਪਣੀ ਸਿਆਸੀ ਬਾਜ਼ੀ ਲਈ ਲੱਖਾਂ-ਕਰੋੜਾਂ ਲੋਕਾਂ ਦੇ ਜਜ਼ਬਿਆਂ ਦੀ ਪਰਵਾਹ ਨਾ ਕਰਦੇ ਹੋਏ ਹਰਿਮੰਦਰ ਸਾਹਿਬ ਉੱਪਰ ਫੌਜ ਨਾਲ ਹਮਲਾ ਕੀਤਾ। ਉਸ ਤੋਂ ਬਾਅਦ ਏਥੋਂ ਦੇ ਕੁਝ ਮੌਕਾ-ਪ੍ਰਸਤ ਲੀਡਰਾਂ ਅਤੇ ਅਖ਼ਬਾਰਾਂ ਨੇ ਇਸ ਹਾਲਾਤ ਨੂੰ ਵਿਗਾੜਨ ਲਈ ਨਹਿਲੇ ਉੱਤੇ ਦਹਿਲੇ ਵਾਲੀ ਗੱਲ ਕੀਤੀ। ਪੰਜਾਬ ਬਾਰੇ ਇਹਨਾਂ ਅਖ਼ਬਾਰਾਂ ਵਿਚ ਛਪਦੀਆਂ ਖਬਰਾਂ ਕਿਸੇ ਹੱਦ ਤੱਕ ਸੱਚੀਆਂ ਹੋ ਸਕਦੀਆਂ ਹਨ। ਫੌਜ ਤੇ ਪੁਲੀਸ ਦੇ ਅੱਤਿਆਚਾਰਾਂ ਦੀਆਂ ਖਬਰਾਂ ਠੀਕ ਹੋ ਸਕਦੀਆਂ ਹਨ। ਪਰ ਜਦੋਂ ਇਹੋ ਜਿਹੀਆਂ ਖ਼ਬਰਾਂ ਸਿਰਫ ਪੰਜਾਬ ਬਾਰੇ ਹੀ ਦਿੱਤੀਆਂ ਜਾਣ ਤਾਂ ਇਸ ਦਾ ਅਸਰ ਹੋਰ ਪੈਂਦਾ ਹੈ। ਭਾਰਤ ਵਿਚ ਕੇਂਦਰ ਦੀ ਅਮੀਰ ਸਰਕਾਰ ਸਾਰੇ ਦੇਸ਼ ਵਿਚ ਲੋਕਾਂ ਉੱਤੇ ਜ਼ੁਲਮ ਕਰਦੀ ਹੈ, ਜਿਸਦੀਆਂ ਕੁਝ ਉਦਾਹਰਣਾਂ ਅਸੀਂ ਪਹਿਲਾਂ ਦਿੱਤੀਆਂ ਹਨ। ਇਹ ਜ਼ੁਲਮ ਆਮ ਤੌਰ 'ਤੇ ਉਨ੍ਹਾਂ ਲੋਕਾਂ ਨਾਲ ਹੁੰਦੇ ਹਨ ਜਿਹਨਾਂ ਦਾ ਇਥੋਂ ਦੀਆਂ ਕੁਝ ਅਖ਼ਬਾਰਾਂ ਮੁਤਾਬਕ ਭਾਰਤ ਉੱਪਰ ਰਾਜ ਹੈ। ਭਾਰਤ ਵਿਚ ਰਾਜ ਹਿੰਦੂਆਂ ਦਾ ਨਹੀਂ, ਅਮੀਰਾਂ ਦਾ ਹੈ ਜਿਹਦੇ ਵਿਚ ਸਿੱਖ ਵੀ, ਹਿੰਦੂ ਵੀ ਅਤੇ ਮੁਸਲਮਾਨ ਵੀ ਸ਼ਾਮਿਲ ਹਨ। ਪਰ ਸਾਨੂੰ ਇਥੇ ਲਗਾਤਾਰ ਇਹ ਦੱਸਿਆ ਜਾ ਰਿਹਾ ਹੈ ਕਿ ਭਾਰਤ ਵਿਚ ਹਿੰਦੂਆਂ ਦਾ ਰਾਜ ਹੈ ਅਤੇ ਉਹ ਸਿੱਖਾਂ ਨੂੰ ਮਿਟਾਉਣ ਉੱਤੇ ਤੁੱਲੇ ਹੋਏ ਹਨ। ਕੀ ਕਲਕੱਤੇ, ਬੰਬਈ ਦੀਆਂ ਸੜਕਾਂ 'ਤੇ ਭੁੱਖ ਨਾਲ ਅੱਡੀਆਂ ਰਗੜਨ ਵਾਲੇ ਸਾਰੇ ਸਿੱਖ ਹਨ? ਮੁਸਲਮਾਨ ਹਨ?

ਇਥੇ ਗੁਰਦੁਆਰਿਆਂ ਵਿਚ ਤੇ ਅਖਬਾਰਾਂ ਵਿਚ ਆਮ ਪਰਚਾਰ ਕੀਤਾ ਜਾ ਰਿਹਾ ਹੈ ਕਿ ਭਾਰਤ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਸਿੱਖਾਂ ਨੇ ਕੀਤੀਆਂ। ਆਮ ਤੌਰ 'ਤੇ ਸਿੱਧਾ ਇਹੋ ਕਿਹਾ ਜਾਂਦਾ ਹੈ ਕਿ ਸਿੱਖਾਂ ਨੇ ਹੀ ਹਿੰਦੂਆਂ ਨੂੰ ਰਾਜ ਲੈ ਕੇ ਦਿੱਤਾ ਅਤੇ ਹੁਣ ਇਹ ਰਾਜ ਕਰਦੇ ਹਿੰਦੂ ਸਿੱਖਾਂ ਨੂੰ ਹੀ ਖ਼ਤਮ ਕਰਨ 'ਤੇ ਤੁਲੇ ਹੋਏ ਹਨ। ਇਹ ਠੀਕ ਹੈ ਕਿ ਸਰਕਾਰ (ਇਕੱਲੀ ਭਾਰਤ ਦੀ ਹੀ ਨਹੀਂ) ਹਮੇਸ਼ਾ ਧਰਮ, ਰੰਗ ਤੇ ਨਸਲ ਆਦਿ ਨੂੰ ਲੋਕਾਂ ਨੂੰ ਪਾੜਨ ਲਈ ਵਰਤਦੀ ਹੈ। ਤੇ ਇਸ ਚੱਕਰ ਵਿਚ ਬੱਲੇ ਆਈ

ਧਿਰ ਨੂੰ ਹਮੇਸ਼ਾ ਇਹ ਮਹਿਸੂਸ ਹੁੰਦਾ ਹੈ ਕਿ ਉਹਨਾਂ ਦੇ ਧਰਮ ਨੂੰ ਖ਼ਤਮ ਕਰਨ ਦਾ ਹੀ ਸਾਰਾ ਮਸਲਾ ਹੈ। ਸਰਕਾਰ ਹਮੇਸ਼ਾ ਇਹੋ ਚਾਹੁੰਦੀ ਹੈ ਕਿ ਅਸੀਂ ਇਹੋ ਸੋਚੀਏ ਕਿ ਸਾਡੇ ਧਰਮ ਨੂੰ ਖ਼ਤਰਾ ਹੈ; ਇਸ ਨਾਲ ਉਹਨਾਂ ਦੇ ਫ਼ਿਕਰ ਘਟ ਜਾਂਦੇ ਹਨ। ਕਿਉਂਕਿ ਲੋਕ ਇਕ ਦੂਜੇ ਨਾਲ ਲੜਨਾ ਸ਼ੁਰੂ ਕਰ ਦਿੰਦੇ ਹਨ ਅਤੇ ਸਰਕਾਰ ਦੀ ਕੁਰਸੀ ਕਾਇਮ ਰਹਿੰਦੀ ਹੈ ਇਸੇ ਕਰਕੇ ਇਹ ਜ਼ਰੂਰੀ ਹੈ ਕਿ ਅਸੀਂ ਉਹੋ ਕੁਝ ਨਾ ਕਰੀਏ ਜੋ ਸਰਕਾਰ ਚਾਹੁੰਦੀ ਹੈ ਕਿ ਅਸੀਂ ਕਰੀਏ। ਸਾਨੂੰ ਭਗਤ ਸਿੰਘ, ਊਧਮ ਸਿੰਘ ਅਤੇ ਹੋਰ ਹਜ਼ਾਰਾਂ ਆਜ਼ਾਦੀ ਦੀ ਲੜਾਈ ਵਿਚ ਸ਼ਹੀਦ ਹੋਣ ਵਾਲਿਆਂ ਤੋਂ ਜ਼ਰੂਰ ਕੋਈ ਸਿੱਖਿਆ ਲੈਣੀ ਚਾਹੀਦੀ ਹੈ। ਜਿਹੜੇ ਵੀ ਲੋਕਾਂ ਨੇ ਆਜ਼ਾਦੀ ਲਈ ਕੁਰਬਾਨੀ ਦਿੱਤੀ, ਉਹ ਉਹਨਾਂ ਨੇ ਇਸ ਕਰਕੇ ਨਹੀਂ ਦਿੱਤੀ ਕਿ ਉਹ ਸਿੱਖ ਸਨ ਅਤੇ ਉਹ ਸਿੱਖ ਧਰਮ ਨੂੰ ਬਚਾਉਣਾ ਚਾਹੁੰਦੇ ਸਨ। ਉਹਨਾਂ ਨੇ ਕੁਰਬਾਨੀ ਭਾਰਤੀ ਹੋਣ ਦੇ ਨਾਤੇ ਦਿੱਤੀ, ਭਾਰਤ ਨੂੰ ਆਜ਼ਾਦ ਕਰਾਉਣ ਲਈ। ਇਸੇ ਕਰਕੇ ਊਧਮ ਸਿੰਘ ਨੇ ਆਪਣਾ ਨਾਂ ਰਾਮ ਮੁਹੰਮਦ ਸਿੰਘ ਆਜ਼ਾਦ ਰੱਖਿਆ ਹੋਇਆ ਸੀ। ਉਹ ਇਕੱਲੇ ਸਿੱਖਾਂ ਲਈ ਹੀ ਨਹੀਂ ਸਮੁੱਚੇ ਭਾਰਤੀ ਲੋਕਾਂ ਲਈ ਕੁਰਬਾਨ ਹੋਇਆ। ਅਤੇ ਭਗਤ ਸਿੰਘ ਬਾਰੇ ਤਾਂ ਹੁਣ ਕਿਸੇ ਨੂੰ ਇਹੋ ਜਿਹਾ ਸ਼ੱਕ ਰਹਿ ਹੀ ਨਹੀਂ ਗਿਆ। ਫਾਂਸੀ ਲੱਗਣ ਤੋਂ ਕੁਝ ਦਿਨ ਪਹਿਲਾਂ ਲਿਖਿਆ ਉਹਦਾ ਲੇਖ 'ਮੈਂ ਨਾਸਤਕ ਕਿਉਂ ਹਾਂ?'* ਭਗਤ ਸਿੰਘ ਦੇ ਧਰਮ ਬਾਰੇ, ਦੇਸ਼ ਬਾਰੇ, ਲੋਕਾਂ ਬਾਰੇ ਵਿਚਾਰ ਪੂਰੀ ਤਰਾਂ ਸਾਫ਼ ਕਰ ਦਿੰਦਾ ਹੈ। ਹਰ ਪੰਜਾਬੀ ਨੂੰ ਇਹ ਲੇਖ ਪੜ੍ਹਨਾ ਚਾਹੀਦਾ ਹੈ। ਭਗਤ ਸਿੰਘ ਨੇ ਇਹ ਲੇਖ ਅੱਧੀ ਸਦੀ ਪਹਿਲਾਂ ਲਿਖਿਆ ਸੀ। ਸਾਨੂੰ ਚਾਹੀਦਾ ਹੈ ਕਿ ਉਹਦੇ ਦੱਸੇ ਰਾਹਾਂ 'ਤੇ ਅੱਗੇ ਵਧੀਏ ਨਾ ਕਿ ਮੁੜ ਧਾਰਮਿਕ ਜਨੂੰਨ ਦੇ ਹਨੇਰੇ ਵਿਚ ਗੁਆਚੇ ਫਿਰੀਏ। ਅਸੀਂ ਜੋ ਭਾਰਤ ਤੋਂ ਬਾਹਰ ਰਹਿੰਦੇ ਹਾਂ ਅਤੇ ਸਿੱਧੇ ਤੌਰ 'ਤੇ ਪੰਜਾਬ ਵਿਚਲੀ ਸਥਿਤੀ ਤੋਂ ਬਾਹਰ ਹਾਂ, ਇਹਨਾਂ ਗੱਲਾਂ ਬਾਰੇ ਹੋਰ ਵੀ ਧਿਆਨ ਨਾਲ ਸੋਚੀਏ।

ਜਿਵੇਂ ਪੰਜਾਬ ਵਿਚ ਫ਼ੌਜ ਦੀ ਦਖ਼ਲ-ਅੰਦਾਜ਼ੀ ਨਾਲ ਉਥੋਂ ਦੇ ਆਮ ਲੋਕਾਂ ਦੇ ਦਿਲਾਂ ਉੱਪਰ ਅਸਹਿ ਸੱਟ ਲੱਗੀ ਹੈ, ਇਸੇ ਤਰਾਂ ਇਸ ਦਾ ਅਸਰ ਸਾਡੇ ਇਥੋਂ ਦੇ ਦਿਲਾਂ ਉੱਪਰ ਵੀ ਪੈ ਰਿਹਾ ਹੈ। ਸਾਡੀ ਇਥੋਂ ਦੀ ਸਭ ਤੋਂ ਵੱਡੀ ਸਮੱਸਿਆ ਨਸਲਵਾਦ ਵਿਰੁੱਧ ਲੜਾਈ ਲੜਨ ਦੀ ਹੈ। ਨਸਲਵਾਦ ਵਿਰੁੱਧ ਜਦੋਜਹਿਦ ਅਸੀਂ ਤਾਂ ਹੀ ਕਰ ਸਕਦੇ ਹਾਂ ਜੇ ਸਾਡੀ ਆਪਸੀ ਏਕਤਾ ਹੋਵੇਗੀ। ਅਤੇ ਨਾਲ ਹੀ ਅਸੀਂ ਨਸਲਵਾਦ ਵਿਰੁੱਧ ਤਾਂ ਹੀ ਪ੍ਰਭਾਵਸ਼ਾਲੀ ਲੜਾਈ ਲੜ ਸਕਾਂਗੇ ਜੇ ਅਸੀਂ ਖ਼ੁਦ ਇਸ ਬੀਮਾਰੀ ਦੇ ਸ਼ਿਕਾਰ ਨਾ ਹੋਈਏ। ਇਸ ਕਰਕੇ ਸਾਡੇ ਇਥੇ ਰਹਿਣ ਵਾਲਿਆਂ ਲਈ ਇਹ ਬਹੁਤ ਹੀ ਜ਼ਰੂਰੀ ਹੈ ਕਿ ਅਸੀਂ ਆਪਣੇ ਵਿਚ ਧਰਮ ਦੇ ਨਾਂ 'ਤੇ ਪਾੜੇ ਨਾ ਪੈਣ ਦੇਈਏ। ਇਸ ਤੋਂ ਮਤਲਬ ਇਹ ਨਹੀਂ ਕਿ ਸਾਨੂੰ ਭਾਰਤ ਵਿਚ ਵਾਪਰਦੀਆਂ ਘਟਨਾਵਾਂ ਬਾਰੇ ਸੋਚਣਾ, ਬੋਲਣਾ ਜਾਂ ਕੁਝ ਕਰਨਾ ਨਹੀਂ ਚਾਹੀਦਾ। ਪਰ ਸਾਨੂੰ ਨਾਲ ਹੀ ਇਸ ਗੱਲ ਦਾ ਜ਼ਰੂਰ ਧਿਆਨ ਰੱਖਣਾ ਚਾਹੀਦਾ ਹੈ ਕਿ ਸਾਡੀਆਂ ਦੇਸ਼ ਬਾਰੇ ਗਤੀਵਿਧੀਆਂ ਸਾਡੀ ਇਥੋਂ ਦੀ ਜਦੋਜਹਿਦ ਉੱਪਰ ਮਾੜਾ ਅਸਰ ਨਾ ਕਰਨ।

ਸਾਨੂੰ ਹੁਣ ਇਹ ਗੱਲ ਮੰਨ ਲੈਣੀ ਚਾਹੀਦੀ ਹੈ ਕਿ ਅਸੀਂ ਆਪਣਾ ਦੇਸ਼ ਛੱਡ ਕੇ ਬਾਹਰ ਆ ਕੇ ਆਪਣਾ ਘਰ ਬਣਾਉਣ ਦੀ ਕੋਸ਼ਿਸ਼ ਵਿਚ ਹਾਂ। ਇਸ ਕੋਸ਼ਿਸ਼ ਵਿਚ ਸਾਡੀਆਂ ਬੇਸ਼ੁਮਾਰ ਮੁਸ਼ਕਲਾਂ ਹਨ ਜਿਨ੍ਹਾਂ ਬਾਰੇ ਅਜੇ ਅਸੀਂ ਪੂਰੀ ਤਰ੍ਹਾਂ ਵਾਕਿਫ਼ ਵੀ ਨਹੀਂ। ਉਦਾਹਰਣ ਵਜੋਂ ਅਜੇ ਅਸੀਂ ਇਕ ਸਮੁੱਚੀ ਕਮਿਊਨਿਟੀ ਦੇ ਤੌਰ 'ਤੇ ਸਿਰਫ਼ ਦੋ ਹੀ ਮੁਸ਼ਕਲਾਂ ਤੋਂ ਵਾਕਿਫ਼ ਹਾਂ ਤੇ ਉਹਦੇ ਲਈ ਹੀ ਕਮਿਊਨਿਟੀ ਦੀ ਪੱਧਰ 'ਤੇ ਜਦੋਜਹਿਦ ਕਰਦੇ ਹਾਂ। ਇਹ ਦੋ ਮੁਸ਼ਕਲਾਂ ਹਨ: ਨਸਲਵਾਦ ਅਤੇ ਇੰਮੀਗਰੇਸ਼ਨ। ਤੇ ਇਹ ਦੋ ਮੁਸ਼ਕਲਾਂ ਜਦੋਂ ਦੇ ਸਾਡੇ ਬਜ਼ੁਰਗ ਇਥੇ ਆਏ ਹਨ, ਉਦੋਂ ਦੀਆਂ ਹੀ ਚੱਲੀਆਂ ਆ ਰਹੀਆਂ ਹਨ। ਪਰ ਕੀ ਇਹਨਾਂ ਤੋਂ ਬਿਨਾਂ ਸਾਡੀਆਂ ਕੋਈ ਹੋਰ ਮੁਸ਼ਕਲਾਂ ਨਹੀਂ? ਜੇ ਜ਼ਰਾ ਧਿਆਨ ਦੇਈਏ ਤਾਂ ਬਹੁਤ ਹਨ। ਅਸੀਂ ਅਜੇ ਤੱਕ ਗੁਰਦੁਆਰਿਆਂ ਤੋਂ ਬਿਨਾਂ ਕੈਨੇਡਾ ਵਿਚ ਕੋਈ ਆਪਣਾ ਕਮਿਊਨਿਟੀ ਕੇਂਦਰ ਨਹੀਂ ਉਸਾਰ ਸਕੇ। ਸਾਨੂੰ ਕਿਸੇ ਨੂੰ ਇਹ ਇਲਮ ਨਹੀਂ ਹੈ ਕਿ ਸਾਡੇ ਬੱਚੇ ਸਕੂਲਾਂ ਵਿਚ ਕਿੰਨੀ ਕੁ ਵਧੀਆ ਪੜ੍ਹਾਈ ਕਰਦੇ ਹਨ? ਜੇ ਉਹ ਚੰਗੀ ਤਰਾਂ ਨਹੀਂ ਚੱਲ ਰਹੇ ਤਾਂ ਕਿਉਂ? ਸਕੂਲਾਂ ਤੋਂ ਬਾਹਰ ਸਾਡੇ ਬੱਚੇ ਕੀ ਕਰਦੇ ਹਨ? ਅਸੀਂ ਉਨ੍ਹਾਂ ਦੇ ਕਰਨ ਲਈ ਕੀ ਪੈਦਾ ਕੀਤਾ ਹੈ? ਸਕੂਲ ਜਾਂਦੀਆਂ ਕੁੜੀਆਂ ਨੂੰ ਸਕੂਲ ਤੋਂ ਬਾਹਰ ਕੀ ਅਸੀਂ ਸੱਚਮੁੱਚ ਘਰਾਂ ਵਿਚ ਡੱਕ ਕੇ ਰੱਖ ਸਕਦੇ ਹਾਂ? ਕੀ ਸਾਨੂੰ ਪਤਾ ਹੈ ਕਿ ਸਾਡੇ ਹਾਈ ਸਕੂਲਾਂ ਵਿਚ ਪੜ੍ਹਦੇ ਮੁੰਡੇ ਸ਼ਰਾਬ ਅਤੇ ਹੋਰ ਨਸ਼ਿਆਂ ਬਾਰੇ ਕੀ ਸੋਚਦੇ ਹਨ? ਉਹ ਇਹ ਨਸ਼ੇ ਕਿੰਨੇ ਕੁ ਕਰਦੇ ਹਨ ਤੇ ਕਰਨ ਲਈ ਪੈਸੇ ਕਿਥੋਂ ਲੈਂਦੇ ਹਨ? ਇਹਨਾਂ ਬੱਚਿਆਂ ਦੇ ਮਾਨਸਿਕ ਤੇ ਜਿਸਮਾਨੀ ਵਿਕਾਸ ਲਈ ਅਸੀਂ ਕੀ ਕੋਸ਼ਿਸ਼ਾਂ ਕਰਦੇ ਹਾਂ? ਕੀ ਕਦੇ ਅਸੀਂ ਧਿਆਨ ਨਾਲ ਸੋਚਿਆ ਹੈ ਕਿ ਸਾਡੀ ਕਮਿਊਨਿਟੀ ਖੇਡਾਂ ਦੇ ਖੇਤਰ ਵਿਚ ਕਿੰਨੀ ਪਛੜੀ ਹੋਈ ਹੈ? ਖੇਡਾਂ ਨੂੰ ਸੌੜੀ ਕਿਸਮ ਦੀ ਸਿਆਸਤ ਵਿਚ ਪਾ ਕੇ ਰੋਲ ਦਿੱਤਾ ਗਿਆ ਹੈ। ਗੀਤ, ਸੰਗੀਤ, ਸਾਹਿਤ, ਨਾਟਕ ਤੇ ਲੋਕ ਨਾਚ ਨੂੰ ਅਸੀਂ ਕਮਿਊਨਿਟੀ ਦੇ ਤੌਰ 'ਤੇ ਕਿੰਨਾ ਕੁ ਉਤਸ਼ਾਹਿਤ ਕਰਦੇ ਹਾਂ? ਇਹਨਾਂ ਤੋਂ ਬਿਨਾਂ ਅਸੀਂ ਕੰਮ ਕਰਨ ਵਾਲੇ ਲੋਕਾਂ ਦੀਆਂ ਮੁਸ਼ਕਲਾਂ ਵੱਲ ਅਸੀਂ ਕਿੰਨਾ ਕੁ ਧਿਆਨ ਦਿੰਦੇ ਹਾਂ? ਸਾਨੂੰ 14,000 ਮੀਲ ਦੂਰ ਵਾਪਰੀ ਘਟਨਾ ਇਕ ਦਮ ਝੰਜੋੜ ਕੇ ਰੱਖ ਜਾਂਦੀ ਹੈ ਅਤੇ ਅਸੀਂ ਸਭ ਕੁਝ ਨੂੰ ਤਬਾਹ ਕਰਨ 'ਤੇ ਤੁੱਲ ਜਾਂਦੇ ਹਾਂ। ਪਰ ਵੈਨਕੂਵਰ ਤੋਂ ਪੰਜਾਹ ਮੀਲ ਦੂਰ ਜੋ ਸਾਡੀਆਂ ਮਾਵਾਂ-ਭੈਣਾਂ ਨਾਲ ਫ਼ਾਰਮਾਂ ਵਿਚ ਹੋ ਰਿਹਾ ਹੈ, ਉਸਦਾ ਸਾਡੀ ਸਿਹਤ ਅਤੇ ਅਣਖ 'ਤੇ ਕੋਈ ਫ਼ਰਕ ਨਹੀਂ ਪੈਂਦਾ। ਜਿਸ ਤਰੀਕੇ ਨਾਲ ਸਾਡੇ ਮਜ਼ਦੂਰਾਂ ਦੀ ਸ਼ਰੇਆਮ ਲੁੱਟ ਹੋ ਰਹੀ ਹੈ ਅਤੇ ਕਈ ਵਾਰੀ ਲੁੱਟ ਕਰਨ ਵਾਲੇ ਵੀ ਆਪਣੇ ਹੀ ਬੰਦੇ ਹੁੰਦੇ ਹਨ, ਕੀ ਇਹ ਸਾਡੀ ਸਮੱਸਿਆ ਨਹੀਂ ਹੈ? ਕਲੀਨ-ਅੱਪ ਦਾ ਕੰਮ ਕਰਨ ਵਾਲਿਆਂ ਦੀ ਸ਼ਰੇਆਮ ਲੁੱਟ ਹੁੰਦੀ ਹੈ, ਹੋਟਲਾਂ ਆਦਿ ਵਿਚ ਕੰਮ ਕਰਨ ਵਾਲਿਆਂ ਦੀ ਸ਼ਰੇਆਮ ਲੁੱਟ ਹੁੰਦੀ ਹੈ। ਸਾਡੇ ਸੱਤਰ ਅੱਸੀ ਸਾਲ ਦੇ ਬਜ਼ੁਰਗ ਲੋਕਾਂ ਦੇ ਘਰਾਂ ਵਿਚ 'ਪੇਪਰ' ਸੁੱਟਣ ਜਾਂਦੇ ਕਈ ਵਾਰੀ ਆਪਣੀਆਂ ਪੱਗਾਂ ਲੁਹਾ ਲੈਂਦੇ ਹਨ, ਉਨ੍ਹਾਂ ਦੀ ਸ਼ਰੇਆਮ ਸੜਕਾਂ 'ਤੇ ਬੇਇਜ਼ਤੀ ਕੀਤੀ ਜਾਂਦੀ ਹੈ - ਸਾਡੀ ਅਣਖ ਨੂੰ ਝੰਜੋੜਾ ਕਿਉਂ ਨਹੀਂ ਆਉਂਦਾ? ਸਾਡੇ ਘਰਾਂ ਵਿਚ ਜਗੀਰੂ ਸੋਚ ਦੇ ਢਾਂਚੇ ਥੱਲੇ ਸਾਡੀਆਂ ਔਰਤਾਂ ਕੈਦੀਆਂ ਵਾਲਾ ਜੀਵਨ ਜਿਉਂਦੀਆਂ ਹਨ। ਉਹਨਾਂ ਨੂੰ ਮਾਰਿਆ ਕੁੱਟਿਆ ਜਾਂਦਾ ਹੈ, ਅੱਧੀ ਅੱਧੀ ਰਾਤ ਵੇਲੇ ਠੰਡ ਵਿਚ ਬਾਹਰ ਸੜਕਾਂ 'ਤੇ ਸੁੱਟ ਦਿੱਤਾ ਜਾਂਦਾ ਹੈ - ਕੀ ਇਹ ਸਾਡੀ ਸਮੱਸਿਆ ਨਹੀਂ ਹੈ? ਸਾਡੇ ਨਵੇਂ ਵਿਆਹ ਕੱਚ ਦੇ ਗਲਾਸਾਂ ਵਾਂਗ ਟੁੱਟ ਰਹੇ ਹਨ - ਕੀ ਇਹ ਸਾਡੇ ਸੋਚਣ ਦੀ ਗੱਲ ਨਹੀਂ ਹੈ? ਅਸੀਂ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਜਾਂ ਬਜ਼ੁਰਗਾਂ ਦੇ ਆਰਾਮ ਲਈ ਕਿੰਨੀਆਂ ਕੁ ਸਹੂਲਤਾਂ ਪੈਦਾ ਕਰ ਸਕੇ ਹਾਂ?

ਜੇ ਅਸੀਂ ਧਿਆਨ ਨਾਲ ਦੇਖੀਏ ਤਾਂ ਇਹੋ ਜਿਹੀਆਂ ਹੋਰ ਵੀ ਕਈ ਮੁਸ਼ਕਲਾਂ ਹਨ, ਜਿਨ੍ਹਾਂ ਬਾਰੇ ਗੰਭੀਰਤਾ ਨਾਲ ਸੋਚਣ ਦੀ

(... ਬਾਕੀ ਸਫ਼ਾ 17)

*ਸ਼ਹੀਦ ਭਗਤ ਸਿੰਘ ਦਾ ਲਿਖਿਆ ਇਹ ਲੇਖ ਵਤਨੋਂ ਦੂਰ ਦੇ ਮਾਰਚ-ਅਪਰੈਲ1981 ਅੰਕ ਵਿਚ ਅਤੇ ਫੇਰ ਦੂਜੀ ਵਾਰ ਮਈ-ਜੂਨ 1984 ਵਿੱਚ ਛਾਪਿਆ ਜਾ ਚੁੱਕਾ ਹੈ। - ਅਦਾਰਾ ਵਤਨੋਂ ਦੂਰ

# ਧਰਮ ਨਿਰਪੱਖਤਾ ਅਤੇ ਫ਼ਿਰਕੂ ਜਨੂੰਨ

ਸੂਫ਼ੀ ਅਮਰਜੀਤ

ਪਿਛਲੀਆਂ ਸਦੀਆਂ ਵਿੱਚ, ਸੰਸਾਰ ਵਿੱਚ ਅਨੇਕਾਂ ਧਰਮ ਹੋਂਦ ਵਿੱਚ ਆਏ ਅਤੇ ਅਨੇਕਾਂ ਖ਼ਤਮ ਹੋ ਗਏ ਜਾਂ ਉਨ੍ਹਾਂ ਆਪਣਾ ਰੂਪ ਬਦਲ ਲਿਆ। ਏਸ ਲੰਬੇ ਇਤਿਹਾਸਕ ਸਮੇਂ ਦੇ ਦੌਰਾਨ, ਇੱਕ ਧਰਮ ਦੀਆਂ ਦੂਜੇ ਧਰਮ ਨਾਲ ਵਿਚਾਰਧਾਰਕ ਬਹਿਸਾਂ ਹੀ ਨਹੀਂ ਹੋਈਆਂ, ਸਗੋਂ ਖ਼ੂਨੀ ਜੰਗਾਂ ਵੀ ਹੋਈਆਂ, ਜਿਨ੍ਹਾਂ ਵਿੱਚ ਲੱਖਾਂ ਲੋਕਾਂ ਦਾ ਲਹੂ ਡੁੱਲ੍ਹਿਆ ਹੈ।

ਅੱਜ ਦੇ ਯੁੱਗ ਨੂੰ ਪਿਛਲੇ ਸਾਰੇ ਸਮਿਆਂ ਨਾਲੋਂ ਵਿਕਸਤ ਯੁੱਗ ਕਿਹਾ ਜਾਂਦਾ ਹੈ। ਇਹ ਵਿਕਾਸ, ਬੌਧਿਕ, ਸਮਾਜਕ, ਆਰਥਕ, ਰਾਜਨੀਤਕ ਅਤੇ ਤਕਨੀਕੀ ਖ਼ੇਤਰਾਂ ਵਿੱਚ ਹੋਇਆ ਹੈ। ਪ੍ਰੰਤੂ ਇਹ ਵਿਕਾਸ ਸਾਰੇ ਥਾਵਾਂ ਉੱਪਰ ਇੱਕਸਾਰ ਨਹੀਂ ਹੋਇਆ, ਕਿਉਂਕਿ ਇਕਸਾਰ ਵਿਸ਼ਵਵਿਆਪੀ ਵਿਕਾਸ ਹੋਣ ਦੇ ਰਾਹ ਵਿੱਚ, ਹਾਲੇ ਉਹ ਸ਼ਕਤੀਆਂ ਖ਼ਤਮ ਨਹੀਂ ਹੋਈਆਂ, ਜੋ ਆਪਣੇ ਸੀਮਤ ਸਵਾਰਥੀ ਹਿੱਤਾਂ ਲਈ ਲੋਕਾਂ ਵਿੱਚ ਅਗਿਆਨਤਾ, ਨਾਬਰਾਬਰਤਾ, ਦਾਸਤਾ ਅਤੇ ਭੇਦਭਾਵ ਨੂੰ ਕਾਇਮ ਰੱਖਣ ਦਾ ਹਰ ਯਤਨ ਕਰ ਰਹੀਆਂ ਹਨ।

ਫਿਰ ਵੀ ਅੱਜ ਦੇ ਸਮਾਜ ਦੀ ਜਮਾਤੀ ਬਣਤਰ ਨੂੰ ਧਿਆਨ ਵਿੱਚ ਰੱਖਦਿਆਂ, ਕੁਝ ਮਸਲੇ ਅਜਿਹੇ ਹਨ ਜੋ ਲੋਕਾਂ ਦੇ ਜ਼ਿਹਨਾਂ, ਸੋਚਾਂ-ਵਿਚਾਰਾਂ ਅਤੇ ਸੱਭਿਆਚਾਰ ਵਿੱਚ ਇੰਨੇ ਡੂੰਘੇ ਉੱਤਰ ਗਏ ਹਨ, ਜਿਨ੍ਹਾਂ ਲਈ ਸਹਿਹੋਂਦ ਦਾ ਕੋਈ ਰਾਹ ਲੱਭੇ ਬਿਨਾ ਚਾਰਾ ਨਹੀਂ ਹੈ ਤਾਂ ਜੁ ਜੀਵਨ ਵਿਕਾਸ ਅੱਗੇ ਤੁਰਦਾ ਜਾਵੇ, ਉਸ ਵਿੱਚ ਖੜੋਤ ਨਾ ਆ ਜਾਵੇ। ਇਨ੍ਹਾਂ ਮਸਲਿਆਂ ਵਿੱਚੋਂ ਇੱਕ ਮਸਲਾ ਵੱਖੋ ਵੱਖ ਧਰਮਾਂ ਨੂੰ ਮੰਨਣ ਵਾਲਿਆਂ ਲੋਕਾਂ ਦੀ ਆਪਸੀ ਸਹਿਹੋਂਦ ਦਾ ਮਸਲਾ ਹੈ। ਸਹਿਹੋਂਦ, ਜਿਸਨੂੰ ਲੋਕ ਵਿਰੋਧੀ ਸ਼ਕਤੀਆਂ, ਜੋ ਇਤਿਹਾਸਕ ਵਿਕਾਸ ਅੱਗੇ ਅੜਿੱਕੇ ਖੜੇ ਕਰਕੇ ਰੋਕਣਾ ਚਾਹੁੰਦੀਆਂ ਹਨ, ਪੈਦਾ ਹੋਣ ਦੇ ਹੱਕ ਵਿੱਚ ਨਹੀਂ ਹਨ।

ਵੱਖੋ ਵੱਖ ਧਾਰਮਕ ਵਿਚਾਰਾਂ ਦੀ ਸਹਿਹੋਂਦ ਧਰਮ ਨਿਰਪੱਖਤਾ ਹੈ। ਵੱਖੋ ਵੱਖ ਧਰਮਾਂ ਵਿਚਕਾਰ ਟੱਕਰ ਫ਼ਿਰਕੂ-ਜਨੂੰਨ ਦੀ ਦੇਣ ਹੈ। ਇਨ੍ਹਾਂ ਦੋਹਾਂ ਉੱਪਰ ਸੰਖੇਪ ਵਿੱਚ ਵਿਚਾਰ ਕਰ ਲੈਣੀ, ਇਸਨੂੰ ਹੋਰ ਸਮਝਣ ਵਿੱਚ ਸਹਾਈ ਹੋਵੇਗੀ।

## ਧਰਮ-ਨਿਰਪੱਖਤਾ

ਧਰਮ ਨਿਰਪੱਖਤਾ ਤੋਂ ਭਾਵ ਵੱਖੋ ਵੱਖ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਦਾ, ਆਪੋ ਆਪਣੇ ਧਾਰਮਕ ਵਿਸ਼ਵਾਸ਼ਾਂ ਅਤੇ ਰਹੁ-ਰੀਤਾਂ ਅਨੁਸਾਰ ਰਹਿੰਦੇ ਹੋਏ, ਦੂਜੇ ਧਰਮਾਂ ਅਤੇ ਵਿਸ਼ਵਾਸ਼ਾਂ ਦੇ ਲੋਕਾਂ ਦੇ ਅਕੀਦਿਆਂ ਦਾ ਸਤਿਕਾਰ ਕਰਨਾ ਹੈ। ਕਿਸੇ ਦੂਜੇ ਧਰਮ ਦੇ ਪੈਰੋਕਾਰ ਨੂੰ ਕੋਈ ਅਜਿਹੀ ਗੱਲ, ਜ਼ਬਾਨੀ, ਲਿਖਤੀ ਜਾਂ ਅਮਲੀ ਤੌਰ ਉੱਪਰ ਨਹੀਂ ਕਰਨੀ ਚਾਹੀਦੀ, ਜੋ ਦੂਸਰੇ ਧਰਮ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰੇ।

ਧਰਮ ਹਰ ਵਿਅਕਤੀ ਦਾ ਨਿਜੀ ਮਾਮਲਾ ਹੈ। ਜੋ ਉਸਦੇ ਵਿਸ਼ਵਾਸ਼ਾਂ ਨੂੰ ਸੰਤੁਸ਼ਟ ਕਰਦਾ ਹੈ। ਸਾਡਾ ਇਹ ਸਮਾਜ ਵੱਖੋ ਵੱਖ ਧਰਮਾਂ ਦਾ ਧਾਰਨੀ ਹੁੰਦਾ ਹੋਇਆ ਜਮਾਤਾਂ ਵਿੱਚ ਵੰਡਿਆ ਹੋਇਆ ਹੈ। ਇੱਕ ਅਮੀਰ ਲੋਕਾਂ ਦੀ ਜਮਾਤ ਹੈ ਜੋ ਪੈਦਾਵਾਰ ਦੇ ਸਾਧਨਾਂ ਦੇ ਮਾਲਕ ਹਨ – ਦੂਜੀ ਮਿਹਨਤੀ ਲੋਕਾਂ ਦੀ ਜਮਾਤ ਹੈ, ਜੋ ਆਪਣੇ ਪਰਵਾਰ ਦੇ ਜੀਵਨ ਨਿਰਬਾਹ ਲਈ ਕਿਸੇ ਵਿਅਕਤੀ ਜਾਂ ਕੰਪਨੀ ਲਈ ਉਜਰਤ ਉੱਪਰ ਕੰਮ ਕਰਦੇ ਹਨ। ਅਮੀਰ ਲੋਕ ਆਪਣੇ ਕਾਰੋਬਾਰ ਦੇ ਮੁਨਾਫ਼ਿਆਂ ਉੱਪਰ ਐਸ਼ੋ ਇਸ਼ਰਤ ਕਰਦੇ ਹਨ ਅਤੇ ਮਿਹਨਤੀ ਲੋਕ ਆਪਣੀ ਉਜਰਤ ਉੱਪਰ ਜੀਵਨ ਬਤੀਤ ਕਰਦੇ ਹਨ; ਕਈ ਵਾਰ ਤਾਂ ਉਹ ਬੇਰੁਜ਼ਗਾਰੀ ਦੀ ਚੱਕੀ ਦੇ ਪੁੜਾਂ ਵਿੱਚ ਪਿਸਦੇ ਹੋਏ ਦੁੱਖਾਂ ਭਰਿਆ ਜੀਵਨ ਜਿਉਂਦੇ ਹਨ। ਇਸ ਜਮਾਤੀ ਪਾੜੇ ਦੇ ਹੁੰਦਿਆਂ, ਇੱਕ ਅਮੀਰ ਅਤੇ ਇੱਕ ਗਰੀਬ ਇੱਕੋ ਧਰਮ ਵਿੱਚ ਵਿਸ਼ਵਾਸ਼ ਵਾਲੇ ਹੋ ਸਕਦੇ ਹਨ ਪ੍ਰੰਤੂ ਉਨ੍ਹਾਂ ਦੇ ਆਰਥਕ (ਜਮਾਤੀ) ਹਿੱਤ ਇੱਕ ਦੂਜੇ ਦੇ ਵਿਰੋਧੀ ਹੋਣਗੇ – ਇਸ ਕਾਰਨ ਦੋਵਾਂ ਦਾ ਵੱਖੋ ਵੱਖ ਆਰਥਕ ਪ੍ਰੋਗਰਾਮਾਂ ਵਾਲੀਆਂ ਰਾਜਨੀਤਕ ਪਾਰਟੀਆਂ ਵਿੱਚ ਸਥਾਨ ਬਣਦਾ ਹੈ। ਜੇਕਰ ਉਹ ਰਾਜਨੀਤਕ ਤੌਰ ਉੱਤੇ ਚੇਤੰਨ ਹੋਣਗੇ ਤਾਂ ਉਹ ਆਪਣੇ ਹਿੱਤਾਂ ਦੀਆਂ ਪਾਰਟੀਆਂ ਵਿੱਚ ਹੀ ਸ਼ਾਮਲ ਹੋਣਗੇ। ਬਹੁਤ ਘੱਟ ਹਾਲਤਾਂ ਵਿੱਚ, ਕੋਈ ਅਮੀਰ ਵਿਅਕਤੀ, ਜੋ ਸਮਾਜਕ ਵਿਕਾਸ ਦੇ ਇਤਿਹਾਸਕ ਨਿਯਮਾਂ ਦੀ ਅਟੱਲਤਾ ਨੂੰ ਸਮਝਦਾ ਹੈ ਅਤੇ ਮਨੁੱਖੀ ਕਦਰਾਂ-ਕੀਮਤਾਂ ਪ੍ਰਤੀ ਈਮਾਨਦਾਰ ਹੈ, ਮਿਹਨਤੀ ਲੋਕਾਂ ਦੇ ਹਿੱਤਾਂ ਵਾਲੀ ਪਾਰਟੀ ਵਿੱਚ ਸ਼ਾਮਲ ਹੋ ਜਾਂਦਾ ਹੈ। ਇਸਦੇ ਉਲਟ ਬੜੀ ਵੱਡੀ ਗਿਣਤੀ ਵਿੱਚ ਮਿਹਨਤੀ ਲੋਕ ਅਗਿਆਨਤਾ ਵੱਸ ਜਾਂ ਹਾਕਮ ਜਮਾਤ ਦੇ ਪਰਚਾਰ ਅਤੇ ਦਬਾਓ ਹੇਠ, ਆਪਣੇ ਜਮਾਤੀ ਹਿੱਤਾਂ ਤੋਂ ਅਣਜਾਣ, ਹਾਕਮ ਜਮਾਤਾਂ ਦੀਆਂ ਪਾਰਟੀਆਂ ਵਿੱਚ ਭਟਕਦੇ ਫਿਰਦੇ ਰਹਿੰਦੇ ਹਨ। ਅਜਿਹੇ ਸਾਧਾਰਨ ਲੋਕਾਂ ਨੂੰ ਧਰਮ ਦੇ ਨਾਂ ਉੱਪਰ ਲੁਟੇਰੀਆਂ ਜਮਾਤਾਂ, ਉਨ੍ਹਾਂ ਦੇ ਜਮਾਤੀ ਹਿੱਤਾਂ ਦੇ ਦੂਜੇ ਧਰਮ ਵਾਲੇ ਮਿਹਨਤੀ ਲੋਕਾਂ ਵਿੱਚ ਪਾੜਾ ਪਾ ਕੇ, ਉਨ੍ਹਾਂ ਦੀ ਏਕਤਾ ਨੂੰ ਭੰਗ ਕਰਨ ਲਈ ਵਰਤਦੀਆਂ ਰਹਿੰਦੀਆਂ ਹਨ।

ਇਸ ਤਰ੍ਹਾਂ ਜਦੋਂ ਧਰਮ ਨੂੰ ਰਾਜਨੀਤਕ ਹਿੱਤਾਂ ਲਈ ਵਰਤਿਆ ਜਾਂਦਾ ਹੈ, ਇਸ ਨੂੰ ਧਰਮ ਨਿਰਪੱਖਤਾ ਨਹੀਂ, ਫ਼ਿਰਕਾ ਪ੍ਰੱਸਤ ਰਾਜਨੀਤੀ ਆਖਿਆ ਜਾਂਦਾ ਹੈ।

## ਫ਼ਿਰਕੂ-ਜਨੂੰਨ

ਫ਼ਿਰਕਾਪ੍ਰੱਸਤੀ ਦੋ ਧਰਮਾਂ ਦੇ ਆਪਸੀ ਵਿਰੋਧ ਦੀ ਹੇਠਲੀ ਪੱਧਰ ਹੈ ਜੋ ਧਰਮ ਦੇ ਆਧਾਰ ਉੱਪਰ ਦੂਜੇ ਧਰਮ ਦੇ ਲੋਕਾਂ ਨਾਲ ਨਫ਼ਰਤ ਅਤੇ ਭੇਦ ਭਾਵ ਪੈਦਾ ਕਰਦੀ ਹੈ; ਉਨ੍ਹਾਂ ਦੀ ਹੋਂਦ ਆਪਣੇ ਲਈ ਅਸਹਿ ਸਮਝਣ ਦੀ ਤਲਖ਼ ਭਾਵਨਾ ਪੈਦਾ ਕਰਦੀ ਹੈ। ਜਦੋਂ ਇਹ ਫ਼ਿਰਕੂ ਨਫ਼ਰਤ ਇਸ ਹੱਦ ਤੱਕ ਵਧ ਜਾਵੇ ਕਿ ਉਹ ਆਪਣੇ ਤੋਂ ਵੱਖਰੇ ਧਰਮ ਨੂੰ ਅਸਹਿ ਮਹਿਸੂਸ ਕਰਨ ਲੱਗ ਜਾਵੇ ਤਾਂ ਇਹ ਫ਼ਿਰਕੂ ਜਨੂੰਨ ਦੀ ਸਟੇਜ ਵਿੱਚ ਦਾਖ਼ਲ ਹੋ ਜਾਂਦੀ ਹੈ।

ਫ਼ਿਰਕੂ ਜਨੂੰਨ ਅਸਲ ਵਿੱਚ ਹੈ ਕੀ? ਇਸ ਦੀ ਵਿਆਖਿਆ ਅਸੀਂ ਇੰਨ੍ਹਾਂ ਸ਼ਬਦਾਂ ਵਿੱਚ ਕਰ ਸਕਦੇ ਹਾਂ ਕਿ ਸਮਾਜ ਦੇ ਇੱਕ ਧਾਰਮਕ ਧੜੇ ਦਾ ਆਪਣੇ ਧਰਮ ਨੂੰ, ਦੂਜੇ ਧਰਮ ਜਾਂ ਧਰਮਾਂ ਨਾਲੋਂ ਸਰਵ ਉੱਚ, ਸ਼ਰੇਸ਼ਟ ਜਾਂ ਸ੍ਰੋਮਣੀ ਸਮਝਦੇ ਹੋਏ, ਦੂਜੇ ਧਰਮਾਂ ਨੂੰ ਘਟੀਆ, ਕਮਜ਼ੋਰ, ਵਿਰੋਧੀ ਸਮਝਕੇ ਨਫ਼ਰਤ ਦ੍ਰਿਸ਼ਟੀ ਨਾਲ ਦੇਖਣਾ, ਸਮਝਣਾ ਅਤੇ ਮੰਨਣਾ ਹੈ। ਇਹੋ ਹੀ ਨਹੀਂ, ਆਪਣੀ ਸ੍ਰੇਸ਼ਟਤਾ ਅਤੇ ਸ੍ਰੋਮਣੀਅਤਾ ਨੂੰ ਦੂਜੇ ਧਰਮ ਦੇ ਲੋਕਾਂ ਨੂੰ ਮੰਨਣ ਲਈ ਮਜ਼ਬੂਰ ਕਰਨਾ ਅਤੇ ਉਨ੍ਹਾਂ ਨੂੰ ਘਟੀਆ ਸਮਝਣ ਲਈ ਮਜ਼ਬੂਰ ਕਰਨਾ ਵੀ ਹੁੰਦਾ ਹੈ। ਅਜਿਹੇ ਹੰਕਾਰੀ ਭਾਵਾਂ ਦੇ ਵੇਗ ਵਿੱਚ, ਦੂਜੇ ਧਰਮ ਦੇ ਲੋਕਾਂ ਦੇ ਕੰਮਾਂ ਕਾਰਾਂ ਨੂੰ ਤਬਾਹ ਕਰਨ ਦੇ ਅਮਲੀ ਰੂਪਾਂ ਤੋਂ ਲੈ ਕੇ ਉਨ੍ਹਾਂ ਦੀ ਹੋਂਦ ਨੂੰ ਵੀ ਖ਼ਤਮ ਕਰਨ ਦੇ ਰਾਹ ਤੁਰਨਾ ਹੈ। ਅਜਿਹੇ ਰਾਹ ਤੁਰਨ ਲਈ ਬਹਾਨਾ ਕੋਈ ਵੀ ਲੱਭ ਲਿਆ ਜਾਂਦਾ ਹੈ। ਅਜਿਹੇ ਰਵੱਈਏ ਦੇ ਵਿਰੁੱਧ ਦੂਜੇ ਧਰਮ ਦੇ ਲੋਕਾਂ ਵੱਲੋਂ ਅਜਿਹਾ ਹਾਲਾਤ ਨੂੰ ਹੋਰ ਵੀ ਭੈੜੇ ਖ਼ੂਨ ਖਰਾਬੇ ਵਾਲਾ ਬਣਾ ਦਿੰਦਾ ਹੈ।

ਅਜਿਹਾ ਫ਼ਿਰਕੂ ਜਨੂੰਨ ਸਾਰੀਆਂ ਸਦਾਚਾਰਕ ਅਤੇ ਮਾਨਵਵਾਦੀ ਹੱਦਾਂ ਬੰਨੇ ਟੱਪਦਾ ਹੋਇਆ ਇੰਨੀ ਤੰਗ-ਦ੍ਰਿਸ਼ਟੀ ਦਾ ਸ਼ਿਕਾਰ ਹੋ ਜਾਂਦਾ ਹੈ ਕਿ ਉਹ ਆਪਣੇ ਹੀ ਸਹਿ-ਧਰਮੀ ਨਰਮਖ਼ਿਆਲੀਏ ਲੋਕਾਂ ਨੂੰ ਵੀ ਮੁਆਫ਼ ਨਹੀਂ ਕਰਦਾ। ਉਨ੍ਹਾਂ ਵੱਲੋਂ ਇਸ ਫ਼ਿਰਕੂ ਜਨੂੰਨ ਦੀ ਨਿਖੇਧੀ ਤਾਂ ਇੱਕ ਪਾਸੇ, ਕਿਸੇ ਕਿੰਤੂ ਨੂੰ ਵੀ ਸਹਿਨ ਨਹੀਂ ਕਰਦਾ। ਭਾਵੇਂ ਉਹ ਨਰਮ ਖ਼ਿਆਲੀਏ ਉਨ੍ਹਾਂ ਉਪਰ ਕਿੰਤੂ ਆਪਣੀਆਂ ਧਰਮ ਪੁਸਤਕਾਂ ਦੇ ਮਾਨਵਵਾਦੀ ਕਥਨਾਂ ਦੇ ਹਵਾਲੇ ਨਾਲ ਹੀ ਕਿਉਂ ਨਾ ਕਰਦੇ ਹੋਣ।

ਕਈ ਵਾਰੀ ਇਸ ਫ਼ਿਰਕੂ ਜਨੂੰਨ ਨੂੰ ਪਰਚਾਰਨ ਲਈ, ਦੂਜੇ ਧਰਮ ਵੱਲੋਂ ਆਪਣੇ ਧਰਮ ਨੂੰ ਖ਼ਤਮ ਕਰਨ ਦੇ ਮਸਾਲੇ ਨਾਲ ਪਰਚਾਰਿਆ ਜਾਂਦਾ ਹੈ, ਜੋ ਉਸ ਧਰਮ ਦੇ ਸਾਧਾਰਨ ਵਿਅਕਤੀ ਉਪਰ ਵਧੇਰੇ ਅਸਰ ਪਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਉਹ ਆਪਣੇ ਧਰਮ ਦੀ ਹੋਂਦ ਨੂੰ ਪੈਦਾ ਹੋਏ ਜਾਂ ਕੀਤੇ ਜਾਣ ਵਾਲੇ ਅਖੌਤੀ ਖ਼ਤਰੇ ਦਾ ਵਾ-ਵੇਲਾ ਹੁੰਦਾ ਹੈ।

ਫ਼ਿਰਕੂ ਜਨੂੰਨ ਦਾ ਨਸ਼ਾ ਜਿਸ ਵਿਅਕਤੀ ਨੂੰ ਚੜ੍ਹ ਜਾਂਦਾ ਹੈ, ਉਸਦੀ ਬੁੱਧੀ ਦੀ ਤਰਕਸ਼ਕਤੀ, ਈਮਾਨਦਾਰੀ ਅਤੇ ਬਰਾਬਰਤਾ ਦੀ ਸੋਚ ਨੂੰ ਨਸ਼ਟ ਕਰ ਦਿੰਦਾ ਹੈ। ਉਹ ਦੂਸਰੀ ਕੋਈ ਦਲੀਲ ਸੁਣਨ ਲਈ ਤਿਆਰ ਨਹੀਂ ਹੁੰਦਾ। ਉਸ ਦੀ ਨਿਗਾਹ ਵਿੱਚ ਸਦਭਾਵਨਾ ਦਾ ਪਵਿੱਤਰ ਗੁਣ ਬੇਹੂਦਾ ਹੋ ਨਿੱਬੜਦਾ ਹੈ। ਉਸ ਲਈ ਆਪਣੇ ਹੀ ਧਰਮ ਦੇ ਮੋਢੀਆਂ ਵੱਲੋਂ ਮਨੁੱਖੀ ਕਦਰਾਂ ਕੀਮਤਾਂ ਦੇ ਜਾਨਾਂ ਵਾਰ ਕੇ ਕਾਇਮ ਕੀਤੇ ਅਸੂਲ ਬੇਅਰਥ ਹੋ ਜਾਂਦੇ ਹਨ।

ਕੋਈ ਧਰਮ ਨਫ਼ਰਤ, ਵੈਰ, ਘਮੰਡ, ਹਉਮੈਂ, ਕਤਲੋਗਾਰਤ, ਸਾੜ-ਫੂਕ ਆਦਿ ਦਾ ਮੁਦਈ ਨਹੀਂ ਹੈ। ਹਰ ਧਰਮ ਚੰਗਾ ਮਨੁੱਖ ਬਣਨ ਲਈ ਅਧਿਆਤਮਕ ਪੱਖੋਂ ਸਿੱਖਿਆ ਦਿੰਦਾ ਹੈ। ਅਧਿਆਤਮਕਤਾ ਤੋਂ ਧਰਮ ਨੂੰ ਲਾਂਭੇ ਕੀਤਿਆਂ, ਉਹ ਰਾਜਨੀਤੀ ਦੇ ਕਿਸੇ ਇੱਕ ਜਮਾਤੀ ਪੱਖ ਨਾਲ ਜੁੜ ਜਾਂਦਾ ਹੈ। ਇਹ ਗੱਲ ਅੱਜ ਦੇ ਜੁਗ ਵਿੱਚ ਵਧੇਰੇ ਅਰਥਵਾਨ ਹੈ।

ਸਿੱਟੇ ਵਜੋਂ ਫ਼ਿਰਕਾਪ੍ਰਸਤੀ ਅਤੇ ਫ਼ਿਰਕੂ ਜਨੂੰਨ, ਜਿੱਥੇ ਮਨੁੱਖੀ ਕਦਰਾਂ ਕੀਮਤਾਂ ਦਾ ਘਾਤਕ ਹੈ ਉਥੇ ਉਹ ਸਮਾਜੀ ਵਿਕਾਸ ਅਤੇ ਮਿਹਨਤੀ ਲੋਕਾਂ ਦੀ ਏਕਤਾ ਨੂੰ ਅਤੇ ਧਰਮ ਨਿਰਪੱਖਤਾ ਦੇ ਨਰੋਏ ਸੰਕਲਪ ਨੂੰ ਵੀ ਤਬਾਹ ਕਰਦਾ ਹੈ ਅਤੇ ਲੁਟੇਰੀਆਂ ਹਾਕਮ ਜਮਾਤਾਂ ਦੀ ਉਮਰ ਲੰਮੀ ਕਰਨ ਵਿੱਚ ਸਹਾਈ ਹੁੰਦਾ ਹੈ।

● (SURREY, B.C.)

---

('ਵੈਨਕੂਵਰ ਸੱਥ' ਦੇ ਲੇਖ ਦੀ ਬਾਕੀ)

ਜ਼ਰੂਰਤ ਹੈ। ਪਰ ਬਦਕਿਸਮਤੀ ਇਸ ਗੱਲ ਦੀ ਹੈ ਕਿ ਸਾਡੀ ਕਮਿਊਨਿਟੀ ਕੋਲ ਇਹਨਾਂ ਗੱਲਾਂ ਬਾਰੇ ਸੋਚਣ ਦੀ ਕੋਈ ਥਾਂ ਨਹੀਂ ਹੈ। ਕਮਿਊਨਿਟੀ ਦੀ ਸਾਰੀ ਦੀ ਸਾਰੀ ਤਾਕਤ ਗੁਰਦੁਆਰਿਆਂ ਦੇ ਹੱਥ ਹੈ ਅਤੇ ਉਥੇ ਸਿਰਫ਼ ਇਕ ਕਿਸਮ ਦੀ ਸਿਆਸਤ ਹੀ ਚੱਲਣ ਦਿਤੀ ਜਾਂਦੀ ਹੈ। ਇਹ ਠੀਕ ਹੈ ਕਿ ਕਿਸੇ ਸਮੇਂ ਕੈਨੇਡਾ ਦੇ ਇਤਿਹਾਸ ਵਿਚ ਸਾਡੇ ਲੋਕਾਂ ਦੀਆਂ ਲੜਾਈਆਂ ਵਿਚ ਇਹਨਾਂ ਧਾਰਮਿਕ ਅਸਥਾਨਾਂ ਨੇ ਬਹੁਤ ਅਹਿਮ ਰੋਲ ਅਦਾ ਕੀਤਾ ਹੈ, ਪਰ ਹੁਣ ਸਥਿਤੀ ਬਦਲ ਚੁੱਕੀ ਹੈ। ਉਦੋਂ ਇਹ ਗੱਲ ਸੰਭਵ ਸੀ ਕਿ ਗੁਰਦੁਆਰੇ ਹਿੰਦੂ ਵੀ ਅਤੇ ਮੁਸਲਮਾਨ ਵੀ ਆਉਂਦੇ ਸਨ ਅਤੇ ਕਮਿਊਨਿਟੀ ਦੇ ਮਸਲਿਆਂ ਲਈ ਇਕੱਠੇ ਜੱਦੋ-ਜਹਿਦ ਕਰਦੇ ਸਨ। ਪਰ ਹੁਣ ਆਬਾਦੀ ਵਧਣ ਕਰਕੇ ਇਹ ਸੰਭਵ ਨਹੀਂ ਹੈ। ਹੁਣ ਤਾਂ ਗੁਰਦੁਆਰਿਆਂ ਦੀ ਆਪਸੀ ਸਿਆਸਤ ਹੀ ਸਾਰੀ ਸ਼ਕਤੀ ਖਾ ਜਾਂਦੀ ਹੈ। ਹੁਣ ਲੋੜ ਹੈ ਕਿ ਕਮਿਊਨਿਟੀ ਦੇ ਮਸਲਿਆਂ ਨੂੰ ਕਿਸੇ ਹੋਰ ਥਾਂ ਬੈਠ ਕੇ ਵਿਚਾਰਿਆ ਜਾਵੇ, ਜਿੱਥੇ ਪੂਰੇ ਵਿਚਾਰ-ਵਟਾਂਦਰੇ ਦੀ ਖੁੱਲ੍ਹ ਹੋਵੇ ਤਾਂ ਕਿ ਸਮੁੱਚੀ ਕਮਿਊਨਿਟੀ ਦੇ ਮਸਲਿਆਂ ਬਾਰੇ ਕੁਝ ਕੀਤਾ ਜਾ ਸਕੇ। ਪਰ ਸਭ ਤੋਂ ਵੱਧ ਲੋੜ ਇਸ ਵੇਲੇ ਕਮਿਊਨਿਟੀ ਦੀ ਏਕਤਾ ਦੀ ਹੈ। ਧਰਮ ਦੇ ਨਾਂ ਤੇ ਪੈ ਰਹੇ ਪਾੜੇ ਨੂੰ ਰੋਕਣਾ ਬਹੁਤ ਹੀ ਜ਼ਰੂਰੀ ਹੈ।

ਇਸ ਲੇਖ ਦੇ ਅੰਤ ਵਿਚ ਅਸੀਂ ਇਹ ਹੀ ਕਹਿਣਾ ਚਾਹਾਂਗੇ ਕਿ ਜੋ ਕੁਝ ਪੰਜਾਬ ਵਿਚ ਹੋਇਆ ਹੈ, ਉਹ ਇਕ ਬਹੁਤ ਹੀ ਖਤਰਨਾਕ ਕਿਸਮ ਦੀ ਸਿਆਸੀ ਖੇਡ ਦਾ ਸਿੱਟਾ ਹੈ ਜਿਹਦੇ ਵਿਚ ਇਕੱਲੀ ਭਾਰਤ ਦੀ ਸਰਕਾਰ ਹੀ ਨਹੀਂ, ਪੰਜਾਬ ਦੀਆਂ ਸਿਆਸੀ ਪਾਰਟੀਆਂ ਵੀ ਜ਼ਿੰਮੇਦਾਰ ਹਨ। ਧਾਰਮਿਕ ਅਸਥਾਨ ਉੱਪਰ ਫੌਜ ਨਾਲ ਹਮਲਾ ਕਰਕੇ ਸਮੇਂ ਦੀ ਵਹਿਸ਼ੀ ਸਰਕਾਰ ਨੇ ਲੋਕਾਂ ਦੇ ਮਨਾਂ ਉੱਪਰ ਇਕ ਗਹਿਰਾ ਜ਼ਖਮ ਕਰ ਦਿੱਤਾ ਹੈ। ਪਰ ਸਾਨੂੰ ਜਜ਼ਬਾਤ ਦੇ ਰੋਅ ਵਿਚ ਇਸ ਗੱਲ ਦਾ ਚੇਤਾ ਨਹੀਂ ਭੁਲਾ ਦੇਣਾ ਚਾਹੀਦਾ ਕਿ ਅਸਲੀ ਕਸੂਰਵਾਰ ਕੌਣ ਹੈ? ਅਸਲੀ ਕਸੂਰਵਾਰ ਹਿੰਦੂ, ਸਿੱਖ ਜਾਂ ਹੋਰ ਕੋਈ ਧਾਰਮਿਕ ਲੋਕ ਨਹੀਂ, ਅਸਲੀ ਕਸੂਰਵਾਰ ਭਾਰਤ ਦੀ ਅਮੀਰ ਜਮਾਤ ਅਤੇ ਉਹਨਾਂ ਦੀ ਸਰਕਾਰ ਹੈ। ਜੱਦੋ-ਜਹਿਦ ਸਰਕਾਰ ਦੇ ਖਿਲਾਫ਼ ਹੋਣੀ ਚਾਹੀਦੀ ਹੈ, ਕਿਸੇ ਧਾਰਮਿਕ ਫਿਰਕੇ ਦੇ ਖਿਲਾਫ਼ ਨਹੀਂ। ਅਮੀਰ ਜਮਾਤ ਇਹਨਾਂ ਗੱਲਾਂ ਤੋਂ ਪੂਰੀ ਚੇਤੰਨ ਹੈ। ਉਸ ਨੇ ਹੁਣ ਪੰਜਾਬ ਵਿਚ ਫੌਜ ਦਾ ਇਸਤੇਮਾਲ ਲੋਕਾਂ ਦੇ ਹੱਕਾਂ ਲਈ ਚੱਲਦੇ ਘੋਲਾਂ ਨੂੰ ਦਬਾਉਣ ਲਈ ਕਰਨਾ ਹੈ ਜਿਵੇਂ ਕਿ ਉਹ ਹਰ ਥਾਂ ਕਰਦੀ ਹੈ। ਪੰਜਾਬ ਵਿਚ ਫੌਜ ਦੀ ਮੌਜੂਦਗੀ ਦਾ ਨੁਕਸਾਨ ਪੰਜਾਬ ਦੇ ਗਰੀਬ ਮਜ਼ਦੂਰਾਂ ਤੇ ਕਿਸਾਨਾਂ ਨੂੰ ਲਗਾਤਾਰ ਹੋਣਾ ਹੈ ਕਿਉਂਕਿ ਹੁਣ ਉਹ ਆਪਣੀ ਆਵਾਜ਼ ਨਹੀਂ ਉਠਾ ਸਕਣਗੇ। ਜਦ ਅਮੀਰ ਜਮਾਤ ਇਸ ਗੱਲੋਂ ਚੇਤੰਨ ਹੈ ਤਾਂ ਆਮ ਲੋਕਾਂ ਨੂੰ ਵੀ ਇਸ ਪੱਖੋਂ ਚੇਤੰਨ ਹੋਣਾ ਚਾਹੀਦਾ ਹੈ ਕਿ ਉਹਨਾਂ ਦਾ ਅਸਲੀ ਖ਼ਤਰੇ ਵਿਚ ਕੀ ਹੈ?

● (VANCOUVER, B.C.)

# HIMALAYA RESTAURANT LTD.

6595 Main Street
Phone: 324-6514

2313 Main Street, (LICENSED PREMISES)
Phone: 876-2911

VANCOUVER, B.C.



KEWAL SINGH PABLA

# PABLA'S VIKING INN

**828 East Hastings**

**Call 324 - 6514**



JAGMOHAN SINGH PABLA

**Mesu, Patisa, Besan, Barfi, Gajarpack, Laddo, Padha, Gulab Jamun, Rasgoole, Badana, Jalebi, Amratiyan, Shakerpare, Namkeen Bhujiya and many many more.**


## ਮਠਿਆਈ ਦੀ ਮਸ਼ਹੂਰ ਦੁਕਾਨ

---

## ALLMAKES APPLIANCE & REFRIGERATION

ਹਰ ਕਿਸਮ ਦੇ
* ਫਰਿਜ਼ - ਸਟੋਵ - ਫਰੀਜ਼ਰ
* ਵਾਸ਼ਰ - ਡਰਾਇਰ - ਡਿਸ਼ਵਾਸ਼ਰ
* ਗਾਰਵੂਏਟਰ - ਵਾਟਰ ਟੈਂਕ
* ਫਰਨੈਂਸ

ਦੀ ਤਸੱਲੀ ਬਖਸ਼ ਮੁਰੰਮਤ ਜਾਂ ਖਰੀਦਣ ਵਾਸਤੇ ਹਮੇਸ਼ਾਂ ਫ਼ੋਨ ਕਰੋ:



**(604) 525-3557**
**24 HR. SERVICE**



**BALDEV DHANJAL**
BURNABY, B.C.
ਬਲਦੇਵ ਧੰਜਲ

---

# KESRI

**SWEETS & RESTAURANT LTD.**

*Retailer & Wholesaler*

*We Cater for Weddings & Parties*

1424 GERRARD ST. EAST
TORONTO, ONT. M4L 1Z6
Tel. 466-0173

ਅਵਤਾਰ ਸਿੰਘ ਸਾਦਿਕ

## ਪ੍ਰਤਿਬੱਧਤਾ

ਬਹੁਤ ਅਹਿਸਾਨ-ਮੰਦ
ਹਾਂ ਦੋਸਤੋ !
ਤੁਸੀਂ ਮੇਰੇ ਜਜ਼ਬਿਆਂ ਨੂੰ
ਹਲੂਣਿਆ ਹੈ
ਤੇ ਜ਼ਖ਼ਮਾਂ ਨੂੰ
ਲੂਹਿਆ ਹੈ –
ਮੈਂ ਤੁਹਾਡੇ ਵਾਂਗ
ਦਰੱਖ਼ਤੋਂ ਟੁੱਟਾ ਹੋਇਆ
ਪੱਤਾ ਨਹੀਂ ਹਾਂ
ਜੋ ਹਵਾਵਾਂ ਸੰਗ
ਕਦੀ ਧਰਤ ਤੇ
ਕਦੀ ਖਲਾਅ ਵਿੱਚ
ਸਫ਼ਰ ਕਰਾਂਗਾ –
ਮੇਰੀ ਕਲਮ ਦਾ ਸਫ਼ਰ
ਮੇਰੇ ਪੈਰਾਂ ਨਾਲ
ਬੱਝਾ ਹੋਇਆ ਹੈ

ਮੇਰੀ ਰਚਨਾ ਦੇ ਸ਼ਬਦ
ਕਥਨੀ ਤੋਂ ਕਰਨੀ ਤੱਕ
ਤਲਖ਼ ਅਹਿਸਾਸ ਜਗਾਉਂਦੇ
ਕਰਨੀ ਤੋਂ ਕਥਨ ਪਾਉਂਦੇ ਹਨ–
ਪਤਾ ਨਹੀਂ ਕਿਉਂ
ਮੈਥੋਂ ਤੁਹਾਡੇ ਵਾਂਗ
ਆਪਣੇ ਅਵਾਮ
ਤੇ ਉਨ੍ਹਾਂ ਦੇ ਘੋਲਾਂ
ਤੋਂ ਨਿਰਲੇਪ ਹੋ ਕੇ
ਘਰ ਦੀ ਚਾਰ ਦੀਵਾਰੀ ਵਿੱਚ ਬੈਠ
ਕਲਾ ਦੀ ਹੀ ਕੁਸ਼ਲਤਾ ਲਈ
ਸਵੈ ਕੇਂਦਰਤ ਹੋ
ਨਿਜੀ ਜਜ਼ਬਿਆਂ ਨਾਲ
ਲੁਕਣਮੀਟੀ ਖੇਡ ਨਹੀਂ ਹੁੰਦੀ–
ਇਸ ਵਿਸ਼ਵਾਸ਼ ਭਰੋਸੇ
ਕਿ ਦੱਬੇ ਕੁਚਲੇ ਲੋਕਾਂ ਦੀ
ਉੱਠੀ ਹਰ ਨਿੱਕੀ ਲਹਿਰ
ਪਰਬਤ ਬਣੇਗੀ

ਦੁਸ਼ਮਣ ਇਸ ਨਾਲ ਟਕਰਾ ਕੇ
ਮੁੜ ਕਦੀ ਨਹੀਂ ਉੱਠੇਗਾ–
ਮੇਰੇ ਦੋਸਤੋ
ਤੁਸੀਂ ਠੀਕ ਕਹਿੰਦੇ ਹੋ
ਕਿ ਮੈਂ ਮਿਹਨਤਕਸ਼ ਲੋਕਾਂ ਦੇ
ਪਿੰਜਰੇ ਵਿੱਚ ਕੈਦ
ਸੀਮਤ ਸੁਤੰਤਰਤਾ ਭੋਗਦਾ
ਇੱਕ ਕੈਦੀ ਹਾਂ,
ਤੁਸੀਂ ਆਕਾਸ਼ ਵਿੱਚ
ਗੁਟਕਦੇ ਕਬੂਤਰਾਂ ਵਾਂਗ
ਖੁੱਲੀਆਂ ਉਡਾਰੀਆਂ ਲਾਉਂਦੇ
ਵੰਨ ਸੁਵੰਨੇ ਚੁਬਾਰਿਆਂ ਦੇ
ਚਬੂਤਰਿਆਂ ਤੇ ਬੈਠਣ ਦੇ ਆਦੀ ਹੋ-
ਤੁਸਾਂ ਦਾ ਇਹ ਸ਼ਿਕਵਾ
ਵੀ ਠੀਕ ਹੈ ਦੋਸਤੋ
ਮੈਂ ਜੁਗ-ਬਦਲੂ ਸਿਆਸਤ ਨੂੰ ਹੀ
ਕਰਮ ਯੋਗੀ ਕਲਾ ਦੀ
ਰਹਿਬਰ ਮੰਨਦਾ ਹਾਂ • (U.K.)


# S&S Insurance SERVICES



ਹਰਦੇਵ ਗਿੱਲ 590-2058

6658 - MAIN STREET,
VANCOUVER, B.C.
TEL: 324-2311



ਦਲਜੀਤ ਸਿੱਧੂ 324-2311

GET YOUR Autoplan AND HOME INSURANCE

ਕਾਰਾਂ ਟਰੱਕਾਂ ਤੇ ਵੈਨਾਂ ਦੀ ਇਨਸ਼ੋਰੈਂਸ ਦੇ ਲਈ ਹੁਣੇ ਹੀ ਸਾਡੇ ਦਫਤਰ ਆਓ ਅਤੇ ਗ਼ਸ਼ ਤੋਂ ਬਚੋ। ਚੰਗੀ ਸਰਵਿਸ ਤੇ ਤਜਰਬੇਕਾਰ ਸਲਾਹ ਹਾਸਲ ਕਰੋ। ਅਸੀਂ ਇਨਕੰਮ ਟੈਕਸ ਸਬੰਧੀ ਆਪ ਦੀਆਂ ਲੋੜਾਂ ਵੀ ਪੂਰੀਆਂ ਕਰਾਂਗੇ

***Enquire about Added Autoplan Protection Benefits from us:***
- **UNDER INSURED MOTORIST PROTECTION**
- **INCOME REPLACEMENT**
- **LOSS OF USE**
- **FREE AUTOPLAN MOTORIST KIT**

***Income Tax Services also available***

## ਦਰਪਣ

ਖ਼ਤ

ਤੁਹਾਡੇ ਵੱਲੋਂ ਤੋਰੇ 'ਵਤਨੋਂ ਦੂਰ' ਦੇ ਦੋਵੇਂ ਅੰਕ ਮਿਲ ਗਏ ਹਨ। ਦੋਹਾਂ ਦੀ ਸਮੱਗਰੀ ਚਿੰਗਾਰ ਸੀ।
... ਕਿਸਾਨ ਐਜੀਟੇਸ਼ਨ ਅਸੀਂ ਜਿੱਤ ਲਈ ਹੈ। ਸੰਬੰਧਤ ਰੀਪੋਰਟ 'ਹਿਰਾਵਲ ਦਸਤਾ' ਰਾਹੀਂ ਤੁਹਾਡੇ ਤੱਕ ਪੁੱਜ ਜਾਵੇਗੀ।
... ਤੁਹਾਡੇ ਜਤਨ ਸਾਰਥਕ ਅਤੇ ਉਸਾਰੂ ਹਨ। ਜਾਰੀ ਰੱਖਣ ਲਈ ਮੁਬਾਰਕ!
'ਵਤਨੋਂ ਦੂਰ' ਨੂੰ ਅਸੀਂ ਆਪਣੀਆਂ ਪ੍ਰਕਾਸ਼ਨਾਵਾਂ ਹਿਰਾਵਲ ਦਸਤਾ, ਲਾਲ ਝੰਡਾ, ਮਾਰਚ ਟੂ ਲਿਬਰੇਸ਼ਨ(ਅੰਗਰੇਜ਼ੀ) ਘੱਲਦੇ ਰਹਾਂਗੇ।

— ਦਰਸ਼ਨ ਖਟਕੜ/ 25 ਜੁਲਾਈ 84
(ਸੰਗੂਵਾਲ, PANJAB, INDIA)●

ਤੁਹਾਡੇ ਵੱਲੋਂ ਭੇਜਿਆ ਵਤਨੋਂ ਦੂਰ ਦਾ ਮਾਰਚ-ਅਪ੍ਰੈਲ ਅੰਕ ਮਿਲ ਗਿਆ। ... ਪੰਜਾਬ ਦੀਆਂ ਅਜੋਕੀਆਂ ਸੰਕਟ ਭਰਪੂਰ ਪ੍ਰਸਥਿਤੀਆਂ ਦੇ ਪ੍ਰਸੰਗ ਵਿੱਚ, ਤੁਸੀਂ ਪੱਤ੍ਰਕਾ ਦਾ ਮਿਆਰ ਉੱਚਾ ਰੱਖਣ ਲਈ ਵਧਾਈ ਦੇ ਪਾਤਰ ਹੋ। ਫ਼ਿਰਕੂ ਜਨੂੰਨ ਵਿਰੁੱਧ ਸਹੀ ਪੈਂਤੜਾ ਲੈਣ ਤੋਂ ਲੈ ਕੇ ਸੁਮੀਤ ਸਿੰਘ (ਪ੍ਰੀਤ ਲੜੀ) ਬਾਰੇ ਵਿਸ਼ੇਸ਼ ਸਪਲੀਮੈਂਟ ਦੇਣ ਤੱਕ ਤੁਸੀਂ ਪਾਠਕਾਂ ਨੂੰ ਬੜੀ ਸਾਰਥਕ ਸਮੱਗਰੀ ਪਹੁੰਚਾ ਰਹੇ ਹੋ। ਹਰਕੰਵਲਜੀਤ ਦਾ ਲੰਬਾ ਖ਼ਤ ਵੀ ਖੱਬੀ ਧਿਰ ਦੇ ਕਈ ਨੁਕਤਿਆਂ ਨੂੰ ਸਪੱਸ਼ਟ ਕਰ ਗਿਆ ਹੈ। ਇਸ ਅੰਕ ਵਿੱਚ ਸੁਮੀਤ ਸਿੰਘ ਦੇ ਹੁੰਦਿਆਂ ਸੰਪਾਦਕੀ ਪੰਜਾਬ ਦੀ ਫ਼ਿਰਕੂ ਸਥਿਤੀ ਅਤੇ ਫ਼ਿਰਕੂ ਏਕਤਾ ਦੇ ਮਸਲੇ ਬਾਰੇ ਪਾਠਕਾਂ ਨੂੰ ਜ਼ਰੂਰ ਸੰਜੀਦਗੀ ਨਾਲ ਸੋਚਣ ਲਈ ਮਜਬੂਰ ਕਰਨਗੇ — ਇਨ੍ਹਾਂ ਸੰਪਾਦਕੀਆਂ ਦੀ ਵਿਸ਼ੇਸ਼ਤਾ ਇਨ੍ਹਾਂ ਦੀ ਸੰਖੇਪਤਾ ਅਤੇ ਸਪੱਸ਼ਟਤਾ ਹੈ। ਗੁਰਸ਼ਰਨ ਭਾ ਜੀ ਨੇ ਆਪਣੇ ਖ਼ਤ ਵਿੱਚ ਪਾਠਕਾਂ ਦਾ ਇੱਕ ਠੋਸ ਨੁਕਤੇ ਵੱਲ ਧਿਆਨ ਦੁਆਇਆ ਹੈ ਜਿਵੇਂ ਕਿ ਉਨ੍ਹਾਂ ਕਿਹਾ ਹੈ ਕਿ "ਪੰਜਾਬ ਵਿੱਚ ਵਸਦੇ ਹਿੰਦੂ ਭਰਾ ਜਿਨ੍ਹਾਂ ਨੇ ਕਦੇ ਵੀ ਖੱਬੀ ਧਿਰ ਨੂੰ ਸੰਜੀਦਗੀ ਨਾਲ ਨਹੀਂ ਸੀ ਲਿਆ, ਹੁਣ ਪੂਰੀ ਤਰ੍ਹਾਂ ਅਹਿਸਾਸ ਕਰ ਰਹੇ ਹਨ ਕਿ ਇਹ ਖੱਬੀ ਸੋਚ ਵਾਲੇ ਲੋਕ ਹੀ ਹਨ ਜੋ ਅਸਲ ਸ਼ਬਦਾਂ ਵਿੱਚ ਫ਼ਿਰਕੂ ਜਨੂੰਨ ਵਿਰੁੱਧ ਸੰਘਰਸ਼ ਲਈ ਲਾਮਬੰਦੀ ਕਰ ਰਹੇ ਹਨ; ਉਨ੍ਹਾਂ ਵਿੱਚੋਂ ਬਹੁਤੇ ਲੋਕ ਪੰਜਾਬੀ ਬੋਲੀ ਵੱਲ ਵੀ ਆਪਣਾ ਨਜ਼ਰੀਆ ਬਦਲ ਰਹੇ ਹਨ ਕਿ ਪੰਜਾਬੀ ਬੋਲੀ ਵੱਲ ਉਨ੍ਹਾਂ ਦਾ ਆਪਣਾ ਫ਼ਰਜ਼ ਨਾ ਪਛਾਨਣਾ ਵੀ ਇੱਕ ਹੱਦ ਤੱਕ ਫ਼ਿਰਕੂ ਜਨੂੰਨ ਨੂੰ ਜਨਮ ਦੇਣ ਵਾਲਾ ਸੀ......।"

ਹਰਕੰਵਲਜੀਤ ਦੀ ਇਹ ਗੱਲ ਬਿਲਕੁੱਲ ਦਰੁਸਤ ਹੈ ਕਿ ਪਿਛਲੇ ਦੋ ਕੁ ਸਾਲਾਂ ਅੰਦਰ 'ਸੁਰਖ ਰੇਖਾ' ਨੇ ਪੰਜਾਬ ਦੇ ਫ਼ਿਰਕੂ ਜਨੂੰਨ ਬਾਰੇ ਸਭ ਤੋਂ ਵਧਦਾਂ ਸਪੱਸ਼ਟ ਸਟੈਂਡ ਲਿਆ ਹੈ — ਸਾਧੂ ਨੇ ਵੀ ਆਪਣੇ ਖ਼ਤ ਵਿੱਚ ਲਿਖਿਆ ਹੈ, ਸੁਰਖ ਰੇਖਾ ਵਾਲਿਆਂ ਦੀ ਜੁਅਰਤ, ਦਲੇਰੀ ਅਤੇ ਸੂਝ ਨੂੰ ਕੋਈ ਵੀ ਸਿਆਣਾ ਪਾਠਕ ਦਾਦ ਦਿੱਤੇ ਬਿਨਾਂ ਨਹੀਂ ਰਹਿ ਸਕਦਾ। 'ਵਤਨੋਂ ਦੂਰ' ਦੇ ਪਿਛਲੇ ਅੰਕ ਵਿੱਚ ਸੁਖਪਾਲ ਦੀ ਨਜ਼ਮ (ਇੱਕ ਖ਼ਤ ਪੰਜਾਬ ਸਿੰਘ ਦੇ ਨਾਂ) ਵੀ ਇੱਥੇ ਬਹੁਤ ਪਸੰਦ ਕੀਤੀ ਗਈ ਹੈ। ਭਿੰਡਰਾਂਵਾਲਾ ਦੇ ਕਾਤਲੀ ਗਰੋਹਾਂ ਤੋਂ ਬਾਅਦ ਫ਼ੌਜੀ ਐਕਸ਼ਨ ਅਤੇ ਇਸ ਐਕਸ਼ਨ ਤੋਂ ਬਾਅਦ ਪੰਜਾਬ ਦੀਆਂ ਮੌਜੂਦਾ ਹਾਲਾਤਾਂ ਬਾਰੇ ਤੁਹਾਨੂੰ ਕਾਫ਼ੀ ਕੁਝ ਪਤਾ ਲੱਗ ਹੀ ਗਿਆ ਹੋਵੇਗਾ — ਹੁਣ ਇਸ ਛੋਟੇ ਜਿਹੇ ਖ਼ਤ ਵਿੱਚ ਬਹੁਤ ਕੁਝ ਸਪੱਸ਼ਟ ਕਰਨਾ ਮੁਸ਼ਕਲ ਹੈ।

ਉਂਞ ਇੱਥੇ 'ਜੈਕਾਰਾ' ਵਾਲਿਆਂ ਨੇ ਮੌਜੂਦਾ ਫ਼ਿਰਕੂ ਸਥਿਤੀ ਬਾਰੇ ਆਮ ਲੋਕਾਂ ਵਿੱਚ ਇੱਕ ਲੀਫਲੈੱਟ ਵੰਡਿਆ ਹੈ — ਪੰਜਾਬ ਦੀ ਮੌਜੂਦਾ ਦਰਪੇਸ਼ ਹਾਲਤਾਂ ਬਾਰੇ ਲੋਕਾਂ ਨੂੰ ਸਪੱਸ਼ਟ ਕਰਨ ਲਈ ਅਜੇ ਖੱਬੀ ਧਿਰ ਨੂੰ ਸੰਗਠਨਾਤਮਕ ਤੇ ਸਿਆਸੀ ਫ਼ਰੰਟ 'ਤੇ ਬਹੁਤ ਕੁਝ ਕਰਨਾ ਪਵੇਗਾ। ਤੁਸੀਂ ਵੀ ਆਪਣਾ ਬਣਦਾ ਫ਼ਰਜ਼ ਵਧੀਆ ਢੰਗ ਨਾਲ ਨਿਭਾ ਰਹੇ ਹੋ — ਪਰ ਹੋਰ ਬਹੁਤ ਕਰਨਾ ਪਵੇਗਾ।

ਇਹ ਵਧੀਆ ਗੱਲ ਹੈ ਕਿ ਤੁਸੀਂ 'ਵਤਨੋਂ ਦੂਰ' ਦਾ ਆਗਾਮੀ ਅੰਕ ਫ਼ਿਰਕੂ ਜਨੂੰਨ ਵਿਰੁੱਧ ਵਿਸ਼ੇਸ਼ ਅੰਕ ਕੱਢ ਰਹੇ ਹੋ — ਇਹ ਬੜੇ ਦੁੱਖ ਅਤੇ ਚਿੰਤਾ ਦੀ ਗੱਲ ਹੈ ਕਿ ਅੱਜ ਸੰਸਾਰ ਦੀਆਂ ਸਾਮਰਾਜੀ ਤਾਕਤਾਂ ਨੇ ਤੀਸਰੀ ਦੁਨੀਆਂ ਦੇ ਲੋਕਾਂ ਨੂੰ ਧਾਰਮਕ ਪੁਨਰ-ਸੁਰਜੀਤੀ ਦੇ ਨਾਂ ਤੇ ਫ਼ਿਰਕੂ ਜਨੂੰਨ ਦੀ ਜਕੜ ਵਿੱਚ ਲੈ ਲਿਆ ਹੈ — ਹਰ ਪਾਸੇ ਫ਼ਿਰਕੂ ਰਹਿਸ਼ਤਪਸੰਦੀ ਮਨੁੱਖਤਾ ਦਾ ਕਤਲੇ-ਆਮ ਕਰਨ ਉੱਤੇ ਤੁੱਲੀ ਹੋਈ ਹੈ। ਮੈਂ ਆਪ ਫ਼ਿਰਕੂ ਜਨੂੰਨ ਬਾਰੇ ਨਵਾਂ ਤਾਂ ਅਜੇ ਕੁਝ ਲਿਖਿਆ ਨਹੀਂ ਪਰ 'ਸਮਤਾ' ਦੇ ਮਈ ਅੰਕ ਵਿੱਚ 'ਨਾਸਤਕਵਾਦੀ ਭਗਤ ਸਿੰਘ ਅਤੇ ਮੌਜੂਦਾ ਫ਼ਿਰਕੂ ਲਹਿਰ' ਸਿਰਲੇਖ ਹੇਠ ਫ਼ਿਰਕੂ ਜਨੂੰਨ ਬਾਰੇ ਇੱਕ ਲੇਖ ਦਿੱਤਾ ਹੈ। ਇੱਥੇ ਸਾਥੀਆਂ ਨੇ ਇਹ ਪਸੰਦ ਕੀਤਾ ਸੀ — ਜੇ ਤੁਸੀਂ ਚਾਹੁੰਦੇ ਹੋ ਤਾਂ ਇਹ ਲੇਖ ਦੁਬਾਰਾ 'ਵਤਨੋਂ ਦੂਰ' ਵਿੱਚ ਲਾ ਲੈਣਾ।

— ਗੁਰਬਖਸ਼ ਜੱਸ/ 24 ਜੂਨ 84
(ਹੁਸ਼ਿਆਰਪੁਰ, PANJAB, INDIA)●

1. ਭੇਜੇ ਜਾ ਰਹੇ ਲੀਫਲੈੱਟ ਹਜ਼ਾਰਾਂ ਦੀ ਗਿਣਤੀ 'ਚ ਵੰਡੇ ਹਨ। ਪੰਜਾਬ ਵਿੱਚ ਆਰ.ਸੀ.ਪੀ. ਵੱਲੋਂ ਫ਼ੌਜੀ ਰਾਜ ਦੇ ਵਿਰੋਧ 'ਚ ਪੋਸਟਰ ਵੀ ਲਾਏ ਹਨ। ਇਨ੍ਹਾਂ ਵਿੱਚੋਂ ਮੈਟਰ ਵਤਨੋਂ ਦੂਰ ਪੇਪਰ ਵਿੱਚ ਕਵਰ ਕਰ ਦੇਣਾ, ਜਿੰਨਾਂ ਵੀ ਹੋ ਸਕੇ।

2. ਪੰਜਾਬ ਵਿੱਚ ਫ਼ੌਜੀ ਰਾਜ ਅਤੇ ਪ੍ਰੈੱਸ ਸੈਂਸਰਸ਼ਿੱਪ ਨੇ 'ਜੈਕਾਰਾ' ਨੂੰ 'ਇਨਕਲਾਬ' 'ਚ ਤਬਦੀਲ ਕਰ ਦਿੱਤਾ। ਆਰ.ਸੀ.ਪੀ. ਇੰਡੀਆ ਵੱਲੋਂ ਫ਼ੌਜੀ ਰਾਜ ਵਿਰੁੱਧ ਅਤੇ ਖਾਲਿਸਤਾਨ ਵਿਰੁੱਧ ਵੱਡੀ ਗਿਣਤੀ ਵਿੱਚ ਲੀਫਲੈੱਟ/ ਪੋਸਟਰ ਲਾਏ ਜਾ ਰਹੇ ਹਨ...

— ਮੈਨੇਜਰ 'ਜੈਕਾਰਾ/ ਇਨਕਲਾਬ'/ ਜੁਲਾਈ 84
(PANJAB, INDIA)●

ਮੈਂ ਉੱਘੇ ਕਮਿਊਨਿਸਟ ਕਾਮਰੇਡ ਸੋਹਣ ਸਿੰਘ ਜੋਸ਼ ਦਾ ਪੋਤਾ ਤੇ ਉਨ੍ਹਾਂ ਵੱਲੋਂ ਸਥਾਪਤ ਕੀਤੇ ਪੁਸਤਕ ਦੁਆਰੇ ਦਾ ਸਕੱਤਰ ਹਾਂ। ਸਾਡੇ ਪਾਸ ਆਪ ਜੀ ਦੇ 1977 ਤੋਂ 1981 ਦੇ ਅੰਕ ਪਏ ਹਨ ਜੋ ਕਿ ਅਸੀਂ ਸਾਰੇ ਪੜ੍ਹ ਲਏ ਹਨ। ਬਹੁਤ ਜ਼ਿਆਦਾ ਅਗਾਂਹਵਧੂ ਪਰਚਾ ਹੈ। ਪਰਚੇ ਦੀ ਮਿਆਰਤਾ ਤੇ ਦੇਖ ਕੇ ਸਾਨੂੰ ਮੋਹ ਲਿਆ ਹੈ। ਪਰਚੇ ਦੀਆਂ ਪਾਇਦਾਰ ਅਤੇ ਰਾਹ ਦਰਸਾਊ ਰਚਨਾਵਾਂ ਤੋਂ ਅਸੀਂ ਇੰਨੇ ਪ੍ਰਭਾਵਤ ਹੋਏ ਹਾਂ ਕਿ ਉਚੇਚਾ ਪੱਤਰ ਲਿਖਣਾ ਪਿਆ।... ਕਿਰਪਾ ਕਰਕੇ ਇਕ ਪਰਚਾ ਲਾਇਬ੍ਰੇਰੀ ਨੂੰ ਜਾਰੀ ਕਰ ਦੇਣਾ।

— ਕੁਲਦੀਪ ਸਿੰਘ ਚੇਤਨਪੁਰੀ- ਪੁਸਤਕ ਦੁਆਰਾ / 3 ਮਈ 84
(ਪਿੰਡ ਤੇ ਡਾਕ: ਚੇਤਨਪੁਰਾ, AMRITSAR, PANJAB, INDIA)●

ਮਾਰਚ-ਅਪ੍ਰੈਲ ਅੰਕ ਪੜ੍ਹਿਆ। ਬੇਹੱਦ ਤਸੱਲੀ ਮਹਿਸੂਸ ਹੋਈ। ਤੁਸੀਂ ਵਾਕਈ ਅਜਿਹੀ ਸੰਪਾਦਨਾ ਲਈ ਵਧਾਈ ਦੇ ਹੱਕਦਾਰ ਹੋ। ਕੈਲਗਰੀ ਵਿਚਲੇ ਜਾਣੂੰ ਮੇਰੇ ਅਗਾਂਹਵਧੂ ਸਾਥੀਆਂ ਨੇ ਇਸ ਅੰਕ ਦੀ ਸਰਾਹਨਾ ਕੀਤੀ ਹੈ।

ਇਸ ਅੰਕ (ਵਿਚ ਖਾਸ ਕਰਕੇ) ਅਤੇ ਪਿਛਲੇ ਅੰਕ ਵਿਚ ਵਰਨਣ ਜੋਗ ਉਸਾਰੂ ਵਾਧੇ ਵੇਖਣ ਵਿਚ ਆਏ ਹਨ। 'ਵਤਨੋਂ ਦੂਰ' ਦੀ ਆਪਣੀ ਸੋਚ ਅਤੇ ਸੇਧ ਦਾ ਪ੍ਰਤੱਖ ਰੂਪ ਵਿਚ ਅਤੇ ਦ੍ਰਿੜਤਾ ਨਾਲ ਉੱਭਰ ਕੇ ਆਉਣਾ ਸ਼ੁਭ ਸ਼ਗਨ ਹੈ।

ਬਿਨਾਂ ਕਿਸੇ ਭੈਅ, ਖ਼ੌਫ਼ ਅਤੇ ਵਿਰੋਧ ਦੀ ਪ੍ਰਵਾਹ ਕੀਤੇ ਸੱਚ ਨੂੰ ਸੱਚ ਆਖਣ ਦੀ ਦਲੇਰੀ ਹੀ ਚੰਗੀ ਪੱਤਰਕਾਰੀ ਦਾ ਗੁਣ ਹੁੰਦਾ ਹੈ ਪਰ ਕਿੰਨੇ ਦੁੱਖ ਦੀ ਗੱਲ ਹੈ ਕਿ ਅੱਜ ਤੱਕ ਕੈਨੇਡਾ ਵਿਚਲੇ ਕਿਸੇ ਵੀ ਅਗਾਂਹਵਧੂ ਪਰਚੇ ਦੇ ਸੰਪਾਦਕ ਨੇ ਵੈਨਕੂਵਰ ਤੋਂ ਨਿੱਕਲਦੇ 'ਇੰਡੋ ਕਨੇਡੀਅਨ ਟਾਇਮਜ਼' ਵੱਲੋਂ ਪਿਛਲੇ ਢਾਈ ਤਿੰਨ ਸਾਲ ਤੋਂ ਲੋਕਾਂ ਨੂੰ ਭਰਾ ਮਾਰ ਜੰਗ ਵਿਚ ਝੋਕਣ ਵਾਲੇ, ਕੀਤੇ ਜਾਂਦੇ ਕੂੜ-ਪ੍ਰਚਾਰ, ਜਨੂੰਨਵਾਦ ਦਾ ਮੂੰਹ ਭੰਨਣ ਦੀ ਦਲੇਰੀ ਨਹੀਂ ਕੀਤੀ। ਇੱਕ ਸ਼ਬਦ ਵੀ ਉਸਦੇ ਵਿਰੁੱਧ ਨਹੀਂ ਉਚਰਿਆ... ...

— ਹਰਕੰਵਲਜੀਤ ਸਿੰਘ / 22 ਮਈ 84
(CALGARY, ALBERTA, CANADA)●

ਪਰਚਾ ਮਿਲਦਾ ਰਿਹਾ ਹੈ... ਪਹਿਲਾਂ ਨਾਂ ਲਿਖਣ 'ਤੇ ਅਫ਼ਸੋਸ ਹੀ ਕਰ ਸਕਦਾ ਹਾਂ - ਨੁਮਾਇਸ਼ਾਂ ਦੇ ਰੁਝੇਵੇਂ, ਯੂਰਪ ਤੇ ਏਥੇ ਦੇ ਵਿਚ ਕੰਮ ਦੌੜੀ ਦੌੜੀ ਹੋਈ ਰਹੀ...

ਸੋਚ ਵਿਚਾਰ ਵਾਲੀ ਗੱਲ ਤੁਹਾਡੀ ਬਹੁਤੀ ਜ਼ਰੂਰੀ ਲੱਗੀ ਹੈ - ਖਾਸ ਕਰਕੇ ਪੰਜਾਬ ਤੇ ਹਿੰਦੁਸਤਾਨ ਦੇ ਹੋਰ ਹਿੱਸਿਆਂ ਵਿਚ ਇਹ ਪਾਗਲਪਨ, ਮਜ਼੍ਹਬੀ ਤੇ ਹਿੰਸਕ, ਦੇਖ ਦੇਖ ਕੇ ਜੀ ਉਦਾਸ ਜਿਹਾ ਵੀ ਹੋਇਆ ਹੈ ਤੇ ਇਹ ਵੀ ਸਵਾਲ ਉੱਠੇ ਹਨ ਕਿ ਕਿਸੇ ਜਗ੍ਹਾ ਤੇ ਅਸੀਂ ਫੇਲ ਹੋ ਗਏ ਹਾਂ। ਜੇ ਫੇਲ ਹੋਏ ਸੀ ਤੇ ਉਹ ਤਾਕਤਾਂ ਜਿਹੜੀਆਂ ਠੀਕ ਕਰ ਸਕਦੀਆਂ ਸਨ, ਉਹਨਾਂ ਨੇ ਕੀ ਕੀਤਾ! 1947 ਦੇ ਪਾਗਲਪਨ ਤੋਂ ਬਾਅਦ ਸੈਕੂਲਰ ਅਗਾਂਹਵਧੂ ਦੇਸ਼ ਕਿਉਂ ਨਹੀਂ ਬਣ ਸਕਿਆ ਤੇ ਮੁੜ ਕੇ ਉਹੀ ਦਕਿਆਨੂਸੀ ਤਾਕਤਾਂ ਅੱਗੇ ਅੱਗੇ ਹੋਈ ਫਿਰਦੀਆਂ ਹਨ। ਇਹ ਉਹਨਾਂ ਤਾਕਤਾਂ ਦੀ ਜਿੱਤ ਹੈ ਜਾਂ ਸਾਡੀ ਹਾਰ, ਕਿਤੇ ਤਾਂ ਕੁਝ ਠੀਕ ਨਹੀਂ। ਸੋਚ ਵਿਚਾਰ ਕਰਕੇ ਕਈ ਸਵਾਲ ਹੱਲ ਹੋ ਜਾਂਦੇ ਹਨ, ਪਰ ਉਹ ਸਵਾਲ ਹੱਲ ਹੋਣ ਵਾਲੀ ਹੀ ਗੱਲ ਰਹਿ ਜਾਂਦੀ ਹੈ, ਜਿਵੇਂ ਫੱਟੀ ਪੋਚ ਕੇ ਨਵੀਂ ਇਬਾਰਤ ਲਿਖ ਲਈ ਤੇ... ... ਅਸਲ ਹਾਲਾਤ ਹੋਰ ਹੀ ਖੜ ਹੈ। ਕਿੱਥੇ ਗੱਲ ਮੁੱਕੂ, ਮੈਨੂੰ ਪਤਾ ਨਹੀਂ, ਨਿਰਾਸ ਹਾਂ॥

ਪਰਚਾ ਚੰਗਾ ਹੈ, ਮੇਰਾ ਸੁਝਾ ਹੋਰ ਪਾਸਿਓਂ ਤਾਂ ਪਤਾ ਨਹੀਂ, ਗਰਾਫਿਕ ਵੱਲੋਂ ਇਹੋ ਹੈ ਕਿ ਭਾਵੇਂ ਓਹੀ ਪੁਰਾਣਾ ਡੀਜ਼ਾਈਨ (PAPER CUT) ਵਰਤੀ ਜਾਓ ਸਰਵਰਕ ਚੰਗਾ ਲਗਦਾ ਸੀ। ਠੀਕ ਹੀ ਰਹੇਗਾ। ਕਵਿਤਾਵਾਂ ਬਹੁਤ ਵਧੀਆ ਹੁੰਦੀਆਂ ਹਨ, ਸੋਚ ਖਰੀ ਹੈ, ਕਹਾਣੀਆਂ ਨਹੀਂ। ਇਹ ਜ਼ਰੂਰੀ ਨਹੀਂ ਕਿ ਆਮ ਲੋਕਾਂ ਦੀ ਸਮਝ ਨੂੰ ਘਟੀਆ ਪੱਧਰ ਤੇ ਸਮਝਿਆ ਜਾਵੇ ਕਿ ਉਨ੍ਹਾਂ ਨੂੰ ਸਮਝ ਆ ਜਾਓ - ਅਸੀਂ ਮਿਸਾਲ ਦੇਖ ਚੁੱਕੇ ਹਾਂ ਰੂਸ ਵਿਚ- Social Realism- ਤੇ ਪੋਲੈਂਡ ਵਿੱਚ ਉੱਚ ਪੱਧਰ ਦੀ ਕਲਾ, ਥੀਏਟਰ, ਸੰਗੀਤ ਆਦਿ - ਲੋਕਾਂ ਨੂੰ ਜੋ ਮਿਲੇਗਾ ਉਹੀ ਸਿੱਖਣਗੇ, ਵਧੀਆ ਕੰਮ ਵਾਸਤੇ ਆਪ ਵੀ ਸੋਚਣਗੇ। ਕਈ ਕਲਾਕਾਰ ਲੋਕਾਂ ਨੂੰ ਹੇਠ ਪੱਧਰ ਤੇ ਸਮਝਦੇ ਹਨ ਇਹ ਭੁੱਲ ਕੇ ਕਿ ਉਹ ਵੀ ਤਾਂ ਆਮ ਲੋਕਾਂ 'ਚੋਂ ਹੀ ਹਨ ਕੋਈ ਅਸਮਾਨੋਂ ਥੋੜੀ ਡਿੱਗੇ ਹਨ...

ਹੋਰ ਕਈ ਗੱਲਾਂ ਹਨ, ਮੈਨੂੰ ਲਿਖ ਕੇ ਸਵਾਦ ਜਿਹਾ ਨਹੀਂ ਆ ਰਿਹਾ ਹੈ, ਜੋ ਮੈਂ ਸੋਚ ਰਿਹਾ ਹਾਂ ਮੈਨੂੰ ਪਤਾ ਹੈ ਪਰ ਉਪਰ ਲਿਖਿਆ ਪੜ੍ਹ ਕੇ ਉਹ ਗੱਲ ਨਹੀਂ ਬਣਦੀ... ਮੈਂ ਹਮੇਸ਼ਾਂ ਤੋਂ ਹੀ ਆਪਣੇ ਆਪ ਨੂੰ ਸ਼ਬਦਾਂ ਵਿਚ ਨਹੀਂ ਉਘਾੜ ਸਕਿਆ। ਤਸਵੀਰਾਂ ਬਣਾ ਬਣਾ ਕੇ ਆਦਤ ਜਿਹੀ ਵੀ ਪੈ ਗਈ ਹੈ...

— ਹਰਦੇਵ ਸਿੰਘ (ਆਰਟਿਸਟ) / 31 ਮਈ 84
(TORONTO, ONTARIO, CANADA)●

ਕੈਨੇਡਾ ਦੇ ਸਾਹਿਤਕ ਖੇਤਰ ਵਿਚ ਸਭ ਤੋਂ ਪਹਿਲਾਂ ਜਿਸ ਆਦਮੀ ਨਾਲ ਮੇਰੀ ਵਾਕਫ਼ੀਅਤ ਹੋਈ, ਉਸਦਾ ਨਾਮ ਸੀ ਸਾਧੂ। ਸਾਧੂ ਨੇ ਸਭ ਤੋਂ ਪਹਿਲੀ ਚੀਜ਼ ਜੋ ਮੈਨੂੰ ਦਿੱਤੀ, ਉਹ ਸੀ ਇੱਕ ਪੰਡ "ਵਤਨੋਂ ਦੂਰ" ਦੀ (ਸ਼ੁਰੂ ਤੋਂ ਉਦੋਂ ਤੱਕ ਸਾਰੇ ਅੰਕਾਂ ਦੀਆਂ ਕਾਪੀਆਂ)। "ਵਤਨੋਂ ਦੂਰ" ਪੜ੍ਹ ਕੇ ਸਭ ਤੋਂ ਪਹਿਲੀ ਚੀਜ਼ ਜੋ ਮੈਂ ਮਹਿਸੂਸ ਕੀਤੀ ਉਹ ਇਹ ਕਿ "ਵਤਨੋਂ ਦੂਰ" ਵਤਨ ਤੋਂ ਏਨਾ ਦੂਰ ਹੁੰਦਾ ਹੋਇਆ ਵੀ ਕਿਸੇ ਨਾ ਕਿਸੇ ਰੂਪ ਵਿਚ ਵਤਨ ਦੇ ਬਹੁਤ ਨੇੜੇ ਰਹਿਆ ਜਾਂਦਾ ਹੈ ਤੇ ਕਈ ਵਾਰ ਤਾਂ "ਵਤਨੋਂ ਦੂਰ" "ਵਤਨ ਵਿਚ" ਲੱਗਣ ਲੱਗ ਪੈਂਦਾ ਹੈ। ਮੈਂ ਤੇ ਸਾਧੂ ਜੇ ਕਦੀ ਭੁੱਲ ਭੁਲੇਖੇ (??) ਮਿਲ ਪਈਏ ਤਾਂ ਇਸ ਵਿਸ਼ੇ ਤੇ ਗੱਲ ਜ਼ਰੂਰ ਹੁੰਦੀ ਹੈ ਕਿ ਕੈਨੇਡਾ ਬੈਠਾ ਪੰਜਾਬੀ ਲੇਖਕ ਪੰਜਾਬ ਦੀ ਧਰਤੀ ਨਾਲ ਕਿਸ ਤਰ੍ਹਾਂ ਜੁੜ ਸਕਦਾ ਹੈ।

ਤੁਸੀਂ ਪੰਜਾਬ ਦੀ ਧਰਤੀ ਉਪਰ ਸ਼ੁਰੂ ਹੋਏ ਫਿਰਕੂ ਨਾਗਾਂ ਦਾ ਮਸਲਾ ਛੋਹ ਕੇ ਇਸ ਜੋੜ ਦਾ ਜੋ ਉਪਰਾਲਾ ਕੀਤਾ ਹੈ, ਉਹ ਸ਼ਲਾਘਾ ਜੋਗ ਹੈ।

— ਸੁਖਪਾਲ / ਮਈ 84
(S.F.U. BURNABY, B.C., CANADA)●

ਪੰਜਾਬ SITUATION ਬਾਰੇ ਕੀ ਲਿਖਾਂ? ਇਹੀ ਹੈ ਕਿ ਇੰਦਰਾ ਗਾਂਧੀ ਲੋਕਾਂ ਨੂੰ ਲੀਰਾਂ ਲੀਰਾਂ ਕਰਕੇ ਆਪਣਾ ਮਕਸਦ ਹਾਸਲ ਕਰਨ ਵਿੱਚ ਕਾਮਯਾਬ ਹੋ ਗਈ ਹੈ। ਅੱਜ ਖਾਲਸਤਾਨ ਦੀ ਤੂਤੀ ਬੋਲ ਰਹੀ ਹੈ ਜਿਹੜੀ ਮੇਰੀ ਨਜ਼ਰੇ ਇੰਦਰਾ ਨੂੰ ਹੋਰ ਮਜ਼ਬੂਤ ਕਰਦੀ ਹੈ। ਉਹ ਖਾਲਸਤਾਨ ਦੇ ਨਾਅਰੇ ਵਿੱਚੋਂ ਹਿੰਦੂ ਜੰਤਾ ਦੀਆਂ ਵੋਟਾਂ ਦੀ ਭਰਵੀਂ ਫਸਲ ਕੱਟੇਗੀ। ਤੇ ਆਪਣੀ ਤੇ ਆਪਣੀ ਪਾਰਟੀ ਦੀ ਚੌਧਰ ਤੋਂ ਬਿਨਾਂ ਉਸਨੂੰ ਹੋਰ ਕਿਸੇ ਚੀਜ਼ ਦੀ ਪਰਵਾਹ ਨਹੀਂ। ਪੰਜਾਬ ਦੀਆਂ ਤਕਰੀਬਨ ਸਾਰੀਆਂ ਮੰਗਾਂ ਜਾਇਜ਼ ਹਨ। ਪੰਜਾਬ, ਪੰਜਾਬੀ ਜ਼ੁਬਾਨ, ਪੰਜਾਬੀ ਸੱਭਿਆਚਾਰ ਨਾਲ ਭਾਰੀ ਵਧੀਕੀਆਂ ਹੋਈਆਂ ਹਨ ਤੇ ਹੋ ਰਹੀਆਂ ਹਨ। ਅੱਤਵਾਦ ਗਿਆਨੀ ਜ਼ੈਲ ਸਿੰਘ ਦੀ ਪੈਦਾਵਾਰ ਹੈ ਕਿਉਂਕਿ ਦੋਹਾਂ ਫਿਰਕਿਆਂ ਵਿਚ ਨਫਰਤ ਹੋਣੀ ਕਾਂਗਰਸ ਨੂੰ ਫਿੱਟ ਬੈਠਦੀ ਹੈ। ਜਿਨ੍ਹਾਂ ਹਿੰਦੂ ਭਰਾਵਾਂ ਨੇ ਪੰਜਾਬੀ ਨਾਲ ਵੈਰ ਪਾ ਕੇ ਪੰਜਾਬੀ ਜ਼ੁਬਾਨ ਤੋਂ ਬੇਮੁੱਖਤਾ ਦਿਖਾਈ ਹੈ, ਮੌਜੂਦਾ ਖਿੱਚੋਤਾਣ ਵਿਚ ਉਨ੍ਹਾਂ ਦੀ ਕੋਈ ਘੱਟ ਦੇਣ ਨਹੀਂ। ਮੈਨੂੰ ਤਾਂ ਇਸ ਗਮਗੀਨ ਮਾਹੌਲ ਵਿਚ ਕੋਈ ਆਸ ਦੀ ਕਿਰਨ ਹਾਲੇ ਨਜ਼ਰ ਨਹੀਂ ਆਉਂਦੀ...

— ਇਕਬਾਲ ਰਾਮੂਵਾਲੀਆ / 10 ਅਗਸਤ 84
(TORONTO, ONTARIO, CANADA) ●

...ਅਗਲੇ ਹਫ਼ਤੇ ਲੇਖ ਵੀ ਪੰਜਾਬ ਦੀ ਸਥਿੱਤੀ ਸੰਬੰਧੀ ਸਾਹਿਤ ਸਭਾ ਵੱਲੋਂ ਭੇਜਿਆ ਜਾ ਰਿਹਾ ਹੈ - ਇਹ ਵਧੀਆ ਉੱਦਮ ਹੈ ਕਿ ਕੈਨੇਡਾ ਵਿਚਲੀਆਂ ਸਭਾਵਾਂ ਅਜੋਕੀ ਪੰਜਾਬ ਦੀ ਸਥਿਤੀ ਉੱਪਰ ਕੁਝ ਨਾ ਕੁਝ ਆਪਣੇ ਵਿਚਾਰ ਜ਼ਰੂਰ ਇੱਕ ਦੂਸਰੇ ਨਾਲ "ਵਤਨੋਂ ਦੂਰ" ਰਾਹੀਂ ਸਾਂਝੇ ਕਰਨ - ਸਲਾਹੁਣ ਜੋਗ ਉੱਦਮ ਹੈ।

— ਯੁਵਰਾਜ / 4 ਜੂਨ 84
(WINNIPEG, MANITOBA, CANADA) ●

'ਸਿਰਜਣਾ' 39-40 ਵਿਚ ਛਪੇ ਡਾ: ਅਤਰ ਸਿੰਘ ਦੇ ਦੋ ਲੇਖਾਂ ਉੱਪਰ ਇੱਕ ਪੈਂਫਲਿਟ ਲਿਖਿਆ ਸੀ... ਪੜ੍ਹਨ ਤੇ ਇਸ ਸੰਬੰਧੀ ਜੇ ਕੋਈ ਰਾਏ ਦੇਣੀ ਚਾਹੋ ਤਾਂ ਬੜਾ ਚੰਗਾ ਹੋਵੇਗਾ। ਵਤਨੋਂ ਦੂਰ ਲਈ ਇੱਕ ਲੇਖ ਵੀ ਭੇਜ ਰਿਹਾ ਹਾਂ।

ਤੁਹਾਡਾ ਕੈਨੇਡਾ ਦਰਪਣ ਵਿੱਚ ਛਪਿਆ ਨਵਾਂ ਲੇਖ 'ਪੰਜਾਬ ਦਾ ਦੁਖਾਂਤ' ਪੜ੍ਹਿਆ। ਤੁਸੀਂ ਪੰਜਾਬ ਦੇ ਮਸਲੇ ਸੰਬੰਧੀ ਸੱਚੀ ਗੱਲ ਆਖੀ ਹੈ। ਮਨੁੱਖੀ ਕਦਰਾਂ ਕੀਮਤਾਂ ਦੀ ਕਾਇਮੀ ਲਈ ਅਤੇ ਰਾਖੀ ਲਈ ਵੰਗਾਰਿਆ ਹੈ। ਇਸ ਪ੍ਰਤੀ ਆਪ ਨੂੰ ਵਧਾਈ ਭੇਜਦਾ ਹਾਂ।

— ਸੂਫ਼ੀ ਅਮਰਜੀਤ / 27 ਜੂਨ 84
(SURREY, B.C., CANADA) ●

ਇੱਥੇ ਕਈਆਂ ਨਾਲ ਮੈਟਰ ਬਾਰੇ ਗੱਲਬਾਤ ਕੀਤੀ ਸੀ - ਕਈਆਂ ਨਾਲ ਦੋ ਦੋ ਤਿੰਨ ਤਿੰਨ ਵਾਰੀ ਵੀ ਕੀਤੀ ਪਰ ਲਗਦੈ ਅਜੇ ਲੋਕਾਂ ਦਾ ਹੌਸਲਾ ਨਹੀਂ ਪੈ ਰਿਹਾ ਕੁਝ ਕਹਿਣ ਨੂੰ... ...

— ਸਾਧੂ / 16 ਅਗਸਤ 84
(S.F.U. BURNABY, B.C., CANADA) ●

ਵਤਨੋਂ ਦੂਰ ਲਈ ਨਜ਼ਮਾਂ ਭੇਜ ਰਿਹਾ ਹਾਂ। ਦੱਖਣੀ ਅਫਰੀਕਾ ਨੂੰ ਛੱਡਕੇ ਬਾਕੀ ਨਜ਼ਮਾਂ ਅਗਲੇ ਪਰਚੇ ਵਿੱਚ ਛਾਪਣ ਲਈ ਨੇ, ਇਹ ਅੱਜ ਬਾਰੇ ਨੇ, ਸੋ ਦੱਖਣੀ ਅਫਰੀਕਾ ਕਿਸੇ ਹੋਰ ਅਗਲੇ ਪਰਚੇ ਲਈ ਰੱਖ ਲੈਣਾ ਤੇ ਫਿਰ ਵਰਤ ਲੈਣ...

— ਗੁਰਚਰਨ ਰਾਮਪੁਰੀ / 23 ਅਗਸਤ 84
(NORTH VANCOUVER, B.C., CANADA) ●

ਕੈਨੇਡਾ ਵਿਚਲੇ ਮੌਜੂਦਾ ਹਿੰਦੂ ਸਿੱਖ ਤਣਾਅ ਦੇ ਪ੍ਰਤੀਕਰਮ ਵਜੋਂ ਵੈਨਕੂਵਰ ਵਿੱਚ ਕੁਝ ਸੰਸਥਾਵਾਂ ਅਤੇ ਵਿਅਕਤੀਆਂ ਨੇ ਰਲ ਕੇ ਲੋਕ ਸਦਭਾਵਨਾ ਮੰਚ ਦੀ ਸਥਾਪਨਾ ਕੀਤੀ ਹੈ ਜਿਸਦਾ ਮੁੱਖ ਉਦੇਸ਼ ਆਪਣੀ ਕਮਿਊਨਿਟੀ ਵਿੱਚ ਹਿੰਦੂ ਸਿੱਖ ਏਕਤਾ ਨੂੰ ਬਰਕਰਾਰ ਰੱਖਣਾ ਹੈ। ਸਦਭਾਵਨਾ ਮੰਚ ਬਾਰੇ ਵੀ ਛਪੀ ਜਾਣਕਾਰੀ ਭੇਜ ਰਿਹਾ ਹਾਂ - ਛਾਪ ਦੇਣੀ। ਇਸ ਦੇ ਮੈਂਬਰਾਂ ਵਿੱਚ ਦਰਸ਼ਨ ਗਿੱਲ, ਹਰੀ ਸ਼ਰਮਾ, ਸਾਧੂ, ਸੁਖਵੰਤ ਹੁੰਦਲ, ਅਜਮੇਰ ਰੋਡੇ, ਲਿੰਕ ਆਦਿ ਸ਼ਾਮਲ ਹਨ।

— ਅਜਮੇਰ ਰੋਡੇ / ਅਗਸਤ 84
(RICHMOND, B.C., CANADA) ●

---

(.... ਸਫ਼ਾ 23 ਦੀ ਬਾਕੀ)

ਜਾ ਸਕੇ। ਤਾਂ ਹੀ ਅਸੀਂ ਸਾਮਰਾਜੀਆਂ ਅਤੇ ਇਨ੍ਹਾਂ ਦੇ ਦੱਲਿਆਂ ਦੇ ਖੋਟੇ ਮਨਸੂਬਿਆਂ ਨੂੰ ਫੇਲ੍ਹ ਕਰ ਸਕਦੇ ਹਾਂ। 'ਕਮਿਊਨਿਸਟ ਵਰਕਰ' ਇਹ ਸਭ ਕੁਝ ਕਰਨ ਵਿੱਚ ਹਿੱਸਾ ਪਾਉਣ ਲਈ ਵਚਨ-ਬੱਧ ਹੈ। ਸਾਨੂੰ ਤੁਹਾਡਾ ਐਡਰੈੱਸ ਤੁਹਾਡੇ ਵਿਚ ਸ਼ਾਮਲ ਜੱਥੇਬੰਦੀ 'ਇਪਾਨਾ' ਵੱਲੋਂ ਭੇਜੇ ਗਏ ਲੀਫਲੈੱਟਾਂ ਵਿੱਚੋਂ ਮਿਲਿਆ ਹੈ। ਇਸ ਲਈ ਅਸੀਂ ਤੁਹਾਨੂੰ ਜਨਵਰੀ 1984 ਤੋਂ ਜਾਰੀ ਕੀਤੇ ਸਾਡੇ ਪਰਚੇ ਦੇ ਸਾਰੇ ਦੇ ਸਾਰੇ ਅੰਕਾਂ ਦੀ ਇੱਕ ਇੱਕ ਕਾਪੀ ਭੇਜ ਰਹੇ ਹਾਂ ਅਤੇ ਅੱਗੇ ਤੋਂ ਹਰ ਮਹੀਨੇ ਪਰਚਾ ਭੇਜਦੇ ਰਹਾਂਗੇ। ਅਸੀਂ ਇਹ ਵੀ ਆਸ ਕਰਦੇ ਹਾਂ ਕਿ ਤੁਸੀਂ ਵੀ ਸਾਨੂੰ ਆਪਣਾ ਪਰਚਾ ਅਤੇ ਸਰਗਰਮੀਆਂ ਦੀਆਂ ਰੀਪੋਰਟਾਂ ਜਾਂ ਸਾਡਾ ਪਰਚਾ ਤੁਹਾਨੂੰ ਕਿਵੇਂ ਲੱਗਿਆ, ਆਦਿ ਭੇਜਦੇ ਰਿਹਾ ਕਰੋਗੇ ਤਾਂ ਜੋ ਅਸੀਂ ਤੁਹਾਨੂੰ ਸਮਝ ਸਕੀਏ ਅਤੇ ਤੁਹਾਨੂੰ ਇਹ ਪਤਾ ਲੱਗ ਸਕੇ ਕਿ ਭਾਰਤ 'ਚ ਕੰਮ ਕਰਦਾ ਇੱਕ ਕਮਿਊਨਿਸਟ ਇਨਕਲਾਬੀ ਗਰੁੱਪ - ਇਨਕਲਾਬੀ ਕਮਿਊਨਿਸਟ ਕੇਂਦਰ ਭਾਰਤ (ਮ.ਲ.) - ਕੌਮੀ ਤੇ ਕੌਮਾਂਤਰੀ ਪੱਧਰ 'ਤੇ ਵਾਪਰੀਆਂ ਤੇ ਵਾਪਰ ਰਹੀਆਂ ਘਟਨਾਵਾਂ ਨੂੰ ਕਿਵੇਂ ਲੈਂਦਾ ਹੈ ਤਾਂ ਹੀ ਅਸੀਂ ਮਿਹਨਤਕਸ਼ ਲੋਕਾਂ ਦੀਆਂ ਲੋਥਾਂ 'ਤੇ ਉਸਰਨ ਵਾਲੇ ਖ਼ਾਲਿਸਤਾਨ ਦੀ ਲਹਿਰ ਦਾ ਲੱਕ ਤੋੜ ਸਕਾਂਗੇ ਅਤੇ ਸਾਮਰਾਜੀਆਂ, ਦਲਾਲ ਸਰਮਾਏਦਾਰਾਂ ਅਤੇ ਜਗੀਰਦਾਰਾਂ ਵਿਰੁੱਧ ਇਨਕਲਾਬੀ ਜੰਗ ਤੇਜ਼ ਕਰਨ 'ਚ ਕਾਮਯਾਬ ਹੋ ਸਕਾਂਗੇ। ● ਪੰਜਾਬ (ਭਾਰਤ)

ਇਨਕਲਾਬੀ ਕਮਿਊਨਿਸਟ ਕੇਂਦਰ, ਭਾਰਤ (ਮ.ਲ.) ਦੇ ਬੁਲਾਰੇ ਮਾਸਕ-ਪੱਤਰ 'ਕਮਿਊਨਿਸਟ ਵਰਕਰ' ਵੱਲੋਂ

# ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮੰਟਨ ਦੇ ਨਾਮ ਇਕ ਖੁੱਲ੍ਹਾ ਖ਼ਤ

[ਇਹ ਖ਼ਤ ਉਸ ਬਿਆਨ ਸਬੰਧੀ ਹੈ ਜੋ ਸਾਂਝਾ ਬਿਆਨ ਕੈਨੇਡਾ ਅਤੇ ਅਮਰੀਕਾ ਦੀਆਂ ਸੱਤ ਜੱਥੇਬੰਦੀਆਂ ਵੱਲੋਂ 23 ਮਈ 1984 ਨੂੰ ਜਾਰੀ ਕੀਤਾ ਗਿਆ ਸੀ। ਪੰਜਾਬੀ ਲਿਟਰੇਰੀ ਐਸੋਸੀਏਸ਼ਨ ਉਨ੍ਹਾਂ ਵਿਚੋਂ ਇਕ ਹੈ। ਇਹ ਬਿਆਨ ਕੈਨੇਡਾ ਦੇ ਕਈ ਅਖਬਾਰਾਂ ਤੋਂ ਇਲਾਵਾ ਹਿੰਦੁਸਤਾਨ ਵਿਚ 'ਸਮਤਾ' ਵਿਚ ਵੀ ਪ੍ਰਕਾਸ਼ਤ ਹੋਇਆ ਹੈ ਅਤੇ ਭਾਰੀ ਮਾਤਰਾ ਵਿਚ ਵੱਖਰਾ ਛਾਪ ਕੇ ਵੀ ਵੰਡਿਆ ਗਿਆ। ਇਸ ਦਾ ਸਿਰਲੇਖ ਸੀ: "ਧਾਰਮਕ ਜਨੂੰਨ ਅਤੇ ਫਿਰਕਾ ਪ੍ਰਸਤੀ ਦਾ ਵਿਰੋਧ ਕਰੋ! ਹਿੰਦੂ-ਸਿੱਖ ਏਕਤਾ ਕਾਇਮ ਕਰੋ!!" ਭਾਵੇਂ ਇਸ ਦੇ ਪ੍ਰਕਾਸ਼ਤ ਹੋਣ ਤੋਂ ਬਾਅਦ ਪੰਜਾਬ ਦੀ ਸਥਿਤੀ ਵਿਚ ਬਹੁਤ ਤਬਦੀਲੀ ਆ ਚੁੱਕੀ ਹੈ ਪਰ ਅਸੀਂ ਮਹਿਸੂਸ ਕਰਦੇ ਹਾਂ ਕਿ ਇਸ ਵਿਚ ਉਠਾਏ ਗਏ ਹੇਠ ਲਿਖੇ ਮੁੱਖ ਨੁਕਤਿਆਂ ਦੇ ਤੱਤ-ਸਾਰ ਦਾ ਮਹੱਤਵ ਹਾਲੇ ਵੀ ਉਨਾ ਹੀ ਹੈ:

1) ਫਿਰਕੂ ਜਨੂੰਨੀ ਕਾਰਵਾਈਆਂ ਲਈ 'ਪਾੜੋ ਤੇ ਰਾਜ ਕਰੋ' ਦੀਆਂ ਲੀਹਾਂ 'ਤੇ ਚੱਲਣ ਵਾਲੀ ਕਾਂਗਰਸ ਸਰਕਾਰ ਮੁਖ
2) ਸਿੱਖ ਅਤੇ ਹਿੰਦੂ ਜਨੂੰਨੀ ਫਿਰਕੂ ਜਨੂੰਨ ਭੜਕਾਉਣ ਵਿਚ ਸਰਕਾਰ ਦੇ ਭਾਈਵਾਲ ਹਨ।
3) ਭਾਰਤੀ ਹਾਕਮ ਜਮਾਤ ਨੂੰ 'ਹਿੰਦੂ ਸਾਮਰਾਜ' ਕਹਿਣਾ ਇਕ ਗਲਤ ਨੀਤੀ ਹੈ ਜੋ ਫਿਰਕਾਪ੍ਰਸਤੀ ਨੂੰ ਸ਼ਹਿ ਦਿੰਦੀ ਹੈ।
4) ਵੱਖਰੀ ਸਟੇਟ ਦਾ ਨਾਅਰਾ ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਕੋਈ ਹੱਲ ਨਹੀਂ ਹੈ।
5) ਕੈਨੇਡਾ ਦੇ ਸਥਾਨਕ ਮੌਕਾ ਪ੍ਰਸਤ 'ਪੰਥਕ ਦਰਦੀਆਂ' ਤੋਂ ਕਮਿਊਨਿਟੀ ਨੂੰ ਸੁਚੇਤ ਰਹਿਣਾ ਚਾਹੀਦਾ ਹੈ।
6) 1947 ਮੁੜ ਨਹੀਂ ਦੁਹਰਾਉਣਾ - ਇਸ ਲਈ ਆਉ ਲੋਕ-ਸੱਦਭਾਵਨਾਂ ਨੂੰ ਕਾਇਮ ਰੱਖੀਏ ਅਤੇ ਹਿੰਦੂ-ਸਿੱਖ-ਮੁਸਲਮਾਨ ਇਕੱਠੇ ਹੋ ਕੇ ਜ਼ੁਲਮ ਵਿਰੁੱਧ ਜੱਦੋਜਹਿਦ ਕਰੀਏ। — ਅਦਾਰਾ ਵਤਨੋਂ ਦੂਰ]

ਅੱਜ ਜਦੋਂ ਬੁੱਢੇ ਸਾਮਰਾਜੀਆਂ ਦੇ ਪਰਚਾਰ ਮਾਧਿਅਮਾਂ ਦਾ ਜ਼ੋਰ ਇਹ ਦਿਖਾਉਣ ਉਤੇ ਲੱਗਿਆ ਹੋਇਆ ਹੈ ਕਿ ਕੈਨੇਡਾ, ਅਮਰੀਕਾ ਤੇ ਹੋਰ ਪੱਛਮੀ ਮੁਲਕਾਂ 'ਚ ਵੱਸਦੇ ਸਾਰੇ ਸਿੱਖ ਹੀ ਖ਼ਾਲਿਸਤਾਨ ਦੀ ਮੰਗ ਕਰ ਰਹੇ ਹਨ ਅਤੇ ਪੰਜਾਬ ਦੀ ਫਿਜ਼ਾ ਨੂੰ ਹੁਣ ਤੱਕ ਭਿੰਡਰਾਂ ਵਾਲੇ ਅਤੇ ਹਿੰਦੂ ਜਨੂੰਨੀਆਂ ਨੇ, ਫਿਰਕੂ-ਜਨੂੰਨ ਦੀ ਅੱਗ ਦਾ ਪਲੀਤਾ ਲਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਅਤੇ ਹੁਣ ਤੱਕ ਫਿਰਕੂ ਜ਼ਹਿਰ ਦੀ ਵਣਜਾਰਨ ਇੰਦਰਾ ਹਕੂਮਤ ਨੇ ਭਿੰਡਰਾਂਵਾਲੇ ਨੂੰ ਆਪਣੇ ਸਿਆਸੀ ਮੁਫ਼ਾਦਾਂ ਖ਼ਾਤਰ ਸ਼ਹਿ ਦੇ ਕੇ ਤੇ ਹੁਣ ਫੌਜੀ ਰਾਜ ਮੜ੍ਹ ਕੇ ਫਿਰਕੂ ਜਨੂੰਨ ਦੀਆਂ ਵਾਹੀਆਂ ਲਕੀਰਾਂ ਨੂੰ ਹੋਰ ਡੂੰਘਾ ਕਰ ਦਿੱਤਾ ਹੈ ਤਾਂ ਇਸ ਹਾਲਤ 'ਚ ਤੁਹਾਡੇ ਵੱਲੋਂ ਕੱਢਿਆ ਗਿਆ ਲੀਫਲੈੱਟ ਬਹੁਤ ਹੀ ਬਾ-ਮੌਕਾ ਤੇ ਢੁਕਵਾਂ ਹੈ ਜਿਹੜਾ ਸਾਮਰਾਜੀਆਂ ਤੇ ਉਨ੍ਹਾਂ ਦੇ ਦੱਲਿਆਂ ਦੇ ਨਿੱਘਰੇ ਪਰਚਾਰ ਮਾਧਿਅਮ ਉੱਪਰ ਵੱਡੀ ਸੱਟ ਮਾਰੇਗਾ ਅਤੇ ਫਿਰਕਾਪ੍ਰਸਤੀ ਵਿਰੁੱਧ ਜੂਝ ਰਹੀਆਂ ਕਮਿਊਨਿਸਟ ਇਨਕਲਾਬੀ ਅਤੇ ਇਨਕਲਾਬੀ ਜਮਹੂਰੀ ਸ਼ਕਤੀਆਂ ਨੂੰ ਉਤਸ਼ਾਹਿਤ ਕਰੇਗਾ। ਇਸ ਤੋਂ ਵੀ ਵੱਧ ਉਤਸ਼ਾਹਿਤ ਕਰਨ ਵਾਲੀ ਗੱਲ ਇਸ ਲੀਫਲੈੱਟ ਨੂੰ ਸੱਤ ਜੱਥੇਬੰਦੀਆਂ ਤੇ ਪਰਚਿਆਂ ਵੱਲੋਂ ਸਾਂਝੇ ਤੌਰ 'ਤੇ ਜਾਰੀ ਕਰਨਾ ਹੈ (ਜੋ ਕਿ ਪੰਜਾਬ ਵਿਚ ਗੁਰਸ਼ਰਨ ਸਿੰਘ ਹੋਰਾਂ ਦੀ ਅਗਵਾਈ 'ਚ ਛਪਦੇ ਪਰਚੇ 'ਸਮਤਾ' ਵਿਚ ਵੀ REPRODUCE ਕੀਤਾ ਗਿਆ ਹੈ)

ਸਾਥੀਓ, ਸਾਮਰਾਜੀਏ ਅਤੇ ਇਨ੍ਹਾਂ ਦੇ ਪਰਚਾਰ ਮਾਧਿਅਮ ਵੀ ਇਹ ਸਭ ਕੁਝ ਸੁਭਾਇਕੀ ਨਹੀਂ ਕਰ ਰਹੇ, ਸਗੋਂ ਇਹ ਸਭ ਕੁਝ ਤਾਂ ਉਨ੍ਹਾਂ ਦੀ ਵੱਡੀ ਸਕੀਮ — ਸੰਸਾਰ ਜੰਗ ਦੀ ਜੁੱਧ ਨੀਤੀ — ਤਹਿਤ ਹੀ ਵਾਪਰ ਰਿਹਾ ਹੈ। ਕਿਉਂਕਿ, ਪੰਜਾਬ ਪੱਛਮ 'ਚ ਭਾਰਤ ਦਾ ਦਰਵਾਜ਼ਾ ਅਤੇ ਅਨਾਜ ਦਾ ਭੰਡਾਰ ਹੈ, ਇਸ ਲਈ ਸਾਮਰਾਜੀਆਂ ਲਈ, ਭਾਰਤ ਨੂੰ ਆਪਣੇ ਆਪਣੇ ਹੇਠ ਕਰਨ ਦੀ ਚੱਲ ਰਹੀ ਸੰਸਾਰ ਪੱਧਰੀ ਖਹਿ-ਭੇੜ ਦੇ ਪਰਸੰਗ 'ਚ ਅਥਾਹ ਮਹੱਤਤਾ ਬਣੀ ਹੋਈ ਹੈ। ਇਸ ਦੇ ਨਾਲ ਹੀ 1970 ਵਿਆਂ 'ਚ ਏਸ਼ੀਆ ਖਿੱਤੇ 'ਚ ਉੱਠੀਆਂ ਕੌਮੀ ਮੁਕਤੀ ਲਹਿਰਾਂ ਦੇ ਫੱਟ ਅਤੇ ਅਮਰੀਕੀ ਸਾਮਰਾਜੀਆਂ ਦੀ ਸ਼ਰੀਕ ਧਿਰ ਰੂਸੀ ਸਾਮਰਾਜੀਆਂ ਵੱਲੋਂ ਇਨ੍ਹਾਂ ਦੀ ਪ੍ਰਮੁਖ ਚੌਕੀ — ਅਫ਼ਗਾਨਿਸਤਾਨ — ਉੱਤੇ ਕੀਤੇ ਹਮਲੇ ਤੇ ਕਬਜ਼ੇ ਆਦਿ ਨੇ ਏਸ਼ੀਆ ਖਿੱਤੇ 'ਚ ਅਮਰੀਕੀ ਸਾਮਰਾਜੀਆਂ ਨੂੰ ਕਸੂਤੀ ਹਾਲਤ 'ਚ ਧੱਕ ਦਿੱਤਾ ਹੈ। ਜਿਸ ਕਰਕੇ ਅਮਰੀਕੀ ਸਾਮਰਾਜੀਏ ਆਪਣੀ ਲਾਬੀ ਦੀਆਂ ਪਾਰਟੀਆਂ ਰਾਹੀਂ ਜੰਗ ਲੜਨ ਦੇ ਨਾਲ ਨਾਲ ਵਧਵੇਂ ਰੂਪ 'ਚ ਖ਼ਾਲਿਸਤਾਨ ਵਰਗੀਆਂ ਲਹਿਰਾਂ ਨੂੰ ਸ਼ਹਿ ਦੇ ਕੇ ਜਾਤ-ਪ੍ਰਸਤੀ, ਫਿਰਕਾ-ਪ੍ਰਸਤੀ, ਕੌਮ-ਪ੍ਰਸਤੀ ਆਦਿ 'ਦੂਸਰੇ ਢੰਗਾਂ' ਉੱਤੇ ਟੇਕ ਰੱਖਣ ਲੱਗੇ ਹਨ। ਇਸੇ 'ਚੋਂ ਹੀ ਉਹ ਖ਼ਾਲਿਸਤਾਨੀ ਅਨਸਰਾਂ ਨੂੰ ਉਭਾਰ ਰਹੇ ਹਨ। ਅਮਰੀਕੀ ਰਾਜਦੂਤ 'ਮੋਗੀ ਸ਼ਿਨ' ਦਾ ਖ਼ਾਲਿਸਤਾਨ ਦੇ ਹੱਕ 'ਚ ਦਿੱਤਾ ਬਿਆਨ, B.B.C. ਵੱਲੋਂ ਅਖੌਤੀ ਖ਼ਾਲਿਸਤਾਨ ਦੇ ਰਾਸ਼ਟਰਪਤੀ ਜਗਜੀਤ ਚੌਹਾਨ ਨੂੰ ਨਸ਼ਰ ਕਰਨਾ ਅਤੇ ਪੰਜਾਬ ਮਸਲੇ ਨੂੰ ਕੌਮੀ ਮਸਲੇ ਦੀ ਰੰਗਤ ਦੇਣਾ ਆਦਿ ਇਸ ਦੀਆਂ ਸਿਆਸੀ ਖੇਤਰ ਦੀਆਂ ਕੁਝ ਉਦਾਹਰਣਾਂ ਹਨ।

ਇਸ ਲਈ, ਜਿੱਥੇ ਸਾਮਰਾਜੀਆਂ ਦਾ ਇਹ ਮਕਸਦ ਕੰਮ ਕਰਦਾ ਹੈ ਉਥੇ ਦੂਜਾ ਮਕਸਦ, ਇਨ੍ਹਾਂ ਦੀ ਲੁੱਟ ਤੋਂ ਸਤੇ ਮਿਹਨਤਕਸ਼ ਲੋਕਾਂ ਦੀ — ਜੰਗ ਦੀ ਧਾਰ ਦੇ ਪਿਛਵਾੜਿਉਂ ਜਨਮ ਲੈ ਰਹੀ ਅਤੇ ਸਾਮਰਾਜੀ ਜੰਗ ਦਾ ਖ਼ਾਤਮਾ ਕਰਨ ਲਈ ਅਹੁੜ ਰਹੀ — ਇਨਕਲਾਬੀ ਜੰਗ ਦੀ ਧਾਰ ਨੂੰ ਮੱਧਮ ਪਾਉਣਾ ਜਾਂ ਖ਼ਤਮ ਕਰਨਾ ਵੀ ਹੈ।

ਸੋ ਸਾਮਰਾਜੀਆਂ ਦੇ ਉਪਰੋਕਤ ਮਕਸਦਾਂ ਨੂੰ ਭਾਂਜ ਦੇਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਇਨਕਲਾਬੀ ਜੱਦੋ-ਜਹਿਦ ਨੂੰ ਤੇਜ਼ ਕੀਤਾ ਜਾਵੇ। ਦੇਸ਼-ਬਦੇਸ਼ 'ਚ ਬੈਠੀਆਂ ਇਨਕਲਾਬ ਪੱਖੀ ਸ਼ਕਤੀਆਂ ਵੱਲ ਸਾਂਝ ਦਾ ਹੱਥ ਵਧਾਇਆ ਜਾਵੇ ਤਾਂ ਜੋ ਬਣ ਰਹੀਆਂ ਸਾਜ਼ਗਾਰ ਇਨਕਲਾਬੀ ਹਾਲਤਾਂ 'ਚ ਭਾਰਤ ਦੇ ਸਾਮਰਾਜੀ ਜਗੀਰੂ ਪ੍ਰਬੰਧ ਨੂੰ ਹਥਿਆਰਾਂ ਦੇ ਜ਼ੋਰ ਉਲਟਾਇਆ

(.... ਬਾਕੀ ਸਫ਼ਾ 22)

# ਧਾਰਮਕ-ਸਥਾਨਾਂ ਦੀ ਬੇਅਦਬੀ : ਜ਼ੁੰਮੇਵਾਰ ਕੌਣ ?

ਪੰਜਾਬ ਵਿਚ ਖਾਲਸਤਾਨੀ ਦਹਿਸ਼ਤ ਪਸੰਦਾਂ ਉਤੇ ਭਰਵੀਂ ਸੱਟ ਮਾਰਨ ਵਾਸਤੇ ਭਾਰੀ ਫੌਜ ਉਹਨਾਂ ਕੁਝ ਵਡੇ ਗੁਰਦੁਆਰਿਆਂ ਵਿਚ ਦਾਖਲ ਹੋਈ ਹੈ ਜਿਹੜੇ ਇਹਨਾਂ ਦਹਿਸਤ ਪਸੰਦਾਂ ਵਲੋਂ ਪਨਾਹ ਲੈਣ ਵਾਸਤੇ ਮੁੱਖ ਟਿਕਾਣਿਆਂ ਵਜੋਂ ਵਰਤੇ ਜਾ ਰਹੇ ਸਨ। ਇਹਨਾਂ ਗੁਰਦੁਆਰਿਆਂ ਅੰਦਰ, ਭਾਰਤੀ ਫੌਜ ਅਤੇ ਦਹਿਸ਼ਤਪਸੰਦਾਂ ਵਿਚ ਹੋਈਆਂ ਖੂੰਨੀ ਟੱਕਰਾਂ ਵਿਚ ਸੈਂਕੜੇ ਮਨੁੱਖੀ ਜਾਨਾਂ ਗਈਆਂ ਹਨ ਅਤੇ ਕੁਝ ਥਾਈਂ ਗੁਰਦੁਆਰਿਆਂ ਦੀਆਂ ਇਮਾਰਤਾਂ ਨੂੰ ਨੁਕੇਸਾਨ ਪਹੁੰਚਿਆ। ਸਿੱਖਾਂ ਵਿਚ ਵਿਆਪਕ ਤੇ ਤਿੱਖਾ ਰੋਸ ਉੱਠਣਾ ਕੁਦਰਤੀ ਹੈ।

ਜੇ ਸਿੱਖ ਸ਼ਰਧਾਲੂ ਚਾਹੁੰਦੇ ਹਨ ਕਿ ਗੁਰਦੁਆਰਿਆਂ ਦੀ ਇਸ ਤਰ੍ਹਾਂ ਧਾਰਮਕ ਮਰਿਆਦਾ ਭੰਗ ਹੋਣ ਲਈ ਜੋ ਵੀ ਜ਼ੁੰਮੇਵਾਰ ਹਨ ਉਹਨਾਂ ਨੂੰ ਇਸਦਾ ਖਮਿਆਜ਼ਾ ਭੁਗਤਣਾ ਚਾਹੀਦਾ ਹੈ, ਜੇ ਸਿੱਖ ਸ਼ਰਧਾਲੂ ਚਾਹੁੰਦੇ ਹਨ ਕਿ ਉਹਨਾਂ ਦੇ ਧਾਰਮਕ ਜਜ਼ਬਾਤਾਂ ਨੂੰ ਠੇਸ ਲਾਉਣ ਵਾਲੀਆਂ ਅਜਿਹੀਆਂ ਚੰਦਰੀਆਂ ਘਟਨਾਵਾਂ ਮੁੜ ਕਦੇ ਨਾ ਵਾਪਰਨ ਤਾਂ ਉਹਨਾਂ ਨੂੰ ਆਪਣੇ ਜੋਸ਼ ਅਤੇ ਜਜ਼ਬਾਤੀ ਉਬਾਲ ਉਤੇ ਕਾਬੂ ਪਾ ਕੇ ਠੰਡੇ-ਮਤੇ ਇਹ ਸੋਚਣਾ ਪੈਣਾ ਹੈ ਕਿ ਧਾਰਮਕ ਅਸਥਾਨਾਂ ਦਾ ਅਜਿਹਾ ਹਸ਼ਰ, ਚਾਹੇ ਉਹ ਕਿਸੇ ਧਰਮ ਦੇ ਹੋਣ, ਦੀ ਜ਼ੁੰਮੇਵਾਰੀ ਕਿਸ ਉਤੇ ਆਉਂਦੀ ਹੈ ? ਇਸ ਦੇ ਲਈ ਸਹਾਈ ਹਾਲਤਾਂ ਕਿਵੇਂ ਪੈਦਾ ਹੁੰਦੀਆਂ ਹਨ ?

### ਬੇਅਦਬੀ ਦੀ ਇਹ ਪਹਿਲੀ ਘਟਨਾ ਨਹੀਂ

ਗੁਰਦੁਆਰਿਆਂ ਵਿਚ ਹਥਿਆਰਬੰਦ ਫੌਜਾਂ ਦੇ ਦਾਖਲ ਹੋਣ ਅਤੇ ਇਹਨਾਂ ਦੇ ਖੂੰਨੀ ਟੱਕਰਾਂ ਦੇ ਅਖਾੜੇ ਬਣਨ ਦੀਆਂ ਮੌਜੂਦ ਘਟਨਾਵਾਂ ਕੋਈ ਪਹਿਲੀਆਂ ਘਟਨਾਵਾਂ ਨਹੀਂ ਹਨ। ਸਾਡਾ ਇਤਿਹਾਸ ਅਜਿਹੀਆਂ ਅਣਗਿਣਤ ਉਦਾਹਰਣਾਂ ਨਾਲ ਭਰਿਆ ਪਿਆ ਹੈ ਜਦੋਂ ਹਰ ਧਰਮ ਦੇ ਜਾਂ ਧਰਮ-ਨਿਰਪੱਖ ਕਹਾਉਣ ਵਾਲੇ ਜਾਬਰ ਤੇ ਲੋਟੂ ਹੁਕਮਰਾਨਾਂ ਨੇ ਆਪਣੀ ਹਕੂਮਤ ਦੀ ਸਲਾਮਤੀ ਵਾਸਤੇ ਲੋਕਾਂ ਦੇ ਧਾਰਮਕ ਜਜ਼ਬਾਤਾਂ ਨੂੰ ਕੁਚਲਿਆ ਅਤੇ ਉਹਨਾਂ ਦੇ ਧਾਰਮਕ ਅਸਥਾਨਾਂ ਨੂੰ ਲੁਟਿਆ-ਢਾਇਆ ਹੈ। ਮਹਿਮੂਦ ਗਜ਼ਨਵੀ ਅਤੇ ਔਰੰਗਜ਼ੇਬ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ। ਸਿਖਾਂ ਲਈ ਇਹ ਵੀ ਜਾਣਨਾ ਜ਼ਰੂਰੀ ਹੈ ਕਿ ਪੰਜਾਬ ਵਿਚ ਥੋੜੇ ਅਰਸੇ ਲਈ ਕਾਇਮ ਹੋਈ ਅਕਾਲੀ ਜਨਤਾ ਹਕੂਮਤ ਨੇ ਵੀ ਧਾਰਮਕ ਅਸਥਾਨਾਂ ਦੀ ਬੇਅਦਬੀ ਕਰਨ ਵਿਚ ਆਪਣਾ ਹਿੱਸਾ ਪਾਇਆ ਹੈ। 1978 ਵਿਚ ਅੰਮ੍ਰਿਤਸਰ ਵਿਚ ਹੋਈ ਨਿਰੰਕਾਰੀ ਖੂੰਨੀ ਟੱਕਰ ਪਿਛੋਂ ਪੰਜਾਬ ਦੀ ਅਕਾਲੀ-ਜਨਤਾ ਸਰਕਾਰ ਨੇ ਸਿਖ-ਜਨੂੰਨੀਆਂ ਦੀ ਹਮਾਇਤ ਕਰਦਿਆਂ ਨਿਰੰਕਾਰੀਆਂ ਦੇ ਧਾਰਮਕ ਅਸਥਾਨਾਂ ਦੀ ਵੱਡੀ ਪੱਧਰ ਤੇ ਦੁਰਗਤ ਕੀਤੀ। ਪੰਜਾਬ ਭਰ ਵਿਚ ਪੁਲਸ ਨੇ ਨਿਰੰਕਾਰੀ ਭਵਨਾਂ ਉਤੇ ਜ਼ਬਰਦਸਤੀ ਕਬਜ਼ਾ ਕਰ ਲਿਆ। ਕਈ ਥਾਈਂ ਨਿਰੰਕਾਰੀ ਭਵਨਾਂ ਨੂੰ ਜੰਦਰੇ ਮਾਰ ਦਿਤੇ ਗਏ। ਕਈ ਥਾਈਂ ਪੁਲਸ ਅੰਦਰ ਛਾਉਣੀਆਂ ਪਾ ਕੇ ਬੈਠ ਗਈ।

### ਕਾਂਗਰਸੀ ਹਾਕਮ ਦੋਸ਼ੀਆਂ ਦੇ ਕਟਹਿਰੇ ਵਿਚ

ਹਰਮੰਦਰ ਸਾਹਿਬ ਅਤੇ ਹੋਰਨਾਂ ਗੁਰਦੁਆਰਿਆਂ ਦੀ ਦੁਰਗਤ ਕਰਨ ਵਾਲੀਆਂ ਹੁਣ ਦੀਆਂ ਘਟਨਾਵਾਂ ਵਿਚ ਕਾਂਗਰਸੀ ਹਾਕਮ ਪੂਰੀ ਤਰਾਂ ਭਾਗੀਦਾਰ ਹਨ। ਜੇ ਕਾਂਗਰਸ ਸਰਕਾਰ ਨੇ ਆਪਣੀਆਂ ਸਿਆਸੀ ਲੋੜਾਂ ਕਾਰਨ ਸ਼ੁਰੂ ਤੋਂ ਲੈਕ ਖਾਲਿਸਤਾਨੀ ਦਹਿਸ਼ਤ ਪਸੰਦਾਂ ਦੀਆਂ ਵਾਗਾਂ ਖੁਲ੍ਹੀਆਂ ਨਾ ਛੱਡ ਰੱਖੀਆਂ ਹੁੰਦੀਆਂ; ਜੇ ਜੇ ਉਹਨਾਂ ਵਲੋਂ ਫੈਲਾਈ ਜਾ ਰਹੀ ਫਿਰਕੂ ਜ਼ਹਿਰ ਵਿਰੁੱਧ ਤੇ ਕੀਤੀਆਂ ਜਾ ਰਹੀਆਂ ਕਤਲਾਂ ਤੇ ਡਾਕਿਆਂ ਦੀਆਂ ਵਾਰਦਾਤਾਂ ਵਿਰੁੱਧ ਸ਼ੁਰੂ ਤੋਂ ਹੀ ਸਖਤੀ ਨਾਲ ਪੇਸ਼ ਆਇਆ ਜਾਂਦਾ ਤਾਂ ਮੁੱਠੀ ਭਰ ਖਾਲਸਤਾਨੀ ਦਹਿਸ਼ਤ ਪਸੰਦ ਵਧ ਫੁੱਲ ਕੇ ਇਕ ਤਕੜੀ ਫ਼ਾਸ਼ੀ ਤਾਕਤ ਨਹੀਂ ਸਨ ਬਣ ਸਕਦੇ ਅਤੇ ਉਹਨਾਂ ਨੂੰ ਕਾਬੂ ਕਰਨ ਲਈ ਇਸ ਤਰਾਂ ਦੀ ਫੌਜੀ ਕਾਰਵਾਈ ਦੀ ਲੋੜ ਹੀ ਨਹੀਂ ਸੀ ਪੈਣੀ ਜੋ ਹੁਣ ਕਰਨੀ ਪਈ ਹੈ। ਜੇ ਸਿੱਖ ਸ਼ਰਧਾਲੂਆਂ ਸਾਹਮਣੇ ਇਹ ਗੱਲ ਸਪਸ਼ਟ ਕਰ ਦਿਤੀ ਜਾਂਦੀ ਕਿ ਜੇ ਉਹ ਖਾਲਸਤਾਨੀ ਦਹਿਸ਼ਤਪਸੰਦਾਂ ਨੂੰ ਗੁਰਦੁਆਰਿਆਂ ਵਿਚ ਪਨਾਹ ਲੈਣ ਤੇ ਹਥਿਆਰ ਜਮ੍ਹਾਂ ਕਰਨ ਤੋਂ ਨਾ ਵਰਜ ਸਕੇ ਤਾਂ ਪੰਜਾਬ ਵਿਚ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਰੋਕਣ ਲਈ, ਨਿਰਦੋਸ਼ ਲੋਕਾਂ ਦੇ ਕਤਲੇਆਮ ਨੂੰ ਬੰਦ ਕਰਨ ਲਈ ਅਤੇ ਦਹਿਸ਼ਤੀ ਮਹੌਲ ਨੂੰ ਖਤਮ ਕਰਨ ਲਈ, ਕਦੇ ਵੀ ਪੁਲਸ ਨੂੰ ਗੁਰਦੁਆਰਿਆਂ ਵਿਚ ਦਾਖਲ ਹੋ ਕੇ ਇਸ ਸਭ ਕਾਸੇ ਲਈ ਜ਼ੁੰਮੇਵਾਰ ਖਾਲਸਤਾਨੀ ਦਹਿਸ਼ਤ ਪਸੰਦਾਂ ਵਿਰੁੱਧ ਕਾਰਵਾਈ ਕਰਨੀ ਪੈ ਸਕਦੀ ਹੈ। ਜੇ ਕਾਂਗਰਸੀ ਹਾਕਮਾਂ ਨੇ ਅਜਿਹੇ ਸਾਰੇ ਕਦਮ ਸਮੇਂ ਸਿਰ ਚੁੱਕੇ ਹੁੰਦੇ ਤਾਂ ਖਾਲਸਤਾਨੀ ਦਹਿਸ਼ਤਪਸੰਦ ਐਨੀ ਮੌਜ ਨਾਲ ਗੁਰਦੁਆਰਿਆਂ ਨੂੰ ਆਪਣੇ ਮੁੱਖ ਟਿਕਾਣਿਆਂ ਦੇ ਤੌਰ 'ਤੇ ਨਹੀਂ ਸਨ ਵਰਤ ਸਕਦੇ ਅਤੇ ਇਹਨਾਂ ਵਿਚ ਹਥਿਆਰਾਂ ਦੇ ਢੇਰ ਜਮ੍ਹਾਂ ਕਰਕੇ ਕਿਲ੍ਹੇਬੰਦੀਆਂ ਨਹੀਂ ਸਨ ਕਰ ਸਕਦੇ। ਜੇ ਕਿਸੇ ਹਾਲਤ ਵਿਚ ਪੁਲਸ ਨੂੰ ਗੁਰਦੁਆਰਿਆਂ ਵਿਚ ਦਾਖਲ ਹੋਣਾ ਪੈ ਜਾਂਦਾ ਤਾਂ ਇਹ ਕਾਰਵਾਈ ਸਿੱਖ ਸ਼ਰਧਾਲੂਆਂ ਵਾਸਤੇ ਚਾਣਚੱਕ ਹੋਣ ਵਾਲੀ ਕੋਈ ਅਣਹੋਣੀ ਨਹੀਂ ਸੀ ਲੱਗਣੀ; ਅਤੇ ਇਸ ਹਾਲਤ ਵਿਚ ਗੁਰਦੁਆਰਿਆਂ ਦੇ ਹੋਣ ਵਾਲੇ ਬੁਰੇ ਹਸ਼ਰ ਦੇ ਜ਼ੁੰਮੇਵਾਰ, ਸਿਖ ਸ਼ਰਧਾਲੂਆਂ ਦੀਆਂ ਨਜ਼ਰਾਂ ਵਿਚ, ਖਾਲਸਤਾਨੀ ਦਹਿਸ਼ਤਪਸੰਦ ਹੀ ਬਣਨੇ ਸਨ।

ਪਰ ਇਸ ਤੋਂ ਉਲਟ ਕਾਂਗਰਸੀ ਹਾਕਮ ਸਿੱਖ ਸ਼ਰਧਾਲੂਆਂ ਨੂੰ ਲਗਾਤਾਰ ਇਹ ਝੂਠਾ ਭਰੋਸਾ ਦਿਵਾਉਂਦੇ ਰਹੇ ਕਿ ਉਹ ਹਰਮੰਦਰ ਸਾਹਿਬ ਦੇ ਅਹਾਤੇ ਵਿਚ ਪੁਲਸ ਨੂੰ ਦਾਖਲ ਨਹੀਂ ਹੋਣ ਦੇਣਗੇ। ਅਜੇ ਕੁਝ ਚਿਰ ਪਹਿਲਾਂ ਦੀ ਗੱਲ ਹੈ ਜਦੋਂ ਇਕ ਪਾਸੇ ਸੰਤ ਭਿੰਡਰਾਂਵਾਲੇ ਅਤੇ ਉਸਦੇ ਪੈਰੋਕਾਰਾਂ ਵਲੋਂ ਹਰਮੰਦਰ ਸਾਹਿਬ ਵਿਚ ਭਾਰੀ ਅਸਲਾ ਬਰੂਦ ਜਮ੍ਹਾਂ ਕਰਕੇ ਇਸਨੂੰ ਇਕ ਜੰਗੀ ਕਿਲੇ ਵਿਚ ਬਦਲਿਆ ਜਾ ਚੁੱਕਿਆ ਸੀ ਅਤੇ ਦੂਜੇ ਪਾਸੇ ਪ੍ਰਧਾਨ ਮੰਤਰੀ ਦਾ ਸਾਹਿਬਜ਼ਾਦਾ, ਸ੍ਰੀ ਰਾਜੀਵ ਗਾਂਧੀ, ਚੰਡੀਗੜ੍ਹ ਵਿਚ ਆ ਕੇ ਫੁਰਮਾ ਰਿਹਾ ਸੀ ਕਿ ਸੰਤ ਭਿੰਡਰਾਂਵਾਲਾ ਇਕ ਧਾਰਮਿਕ ਵਿਅਕਤੀ ਹੈ ਜਿਸਦੇ ਕੋਈ ਸਿਆਸੀ ਮਨੋਰਥ ਨਹੀਂ ਹਨ। ਕਾਂਗਰਸੀ ਹਾਕਮਾਂ ਦੀਆਂ ਅਜਿਹੀਆਂ ਗੁਮਰਾਹਕੁਨ ਤੇ ਧੋਖੇਬਾਜ਼ ਬਿਆਨਾਂ ਤੇ ਨੀਤੀਆਂ ਨਾਲ ਖਾਲਸਤਾਨੀ ਦਹਿਸ਼ਤਪਸੰਦਾਂ ਦਾ, ਗੁਰਦੁਆਰਿਆਂ ਵਿਚ ਵਡੀ ਪੱਧਰ ਉਤੇ ਅਸਲਾ-ਬਰੂਦ ਜਮ੍ਹਾਂ ਕਰਕੇ ਮਜ਼ਬੂਤ/ਮੋਰਚਾਬੰਦੀ ਕਰਨ ਲਈ ਹੌਂਸਲਾ ਵਧਿਆ ਹੈ ਅਤੇ ਸਿੱਖ ਸ਼ਰਧਾਲੂਆਂ ਵਿਚ ਇਹ ਗਲਤ ਪ੍ਰਭਾਵ ਹੋਰ ਪਕਾ ਹੋਇਆ ਹੈ ਕਿ ਭਾਵੇਂ ਗੁਰਦੁਆਰਿਆਂ ਵਿਚ ਕੁਝ ਵੀ ਹੋਈ ਜਾਵੇ ਪੁਲਸ ਜਾਂ ਫੌਜ ਨੂੰ ਗੁਰਦੁਆਰਿਆਂ ਅੰਦਰ ਦਾਖਲ ਨਹੀਂ ਹੋਣਾ ਚਾਹੀਦਾ! ਹੁਣ ਜੇ ਹਾਲਤ 'ਇਥੋਂ' ਤਕ ਵਿਗੜ ਚੁੱਕੀ ਸੀ ਕਿ ਖਾਲਸਤਾਨੀ ਦਹਿਸ਼ਤਪਸੰਦਾਂ ਉਤੇ ਭਰਵੀਂ ਸੱਟ ਮਾਰਨ ਵਾਸਤੇ ਫੌਜ ਵਲੋਂ ਕੀਤੀ ਗਈ ਕਰੜੀ ਕਾਰਵਾਈ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ ਰਹਿ ਗਿਆ ਅਤੇ ਇਸ ਕਾਰਵਾਈ ਨਾਲ ਜੇ ਸਿੱਖ ਸ਼ਰਧਾਲੂਆਂ ਵਿਚ ਵਿਆਪਕ ਤੇ ਤਿੱਖਾ ਰੋਸ ਉਠਿਆ ਹੈ ਤਾਂ ਹਾਲਤ ਨੂੰ ਇਥੋਂ ਤਕ ਵਿਗਾੜਨ ਅਤੇ ਇਸ ਦੇ ਨਿਕਲ ਰਹੇ ਨਤੀਜਿਆਂ ਦੀ ਜ਼ੁੰਮੇਵਾਰੀ ਤੋਂ ਕਾਂਗਰਸੀ ਹਾਕਮ ਕਿਵੇਂ ਬਚ ਸਕਦੇ ਹਨ?

## 1947—ਫਿਰਕੂ ਝੱਲ ਤੇ ਧਾਰਮਿਕ ਬੇਹੁਰਮਤ ਦਾ ਦੌਰ ਦੌਰਾ

ਧਾਰਮਕ ਅਸਥਾਨਾਂ ਦੀ ਬਹੁਤ ਵੱਡੀ ਪੱਧਰ ਉਤੇ ਬੇਹੁਰਮਤੀ ਅਤੇ ਤਬਾਹੀ ਬਾਰੇ ਜਾਨਣ ਵਾਸਤੇ ਸਾਨੂੰ ਆਪਣੇ ਇਤਿਹਾਸ ਵਿਚ ਬਹੁਤ ਪਿੱਛੇ ਜਾਣ ਦੀ ਵੀ ਲੋੜ ਨਹੀਂ। ਆਪਣੇ ਆਸੇ-ਪਾਸੇ ਨਿਗਾਹ ਮਾਰੋ। ਹਰ ਇਲਾਕੇ ਵਿਚ ਤੁਹਾਨੂੰ ਅਜਿਹੀਆਂ ਡਿੱਗੀਆਂ-ਢਹੀਆਂ ਤੇ ਪੁਰਾਣੀਆਂ ਇਮਾਰਤਾਂ ਦਿਸ ਜਾਣਗੀਆਂ, ਕਦੇ ਮਸੀਤਾਂ ਹੁੰਦੀਆਂ ਸਨ। ਤੇ ਹੁਣ ਕਿਸੇ ਮਸੀਤ ਉਤੇ ਝੂਲ ਰਿਹਾ ਨਿਸ਼ਾਨ ਸਾਹਿਬ ਦੱਸ ਰਿਹਾ ਹੈ ਕਿ ਇਸਨੂੰ ਫਿਰਕੂ ਜਨੂੰਨੀ ਧੱਕੜਸ਼ਾਹੀ ਦੇ ਜ਼ੋਰ ਗੁਰਦੁਆਰੇ ਵਿਚ ਬਦਲ ਦਿਤਾ ਗਿਆ ਹੈ, ਕਿਸੇ ਥਾਂ ਮਸੀਤ ਦੀਆਂ ਕੰਧਾਂ ਢਾਹ ਕੇ ਉਸਨੂੰ ਮਕਾਨ ਜਾਂ ਦੁਕਾਨ ਵਿਚ ਮਿਲਾਇਆ ਗਿਆ ਹੈ ਤੇ ਕਿਸੇ ਥਾਂ ਇਸਨੂੰ ਡੰਗਰ ਬੰਨਣ ਜਾਂ ਕੂੜਾ-ਕਰਕਟ ਤੇ ਗੰਦਗੀ ਦੇ ਢੇਰ ਸਿੱਟਣ ਵਾਸਤੇ ਵਰਤਿਆ ਜਾ ਰਿਹਾ ਹੈ। ਇਸਲਾਮ ਧਰਮ ਦੇ ਸ਼ਰਧਾਲੂਆਂ ਵਾਸਤੇ ਕਦੇ, ਧਰਤੀ ਉਤੇ ਸਭ ਤੋਂ ਪਵਿੱਤਰ ਸਮਝੇ ਜਾਣ ਵਾਲੇ ਇਹਨਾਂ ਧਾਰਮਕ ਅਸਥਾਨਾਂ ਦਾ ਇਹ ਹਸ਼ਰ ਕਿਵੇਂ ਹੋ ਗਿਆ? ਇਹ ਉੱਜੜੀਆਂ ਤੇ ਵੀਰਾਨ ਮਸੀਤਾਂ ਸੰਨ ਸੰਤਾਲੀ ਦੇ ਉਸ ਫਿਰਕੂ ਜਨੂੰਨੀ ਘੱਲੂਘਾਰੇ ਦੀ ਭਿਆਨਕ ਕਹਾਣੀ ਸੁਣਾਉਂਦੀਆਂ ਹਨ ਜਿਸ ਵਿਚ ਇਕ ਪਾਸੇ ਹਿੰਦੂ ਤੇ ਸਿੱਖ ਦੂਜੇ ਪਾਸੇ ਇਸਲਾਮ ਧਰਮ ਦੇ ਫਿਰਕੂ ਫਾਸ਼ੀ ਟੋਲਿਆਂ ਨੇ ਤੇ ਲੁਟੇਰੇ ਤੇ ਗੁੰਡੇ ਅਨਸਰਾਂ ਨੇ ਇਕ ਦੂਜੀ ਧਿਰ ਦੇ ਨਾ ਸਿਰਫ ਹਜ਼ਾਰਾਂ ਧਾਰਮਕ ਅਸਥਾਨਾਂ ਦੀ ਤਬਾਹੀ ਕੀਤੀ ਸਗੋਂ ਇਕ ਦੂਜੇ ਧਰਮ ਦੇ ਲੱਖਾਂ ਨਿਰਦੋਸ਼ ਲੋਕਾਂ ਦੇ ਘਰ-ਘਾਟ ਲੁੱਟੇ ਤੇ ਖੂਨ ਦੀਆਂ ਨਦੀਆਂ ਬਹਾਈਆਂ।

ਮੌਜੂਦਾ ਪੀੜ੍ਹੀ ਦੇ ਜਿਹੜੇ ਲੋਕਾਂ ਨੇ ਸੰਨ ਸੰਤਾਲੀ ਦੇ ਭਿਆਨਕ ਦੁਖਾਂਤ ਨੂੰ ਅੱਖੀਂ ਦੇਖਿਆ ਜਾਂ ਹੱਡੀਂ ਹੰਢਾਇਆ ਹੈ ਉਹਨਾਂ ਨੂੰ ਚੰਗੀ ਤਰ੍ਹਾਂ ਯਾਦ ਹੋਵੇਗਾ ਕਿ ਕਿਵੇਂ ਗੁਰਦੁਆਰੇ, ਜਿਨ੍ਹਾਂ ਦੇ ਦੁਆਰ ਸਭ ਧਰਮਾਂ ਦੇ ਲੋਕਾਂ ਲਈ ਖੁੱਲੇ ਦੱਸੇ ਜਾਂਦੇ ਹਨ, ਮੁਸਲਮਾਨਾਂ ਵਿਰੁੱਧ ਫਿਰਕੂ ਨਫਰਤ ਤੇ ਜ਼ਹਿਰ ਵੰਡਣ ਦੇ ਕੇਂਦਰ ਬਣ ਗਏ ਸਨ। ਪੂਜਾ-ਪਾਠ ਲਈ ਬਣਾਏ ਗੁਰਦੁਆਰੇ, ਮੁਸਲਮਾਨਾਂ ਅਤੇ ਮਸੀਤਾਂ ਉਤੇ ਹਮਲੇ ਕਰਨ ਦੀਆਂ ਸਾਜ਼ਸ਼ਾਂ ਤਿਆਰ ਕਰਨ, ਇਹਨਾਂ ਹਮਲਿਆ ਲਈ ਹਥਿਆਰਾਂ ਦੇ ਭੰਡਾਰ ਜਮ੍ਹਾਂ ਕਰਨ; ਅਤੇ ਇਹਨਾਂ ਹਮਲਿਆਂ ਦੇ ਦੋਸ਼ੀਆਂ ਵਲੋਂ ਪਨਾਹ ਲੈਣ ਵਾਲੇ ਕੇਂਦਰ ਬਣ ਗਏ ਸਨ। ਜਦੋਂ ਫਿਰਕੂ ਜਨੂੰਨ ਦਾ ਝੱਖੜ ਪੂਰੇ ਜ਼ੋਰ ਨਾਲ ਝੁੱਲ ਪਿਆ ਤਾਂ ਵਿੰਹਦਿਆਂ ਵਿੰਹਦਿਆਂ ਲੱਠਮਾਰ ਤੇ ਲੁਟੇਰੇ ਅਨਸਰ ਵੀ ਅੰਮ੍ਰਿਤ ਛਕ ਕੇ ਸਿੱਖੀ ਭੇਖ ਧਾਰਨ ਲੱਗੇ। ਜਮਹੂਰੀ ਤੇ ਇਨਸਾਫ ਪਸੰਦ ਸਿੱਖ ਸ਼ਰਧਾਲੂਆਂ ਦੀ ਅਵਾਜ਼ ਦਬਣ ਲੱਗੀ ਅਤੇ ਜਨੂੰਨੀ ਤੇ ਭੇਖੀ ਸਿੱਖਾਂ ਦਾ ਬੋਲਬਾਲਾ ਹੋਣ ਲੱਗਿਆ। ਸਿੱਖ ਧਰਮ ਦੀ ਰਾਖੀ ਦੇ ਨਾਉਂ ਉਤੇ ਗੁਰਦੁਆਰਿਆਂ ਵਿਚੋਂ ਅਰਦਾਸਾਂ ਕਰਕੇ ਤੁਰੇ ਜਥੇ ਮੁਸਲਮਾਨਾਂ ਦੀ ਜਾਨ-ਮਾਲ ਤੇ ਧਾਰਮਕ ਅਸਥਾਨ ਉਤੇ ਟੁੱਟ ਪਏ। ਕਿਸੇ ਨੇ ਧਰਮ ਦੀ ਰਾਖੀ ਦੇ ਨਾਉਂ ਉਤੇ ਮੁਸਲਮਾਨਾਂ ਦੇ ਘਰ ਲੁੱਟ ਕੇ ਆਪਣੇ ਘਰ ਭਰ ਲਏ। ਕਿਤੇ ਧਰਮ ਦੀ ਰਾਖੀ ਦੇ ਨਾਉਂ ਉਤੇ ਕਿਸੇ 60 ਸਾਲ ਦੇ ਬੁੱਢੇ ਨੇ ਆਪਣੇ ਪਿੰਡ ਦੇ ਮੁਸਲਮਾਨ ਪਰਵਾਰ ਦੀ 19 ਸਾਲਾਂ ਦੀ ਧੀ ਨੂੰ ਆਪਣੇ ਘਰ ਲਿਆ ਵਸਾਇਆ। ਐਨ ਇਹੋ ਕੁੱਝ ਪੱਛਮੀ ਪੰਜਾਬ ਦੇ ਮੁਸਲਮ ਬਹੁਗਿਣਤੀ ਵਾਲੇ ਇਲਾਕਿਆਂ ਵਿਚ ਮੁਸਲਮਾਨਾਂ ਦੇ ਫਿਰਕੂ ਜਨੂੰਨੀ ਟੋਲਿਆਂ ਤੇ ਗੁੰਡੇ-ਲੁਟੇਰੇ ਅਨਸਰਾਂ ਨੇ ਇਸਲਾਮ ਦੀ ਰਾਖੀ ਦੇ ਨਾਉਂ ਉਤੇ ਹਿੰਦੂ ਤੇ ਸਿੱਖ ਪਰਵਾਰਾਂ ਅਤੇ ਉਹਨਾਂ ਦੇ ਧਾਰਮਕ ਅਸਥਾਨਾਂ ਨਾਲ ਕੀਤਾ।

## ਅਕਾਲੀ ਆਗੂ ਵੀ ਦੋਸ਼ੀ

ਫਿਰਕਾਪ੍ਰਸਤ ਅਕਾਲੀ ਆਗੂ ਜਦੋਂ ਵਜ਼ਾਰਤੀ-ਕੁਰਸੀਆਂ ਉਤੇ ਬਿਰਾਜਮਾਨ ਹੋਣ ਖਾਤਰ ਸਿੱਖਾਂ ਦੀ ਧਾਰਮਕ ਸ਼ਰਧਾ ਤੇ ਜਜ਼ਬਾਤਾਂ ਨੂੰ ਵੋਟਾਂ ਵਿਚ ਢਾਲਣ ਲਈ ਗੁਰਦੁਆਰਿਆਂ ਦੀ ਮੰਨਤਾ, ਧਨ-ਦੌਲਤ ਤੇ ਵਸੀਲਿਆਂ ਨੂੰ ਵਰਤਦੇ ਹਨ ਤਾਂ ਇਹ ਆਪਣੇ ਆਪ ਵਿਚ ਗੁਰਦੁਆਰਿਆਂ ਦੀ ਦੁਰਵਰਤੋਂ ਕਰਦੇ ਹਨ।

ਜੇ ਕੋਈ ਮੌਕਾਪ੍ਰਸਤ ਪਾਰਟੀ ਵੋਟਾਂ ਰਾਹੀਂ ਵਜ਼ੀਰੀਆਂ ਲੈਣ ਖਾਤਰ ਗੁਰਦੁਆਰਿਆ ਨੂੰ ਵਰਤ ਸਕਦੀ ਹੈ ਤਾਂ ਕੋਈ ਹੋਰ ਆਪਣੀ ਹਥਿਆਰਬੰਦ ਫਾਸ਼ੀ ਤਾਕਤ ਵਧਾਉਣ ਤੇ ਇਸ ਰਾਹੀਂ ਖਾਲਸਤਾਨ ਦਾ ਰਾਜ ਲੈਣ ਖਾਤਰ ਇਹਨਾਂ ਨੂੰ ਕਿਉਂ ਨਹੀਂ ਵਰਤ ਸਕਦਾ? ਜਦੋਂ ਖਾਲਿਸਤਾਨੀ ਦਹਿਸ਼ਤਪਸੰਦ ਹਿੰਦੂਆਂ ਅਤੇ ਨਿਰੰਕਾਰੀਆਂ ਵਿਰੁੱਧ ਨਫਰਤ ਤੇ ਜਨੂੰਨ ਭੜਕਾਉਣ ਖਾਤਰ, ਨਿਰਦੋਸ਼ ਲੋਕਾਂ ਦੇ ਕਤਲ

ਕਰਨ ਖਾਤਰ ਹਥਿਆਰਾਂ ਦੇ ਜ਼ਖੀਰੇ ਜਮ੍ਹਾਂ ਕਰਨ ਖਾਤਰ ਤੇ ਜੰਗੀ ਮੋਰਚਾਬੰਦੀਆਂ ਕਰਨ ਖਾਤਰ ਗੁਰਦੁਆਰਿਆਂ ਨੂੰ ਵਰਤ ਰਹੇ ਸਨ ਤਾਂ ਅਕਾਲੀ ਆਗੂਆਂ ਨੂੰ ਇਹ ਸਭ ਕੁਝ ਪਤਾ ਸੀ। ਜਦੋਂ ਹਰਿਮੰਦਰ ਸਾਹਿਬ ਦੇ ਅਹਾਤੇ ਅੰਦਰ ਖਾਲਿਸਤਾਨੀ ਦਹਿਸ਼ਤਪਸੰਦਾਂ ਦੇ ਵੱਖ ਵੱਖ ਟੋਲੇ ਤੇ ਆਗੂਆਂ ਦੇ ਧੜੇ ਇਕ ਦੂਜੇ ਦੇ ਕਤਲ ਕਰ ਰਹੇ ਸਨ, ਜਦੋਂ ਹਰਿਮੰਦਰ ਸਾਹਿਬ ਵਿਚੋਂ ਬੋਰੀਆਂ ਵਿਚ ਪਾ ਪਾ ਲਾਸ਼ਾਂ ਬਾਹਰ ਸਿੱਟੀਆਂ ਜਾ ਰਹੀਆਂ ਸਨ, ਜਦੋਂ ਦਹਿ-ਸ਼ਤਪਸੰਦ ਟੋਲੇ ਇਕ ਦੂਜੇ ਵਿਰੁੱਧ ਹਰਿਮੰਦਰ ਸਾਹਿਬ ਦੇ ਅਹਾਤੇ ਅੰਦਰ ਸ਼ਰਾਬ ਪੀਣ ਤੇ ਔਰਤਾਂ ਅਗਵਾ ਕਰਕੇ ਲਿਆਉਣ ਤੇ ਦੋਸ਼ ਲਾ ਰਹੇ ਸਨ ਤਾਂ ਅਕਾਲੀ ਆਗੂਆਂ ਨੂੰ ਇਹ ਕੋਈ ਭੁਲੇਖਾ ਨਹੀਂ ਸੀ ਕਿ ਹਰਿਮੰਦਰ ਸਾਹਿਬ ਦੀ ਧਾਰਮਿਕ ਮਰਿਯਾਦਾ ਪੈਰਾਂ ਹੇਠ ਰੋਲੀ ਜਾ ਰਹੀ ਹੈ। ਜਦੋਂ ਸਰਕਾਰ ਵੱਲੋਂ ਹਰਿਮੰਦਰ ਸਾਹਿਬ ਅੰਦਰ ਪਨਾਹ ਲਈ ਬੈਠੇ, ਕਤਲਾਂ ਦੇ ਦੋਸ਼ੀਆਂ ਨੂੰ ਪੁਲਿਸ ਹਵਾਲੇ ਕਰਨ ਦੀ ਮੰਗ ਕੀਤੀ ਜਾਂਦੀ ਤਾਂ ਸਿੱਖ ਧਰਮ ਦੇ ਪੋਪ ਆਖੇ ਜਾਂਦੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ੍ਰੀ ਟੌਹੜਾ ਵੱਲੋਂ ਅਤੇ ਆਪਣੇ ਆਪ ਨੂੰ "ਸੰਤ ਅਖਵਾਉਣ ਵਾਲੇ ਸ੍ਰੀ ਹਰਚੰਦ ਸਿੰਘ ਲੌਂਗੋਵਾਲ ਵੱਲੋਂ ਸ਼ਰੇਆਮ ਝੂਠ ਬੋਲਿਆ ਜਾਂਦਾ ਕਿ ਹਰਿਮੰਦਰ ਸਾਹਿਬ ਕੋਈ ਦੋਸ਼ੀ ਨਹੀਂ ਹੈ ਕਿ ਕਤਲਾਂ ਦੀਆਂ ਸਭ ਕਾਰਵਾਈਆਂ ਕਾਂਗਰਸ ਸਰਕਾਰ ਕਰਵਾ ਰਹੀ ਹੈ। ਮਗਰਲੇ ਦਿਨਾਂ ਵਿਚ ਜਦੋਂ ਇਕ ਉੱਘਾ ਅਕਾਲੀ ਸ੍ਰੀ ਜੀਵਨ ਸਿੰਘ ਉਮਰਾਨੰਗਲ ਵੀ,ਕਿਸੇ ਕਾਰਨ ਕੁਝ ਸੱਚ ਬੋਲਣ ਦੀ ਜੁਰਅੱਤ ਕਰਦਿਆਂ ਇਹ ਐਲਾਨ ਕਰ ਰਿਹਾ ਸੀ ਕਿ ਹਰਿਮੰਦਰ ਸਾਹਿਬ ਮੁਜਰਮਾਂ ਦਾ ਅੱਡਾ ਬਣ ਚੁੱਕਿਆ ਹੈ ਪਰ ਪੁਲਸ ਵੱਲੋਂ, ਗੁਰਦੁਆ-ਰਿਆਂ ਅੰਦਰ ਬੈਠੇ ਖਾਲਸਤਾਨੀ ਦਹਿਸ਼ਤਪਸੰਦਾਂ ਨੂੰ ਬੇ-ਅਸਰ ਕਰਨ ਲਈ, ਗੁਰਦੁਆਰਿਆਂ ਦੀ ਨਾਕਾਬੰਦੀ ਦਾ ਥੋੜਾ ਬਹੁਤ ਯਤਨ ਕੀਤਾ ਗਿਆ ਤਾਂ ਅਕਾਲੀ ਆਗੂਆਂ ਨੇ ਪੁਲਸ ਵੱਲੋਂ ਗੁਰਦੁਆਰਿਆਂ ਦੀ ਬੇਅਦਬੀ ਕਰਨ ਅਤੇ 'ਅੰਮ੍ਰਿਤਧਾਰੀ ਸਿੰਘਾਂ' ਨੂੰ ਖਾਹ-ਮਖਾਹ ਤੰਗ-ਪ੍ਰੇਸ਼ਾਨ ਕਰਨ ਦੀ ਪਖੰਡੀ ਬੂ-ਦੁਹਾਈ ਪਾ ਕੇ ਸਿੱਖ ਸ਼ਰਧਾਲੂਆਂ ਨੂੰ ਭੜਕਾਉਣ ਲਈ ਪੂਰਾ ਤਾਣ ਲਾਇਆ। ਅਕਾਲੀ ਆਗੂ ਇਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਜੋ ਕੁਝ ਗੁਰ-ਦੁਆਰਿਆਂ, ਖਾਸ ਕਰ ਹਰਿਮੰਦਰ ਸਾਹਿਬ ਵਿਚ ਹੋ ਰਿਹਾ ਹੈ ਜੇ ਇਹ ਬੰਦ ਨਾ ਹੋਇਆ ਤਾਂ ਇਸਦਾ ਲਾਜ਼ਮੀ ਸਿੱਟਾ ਪੁਲਸ ਜਾਂ ਫੌਜ ਵੱਲੋਂ ਗੁਰਦੁਆਰੇ ਅੰਦਰ ਦਾਖਲ ਹੋ ਕੇ ਖਾਲਸਤਾਨੀ ਦਹਿਸ਼ਤਪਸੰਦਾਂ ਨਾਲ ਖੂਨੀ ਟੱਕਰਾਂ ਵਿਚ ਨਿਕਲੇਗਾ। ਪਰ ਉਹ ਗੁਰਦੁਆਰਿਆਂ ਬਾਰੇ ਆਪਣੀ ਸ਼ਰਧਾ ਨਾਲੋਂ ਆਪਣੀਆਂ ਤੰਗਨਜ਼ਰ ਸਿਆਸੀ ਗਰਜ਼ਾਂ ਨੂੰ ਮੂਹਰੇ ਰੱਖਦੇ ਰਹੇ ਅਤੇ ਦਿਨੋ-ਦਿਨ ਵਿਗੜਦੀ ਹਾਲਤ ਨੂੰ ਠੱਲ੍ਹ ਪਾਉਣ ਦੀ ਬਜਾਏ ਸਿਰੇ ਤੱਕ ਵਿਗਾੜਨ ਦੇ ਭਾਗੀ ਬਣਦੇ ਰਹੇ। ਹੁਣ ਗੁਰਦੁਆਰਿਆਂ ਅੰਦਰ ਵਾਪਰੀਆਂ ਖੂਨੀ ਘਟਨਾਵਾਂ ਉਤੇ ਮੌਕਾਪ੍ਰਸਤ ਤੇ ਪਖੰਡੀ ਅਕਾਲੀ ਆਗੂਆਂ ਵੱਲੋਂ ਕੇਰੇ ਜਾ ਰਹੇ ਨਕਲੀ ਹੰਝੂ ਇਸ ਹਕੀਕਤ ਉਤੇ ਪਰਦਾ ਨਹੀਂ ਪਾ ਸਕਦੇ ਕਿ ਹਰਿਮੰਦਰ ਸਾਹਿਬ ਅਤੇ ਕੁਝ ਹੋਰਨਾਂ ਗੁਰਦੁਆਰਿਆਂ ਦੇ ਹੋਏ ਇਸ ਹਸ਼ਰ ਲਈ, ਖਾਲਸਤਾਨੀ ਦਹਿਸ਼ਤਪਸੰਦਾਂ ਅਤੇ ਕਾਂਗਰਸੀ ਹਾਕਮਾਂ ਦੇ ਨਾਲੋ ਨਾਲ ਉਹ ਵੀ ਪੂਰੀ ਤਰ੍ਹਾਂ ਜ਼ੁੰਮੇਵਾਰ ਹਨ।

## ਧਾਰਮਕ-ਸਥਾਨਾਂ ਦੀ ਦੁਰਵਰਤੋਂ ਰੋਕਣੀ ਜ਼ਰੂਰੀ

ਇਕ ਸੱਚੀ ਜਮਹੂਰੀਅਤ ਵਾਲੇ ਮੁਲਕ ਵਿਚ ਲੋਕਾਂ ਨੂੰ ਇਹ ਪੂਰੀ ਖੁਲ੍ਹ ਹੋਣੀ ਚਾਹੀਦੀ ਹੈ ਕਿ ਉਹ ਕਿਸੇ ਇਕ ਧਰਮ ਨੂੰ ਮੰਨਣ ਜਾਂ ਕਿਸੇ ਦੂਜੇ ਨੂੰ ਮੰਨਣ 'ਤੇ ਜਾਂ ਉਕਾ ਹੀ ਕਿਸੇ ਧਰਮ ਨੂੰ ਨਾ ਮੰਨਣ। ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਲੋਕਾਂ ਦਾ ਇਹ ਜਮਹੂਰੀ ਹੱਕ ਹੈ ਕਿ ਉਹ ਆਪਣੇ ਧਾਰਮਕ ਅਸਥਾਨਾਂ ਨੂੰ ਆਪਣੇ ਧਾਰਮਕ ਵਿਸ਼ਵਾਸਾਂ ਤੇ ਰਹੁ-ਰੀਤਾਂ ਅਨੁਸਾਰ ਚਲਾ ਸਕਣ ਬਸ਼ਰਤੇ ਕਿ ਉਹਨਾਂ ਦੀ ਇਹ ਧਾਰਮਕ ਕਿਰਿਆਂ ਹੋਰਨਾਂ ਦੇ ਜਮਹੂਰੀ ਹੱਕਾਂ ਵਿਚ ਦਖਲ ਨਾ ਦਿੰਦੀ ਹੋਵੇ। ਜਦੋਂ ਸਰਕਾਰ ਵੱਲੋਂ ਕਿਸੇ ਇਕ ਧਰਮ ਦੇ ਲੋਕਾਂ ਦੀ ਇਸ ਧਾਰਮਕ ਅਜ਼ਾਦੀ ਵਿਚ ਦਖਲ ਦਿੱਤਾ ਜਾਂਦਾ ਹੈ ਜਾਂ ਕਿਸੇ ਹੋਰ ਨੂੰ ਦਖਲ ਦੇਣ ਦੀ ਖੁਲ੍ਹ ਤੇ ਸ਼ਹਿ ਦਿੱਤੀ ਜਾਂਦੀ ਹੈ ਤਾਂ ਇਹ ਸਾਰੇ ਇਨਸਾਫ ਤੇ ਜਮਹੂਰੀਅਤ ਪਸੰਦ ਲੋਕਾਂ ਦੀ ਚਿੰਤਾ ਦਾ ਮਸਲਾ ਬਣਨਾ ਚਾਹੀਦਾ ਹੈ ਚਾਹੇ ਉਹ ਕਿਸੇ ਵੀ ਧਰਮ ਨੂੰ ਮੰਨਣ ਵਾਲੇ ਹੋਣ ਤੇ ਚਾਹੇ ਨਾਸਤਕ ਹੋਣ। ਕਿਉਂਕਿ ਇਕ ਧਰਮ ਦੇ ਲੋਕਾਂ ਦੀ ਧਾਰਮਕ ਅਜ਼ਾਦੀ ਉਤੇ ਵੱਜਿਆ ਛਾਪਾ ਹੋਰਨਾਂ ਦੀਆਂ ਧਾਰਮਕ ਅਜ਼ਾਦੀਆਂ ਉਤੇ ਛਾਪੇ ਵੱਜਣ ਦਾ ਰਾਹ ਖੋਲਦਾ ਹੈ। ਕਿਉਂਕਿ ਧਾਰਮਕ ਅਜ਼ਾਦੀਆਂ ਦਾ ਜਮਹੂਰੀ ਹੱਕ ਖੁੱਸਣ ਦਾ ਰਾਹ ਖੁੱਲ੍ਹਦਾ ਹੈ। ਧਾਰਮਕ ਅਸਥਾਨਾਂ ਵਿਚ ਪੁਲਸ ਜਾਂ ਫੌਜ ਦੇ ਦਾਖਲੇ ਦੇ ਸੁਆਲ ਨੂੰ ਇਸੇ ਪਰਸੰਗ ਵਿਚ ਰੱਖਕੇ ਦੇਖਣਾ ਚਾਹੀਦਾ ਹੈ। ਇਹ ਇਕ ਗਲਤ ਤੇ ਗੁੰਮਰਾਹ ਕਰਨ ਵਾਲਾ ਪ੍ਰਭਾਵ ਹੈ ਕਿ ਧਾਰਮਕ ਅਸਥਾਨਾਂ ਵਿਚ ਕਿਸੇ ਵੀ ਹਾਲਤ ਵਿਚ ਜੇ ਕਿਸੇ ਧਰਮ ਦੇ ਲੋਕਾਂ ਦੀ ਧਾਰਮਕ ਆਜ਼ਾਦੀ ਵਿਚ ਦਖਲ ਦੇਣ ਦੇ ਮਨੋਰਥ ਨਾਲ ਪੁਲਸ ਜਾਂ ਫੌਜ ਧਾਰਮਕ ਅਸਥਾਨਾਂ ਵਿਚ ਦਾਖਲ ਹੁੰਦੀ ਹੈ ਤਾਂ ਸਾਰੇ ਇਨਸਾਫ ਤੇ ਜਮਹੂਰੀਅਤ ਪਸੰਦ ਲੋਕਾਂ ਵੱਲੋਂ ਇਸਦਾ ਡਟਵਾਂ ਵਿਰੋਧ ਕਰਨਾ ਚਾਹੀਦਾ ਹੈ। ਪਰ ਜੇ ਕਿਸੇ ਸਵਾਰਥੀ ਤੇ ਮੌਕਾਪ੍ਰਸਤ ਵਿਅਕਤੀ, ਗਰੁੱਪ ਜਾਂ ਪਾਰਟੀ ਵੱਲੋਂ ਆਪਣੇ ਚੰਦਰੇ ਮਨੋਰਥਾਂ ਖਾਤਰ ਧਾਰਮਕ ਅਸਥਾਨਾਂ ਦੀ ਦੁਰਵਰਤੋਂ ਕੀਤੀ ਜਾਵੇ ਤਾਂ ਅਜਿਹੀਆਂ ਹਾਲਤਾਂ ਪੈਦਾ ਹੋ ਸਕਦੀਆਂ ਹਨ ਜਦੋਂ ਇਸ ਦੁਰਵਰਤੋਂ ਨੂੰ ਰੋਕਣ ਲਈ ਪੁਲਸ ਜਾਂ ਫੌਜ ਦਾ ਧਾਰਮਕ ਅਸਥਾਨਾਂ ਵਿਚ ਦਾਖਲ ਹੋਣਾ ਜ਼ਰੂਰੀ ਬਣ ਜਾਂਦਾ ਹੈ। ਅਜਿਹੀ ਹਾਲਤ ਪੈਦਾ ਹੋਣ ਤੋਂ ਰੋਕਣ ਲਈ, ਇਕੋ ਇਕ ਇਲਾਜ ਧਾਰਮਕ ਅਸਥਾਨਾਂ ਦੀ ਅਜਿਹੀ ਦੁਰਵਰਤੋਂ ਨੂੰ ਰੋਕਣਾ ਹੈ। ●

**( ਦੀਨਵਾਦ ਸਹਿਤ ਜਫਰਨਾਮਾ ਜੁਲਾਈ '84 'ਚੋਂ )**

# ਕਾਮਾਗਾਟਾਮਾਰੂ

## ਅਜਮੇਰ ਰੋਡੇ

•

(ਅਜਮੇਰ ਰੋਡੇ ਦੇ ਨਵੇਂ ਛਪੇ ਨਾਟਕ ਕਾਮਾਗਾਟਾਮਾਰੂ ਵਿੱਚੋਂ ਦੋ ਕਾਂਡ ਦਿੱਤੇ ਜਾ ਰਹੇ ਹਨ।

ਕਾਮਾਗਾਟਾਮਾਰੂ ਦੀ ਘਟਨਾ 1914 ਵਿੱਚ ਹੋਈ ਸੀ ਪਰ ਨਾਟਕ ਵਿਚਲੇ ਇੰਨ੍ਹਾਂ ਭਾਗਾਂ ਦੀ ਸਥਿਤੀ ਅਤੇ ਕੈਨੇਡਾ ਵਿਚਲੇ ਪੰਜਾਬੀਆਂ ਦੀ ਅੱਜਕਲ ਦੀ ਸਥਿਤੀ ਬਹੁਤ ਮਿਲਦੀਆਂ ਜੁਲਦੀਆਂ ਹਨ। ਹਰਿਮੰਦਰ ਸਾਹਿਬ ਵਿੱਚ ਗੋਲੀ ਚੱਲਣ ਪਿੱਛੋਂ ਕੈਨੇਡਾ ਦੇ ਸਿੱਖਾਂ ਵੱਲੋਂ ਭਾਰਤ ਸਰਕਾਰ ਪ੍ਰਤੀ ਰੋਹ ਦਾ ਪ੍ਰਗਟਾਵਾ (ਜੋ ਜਾਇਜ਼ ਹੈ) ਬਹੁਤ ਜ਼ੋਰਦਾਰ ਹੋਇਆ ਹੈ। ਪਰ ਬਦਕਿਸਮਤੀ ਨਾਲ ਇਸ ਪ੍ਰਤੀਕਰਮ ਸਦਕਾ ਸਿੱਖਾਂ ਅਤੇ ਹਿੰਦੂਆਂ ਦੇ ਭਰਾਵਾਂ ਭਰਾਵਾਂ ਵਰਗੇ ਸੰਬੰਧਾਂ ਵਿੱਚ ਡੂੰਘੀ ਤ੍ਰੇੜ ਆ ਗਈ ਹੈ। 1914 ਵਿੱਚ ਬਜਬਜ ਘਾਟ ਉੱਤੇ ਕਾਮਾਗਾਟਾਮਾਰੂ ਦੇ ਮੁਸਾਫ਼ਰ ਪੰਜਾਬੀਆਂ ਉੱਤੇ ਗੋਲੀ ਚੱਲਣ ਪਿੱਛੋਂ ਵੀ ਕੈਨੇਡਾ ਦੇ ਪੰਜਾਬੀਆਂ ਵਿੱਚ ਭਾਰਤ ਦੀ ਅੰਗਰੇਜ਼ ਸਰਕਾਰ ਵਿਰੁੱਧ ਬਹੁਤ ਰੋਹ ਭੜਕਿਆ- ਪਰ ਇਸ ਰੋਹ ਦਾ ਪ੍ਰਗਟਾਵਾ ਕੈਨੇਡਾ ਵਿਚਲੇ ਸਾਰੇ ਪੰਜਾਬੀਆਂ ਵੱਲੋਂ ਇਕੱਠਿਆਂ, ਮਿਲਕੇ ਕੀਤਾ ਗਿਆ।

ਪਹਿਲਾ ਸੀਨ: ਬਜਬਜ ਘਾਟ (ਭਾਰਤ) ਦਾ ਦ੍ਰਿਸ਼; ਕਾਮਾਗਾਟਾਮਾਰੂ ਦੇ ਕੈਪਟਨ ਬਾਬਾ ਗੁਰਦਿੱਤ ਸਿੰਘ ਅਤੇ ਉਨ੍ਹਾਂ ਦਾ ਸਕੱਤਰ ਦਲਜੀਤ ਸਿੰਘ ਵਾਰਤਾਲਾਪ ਕਰ ਰਹੇ ਹਨ।

ਦੂਜਾ ਸੀਨ: ਵੈਨਕੂਵਰ (ਕੈਨੇਡਾ) ਵਿੱਚ ਗੁਰਦੁਆਰੇ ਦਾ ਦ੍ਰਿਸ਼; ਮੇਵਾ ਸਿੰਘ (ਸ਼ਹੀਦ) ਅਤੇ ਹਸਨ ਰਹੀਮ ਬਜਬਜ ਘਾਟ 'ਤੇ ਗੋਲੀ ਚੱਲਣ ਪਿੱਛੋਂ ਜੋਸ਼ ਵਿੱਚ ਵਾਰਤਾਲਾਪ ਕਰ ਰਹੇ ਹਨ।

ਹਸਨ ਰਹੀਮ ਅਸਲ ਵਿੱਚ ਕਾਠੀਆਵਾੜ ਤੋਂ ਆਇਆ ਇੱਕ ਹਿੰਦੂ ਸੀ ਜਿਸਦਾ ਅਸਲ ਨਾਮ ਛਗਨ ਖਾਇਰਾਜ ਵਰਮਾ ਸੀ। ਸੋਸ਼ਲਿਸਟ ਵਿਚਾਰਾਂ ਦਾ ਹੋਣ ਕਰਕੇ ਉਸਨੇ ਆਪਣਾ ਨਾਮ ਬਦਲਕੇ ਹਸਨ ਰਹੀਮ ਰੱਖਿਆ ਹੋਇਆ ਸੀ- ਇਮੀਗ੍ਰੇਸ਼ਨ ਮਹਿਕਮੇ ਵਾਲੇ ਉਸਨੂੰ ਕਦੇ ਕਦੇ ਹਸਨ ਸਿੰਘ ਵੀ ਕਹਿ ਦਿੰਦੇ ਸਨ।

ਵਿਸ਼ਵਾਸ਼ ਹੈ ਨਾਟਕ ਦੇ ਇਹ ਭਾਗ, ਇਤਿਹਾਸਕ ਘਟਨਾਵਾਂ ਰਾਹੀਂ ਅਜੋਕੇ ਪੰਜਾਬ ਦੇ ਦੇਸ਼-ਪਰਦੇਸ਼ 'ਚ ਵਸਦੇ ਸਿੱਖ-ਹਿੰਦੂ-ਮੁਸਲਮਾਨ ਪੰਜਾਬੀਆਂ ਨੂੰ ਫ਼ਿਰਕੂ ਜਨੂੰਨ ਤੋਂ ਉੱਪਰ ਉੱਠਣ ਦਾ ਅਤੇ ਜ਼ੁਲਮ ਵਿਰੁੱਧ ਏਕਤਾ ਦਾ ਸੁਨੇਹਾ ਦੇਣਗੇ।

— ਅਦਾਰਾ ਵਤਨੋਂ ਦੂਰ)

## 1.

**ਦਲਜੀਤ ਸਿੰਘ :**
ਆਪਾਂ ਹੁਣ ਇਥੋਂ ਤੁਰੀਏ ਤੇ ਕਿਧਰੇ ਰਾਤ ਕੱਟਣ ਬਾਰੇ ਸੋਚੀਏ। ਕਲਕੱਤਾ ਇਥੋਂ ਕਿੰਨੀ ਕੁ ਦੂਰ ਹੋਵੇਗਾ ?

**ਗੁਰਦਿੱਤ ਸਿੰਘ :**
ਤੇਰਾਂ, ਚੌਦਾਂ ਮੀਲ। ਹੁਣ ਤਾਂ ਗੱਡੀ ਵੀ ਕੋਈ ਨਹੀਂ ਮਿਲਣੀ।

**ਦਲਜੀਤ ਸਿੰਘ :**
ਇਥੇ ਠਹਿਰਣ ਨਾਲੋਂ ਤਾਂ ਪੈਦਲ ਤੁਰਨਾ ਹੀ ਚੰਗਾ ਏ। ਹੌਲੀ ਹੌਲੀ ਸਾਰੇ ਖਿਸਕਣ ਦੀ ਕਰੀਏ।

**ਗੁਰਦਿੱਤ ਸਿੰਘ :**
ਪਰ ਆਪਾਂ ਕਿਊਮਿੰਗ ਨੂੰ ਹੋਰ ਉਡੀਕ ਲਈਏ।

**ਦਲਜੀਤ ਸਿੰਘ :**
ਕੋਈ ਫ਼ਾਇਦਾ ਨਹੀਂ।

**ਗੁਰਦਿੱਤ ਸਿੰਘ :**
ਕਿਊਮਿੰਗ ਬੰਗਾਲ ਦਾ ਚੀਫ਼ ਸੈਕਟਰੀ ਏ। ਆਪਾਂ ਸਾਰਾ ਮਾਮਲਾ ਉਸ ਦੇ ਸਾਹਮਣੇ ਰੱਖਾਂਗੇ। ਜੋ ਕੁਝ ਆਪਣੇ ਨਾਲ ਕੈਨੇਡਾ ਵਿਚ ਹੋਇਆ-ਬੀਤਿਆ ਹੈ, ਜੋ ਕੁਝ ਇਥੋਂ ਦੀ ਪੁਲੀਸ ਨੇ ਆਪਣੇ ਨਾਲ ਕੀਤਾ ਹੈ! ਕਿਊਮਿੰਗ ਦੇ ਕਹਿਣ ਉਤੇ ਹੀ ਤਾਂ ਆਪਾਂ ਮੁੜ ਕੇ ਆਏ ਹਾਂ।

**ਦਲਜੀਤ ਸਿੰਘ :**
ਸਭ ਬਕਵਾਸ ਏ। ਕਿਊਮਿੰਗ ਆਪਾਂ ਨੂੰ ਧੋਖੇ ਨਾਲ ਮੋੜ ਕੇ ਲਿਆਇਆ ਹੈ। ਨਹੀਂ ਤਾਂ ਹੁਣ ਆਪਾਂ ਗੱਡੀ ਫੜ ਕੇ ਕਲਕੱਤੇ ਪਹੁੰਚ ਚੁੱਕੇ ਹੁੰਦੇ।

**ਗੁਰਦਿੱਤ ਸਿੰਘ :**
ਜਾਪਦਾ ਤਾਂ, ਦਲਜੀਤ ਸਿੰਘ, ਮੈਨੂੰ ਵੀ ਇਸੇ ਤਰ੍ਹਾਂ ਹੀ ਏ। ਆਪਣੇ ਨਾਲ ਧੋਖਾ ਹੋਇਐ। ਇਹ ਆਪਾਂ ਨੂੰ ਸਿੱਧੇ ਪੰਜਾਬ ਭੇਜਣ 'ਤੇ ਤੁਲੇ ਹੋਏ ਨੇ।

**ਦਲਜੀਤ ਸਿੰਘ :**
ਇਹ ਤਾਂ ਚਾਹੁੰਦੇ ਨੇ ਕਿ ਕਾਮਾਗਾਟਾ ਮਾਰੂ ਦੀ ਸਭ ਗੱਲ 'ਤੇ ਮਿੱਟੀ ਪੈ ਜਾਏ। ਪਰ ਪੰਜਾਬ ਜਾ ਕੇ ਕੀ ਕਰਾਂਗੇ ? ਉਥੋਂ ਤਾਂ ਸਾਰੇ ਜ਼ਮੀਨ ਵੇਚ-ਵੱਟ ਕੇ ਤੁਰੇ ਸੀ। ਹੁਣ ਕਿਸੇ ਦੇ ਪੱਲੇ ਦੁਆਨੀ ਨਹੀਂ। ਸਾਰੇ ਮੁਸਾਫ਼ਰ ਕਲਕੱਤੇ ਜਾਣਾ ਚਾਹੁੰਦੇ ਹਨ, ਕੋਈ ਕੰਮ-ਕਾਰ ਲੱਭਣਾ ਚਾਹੁੰਦੇ ਹਨ।

**ਗੁਰਦਿੱਤ ਸਿੰਘ :**
ਅਜੇ ਕੰਪਨੀ ਨੂੰ ਕਾਮਾਗਾਟਾ ਮਾਰੂ ਦਾ ਸਾਰਾ ਹਿਸਾਬ ਦੇਣਾ ਹੈ। ਲੱਖਾਂ ਡਾਲਰਾਂ ਦਾ ਨੁਕਸਾਨ ਹੋਇਐ। ਉਸ ਲਈ ਅਦਾਲਤ ਵਿਚ ਜਾ ਕੇ ਮੁਕੱਦਮਾ ਕਰਨਾ ਹੈ। ਪਰ ਪੁਲੀਸ ਵਾਲੇ ਤਾਂ ਆਪਾਂ ਨੂੰ ਡੰਗਰਾਂ ਵਾਂਗੂੰ ਗੱਡੀ ਵਿਚ ਲੱਦ ਕੇ ਛੇਤੀ ਤੋਂ ਛੇਤੀ ਪੰਜਾਬ ਤੋਰਨਾ ਚਾਹੁੰਦੇ ਨੇ। ਨਹੀਂ, ਨਹੀਂ, ਅਸੀਂ ਕਦੇ ਨਹੀਂ ਮੰਨਾਂਗੇ, ਭਾਵੇਂ ਕੁਝ ਵੀ ਹੋ ਜਾਵੇ।

**ਦਲਜੀਤ ਸਿੰਘ :**
ਅੱਗੇ ਕਿਹੜਾ ਆਪਣੇ ਨਾਲ ਥੋੜ੍ਹੀ ਹੋਈ ਏ। ਸਵੇਰ ਦਾ ਕਿਸੇ ਨੂੰ ਨਾਸ਼ਤਾ ਨਹੀਂ ਮਿਲਿਆ। ਪਾਣੀ ਦੀ ਘੁੱਟ ਤੱਕ ਨਹੀਂ ਮਿਲੀ। ਪੁਲੀਸ ਵਾਲਿਆਂ ਨਾਲ ਝਗੜ ਕੇ ਸਟੇਸ਼ਨ ਵੱਲ ਨੂੰ ਤੁਰੇ ਸੀ। ਤਿੰਨ ਮੀਲ ਤੋਂ ਕਿਊਮਿੰਗ ਆਪਾਂ ਨੂੰ ਲਾਰਾ ਲਾ ਕੇ ਧੋਖੇ ਨਾਲ ਮੋੜ ਲਿਆਇਆ। ਛੇ ਸੱਤ ਮੀਲ ਐਨੀ ਗਰਮੀ 'ਚ ਤੁਰਨਾ — ਭੁੱਖੇ-ਤਿਹਾਏ। ਉਤੋਂ ਪੁਲੀਸ ਵਾਲਿਆਂ ਦੇ ਦਬਕੇ, ਗਾਲ੍ਹਾਂ, ਧੱਕੇ, ਡਾਂਗਾਂ ਦੀਆਂ ਹੁੱਜਾਂ... ਅਸੀਂ ਬਹੁਤ ਜ਼ਲੀਲ ਹੋਏ ਹਾਂ। ਇਸ ਤੋਂ ਵੱਧ ਹੋਰ ਬਰਦਾਸ਼ਤ ਕਰਨਾ ਬਹੁਤ ਔਖਾ ਹੈ।

**ਗੁਰਦਿੱਤ ਸਿੰਘ :**
ਦਲਜੀਤ ਸਿੰਘ, ਆਪਾਂ ਬਹੁਤ ਮੁਸ਼ਕਿਲ ਵਿਚ ਫਸੇ ਹੋਏ ਹਾਂ। ਪੁਲੀਸ

ਸੁਖਪਾਲ

## ਇਹ ਦੁਨੀਆਂ

ਇਹ ਜੱਲਾਦਾਂ ਦੀ ਬਸਤੀ ਹੈ
ਇੱਥੇ ਮਜ਼੍ਹਬ, ਜ਼ੁਲਮ ਪ੍ਰਸਤੀ ਹੈ
ਇੱਥੇ ਜਲ ਮਹਿੰਗਾ ਰੱਤ ਸਸਤੀ ਹੈ।
ਇਹ ਦੁਨੀਆਂ ਕੀ ਦੁਨੀਆਂ!
ਇਹ ਮਜ਼੍ਹਬ ਪ੍ਰਸਤਾਂ ਦੀ ਦੁਨੀਆਂ!!

ਜਿੱਥੇ ਬਦਮਾਸ਼ੀ ਭਗਵਾਨ ਬਣੀ
ਜਿੱਥੇ ਜ਼ਹਿਰੀ ਡੰਗ ਜ਼ੁਬਾਨ ਬਣੀ
ਹਰ ਵਿਹੜਾ ਕਬਰਸਤਾਨ ਬਣੀ।
ਇਹ ਦੁਨੀਆਂ ਕੀ ਦੁਨੀਆਂ!
ਇਹ ਮਜ਼੍ਹਬ ਦੇ ਨਾਗਾਂ ਦੀ ਦੁਨੀਆਂ!!

ਜਿੱਥੇ ਹਰ ਭੰਗੜਾ ਦਮ ਤੋੜ ਗਿਆ
ਜਿੱਥੇ ਹਰ ਮਿੱਤਰ ਮੂੰਹ ਮੋੜ ਗਿਆ
ਹੰਝੂਆਂ ਵਿੱਚ ਗਿੱਧਾ ਰੋੜ੍ਹ ਗਿਆ
ਜਿੱਥੇ ਚੱਲ ਨਫ਼ਰਤ ਦਾ ਕੋਹੜ ਗਿਆ।
ਇਹ ਦੁਨੀਆਂ ਕੀ ਦੁਨੀਆਂ!
ਇਹ ਨਫ਼ਰਤਬਾਜ਼ਾਂ ਦੀ ਦੁਨੀਆਂ!!

ਜਿੱਥੇ ਜ਼ਹਿਰ ਵਗ ਪਿਆ ਆੜਾਂ 'ਚੋਂ
ਜਿੱਥੇ ਉੱਗਣ ਸੱਪ ਸਿਆੜਾਂ 'ਚੋਂ
ਜਿੱਥੇ ਪਲਟੇ ਵੈਰ ਪਿਆਰਾਂ 'ਚੋਂ।
ਇਹ ਦੁਨੀਆਂ ਕੀ ਦੁਨੀਆਂ!
ਇਹ ਪੂੰਜੀਪਤੀਆਂ ਦੀ ਦੁਨੀਆਂ!!

ਏਥੇ ਸਾਮਰਾਜ ਦੀਆਂ ਧਾੜਾਂ ਨੇ
ਮੱਲ ਲਈਆਂ ਧਰਮ ਦੀਆਂ ਆੜਾਂ ਨੇ
ਇੱਥੇ ਦੇਸ਼ ਵੰਡੇ ਸਰਕਾਰਾਂ ਨੇ।
ਇਹ ਦੁਨੀਆਂ ਕੀ ਦੁਨੀਆਂ!
ਸਾਮਰਾਜੀ ਡਾਕੂਆਂ ਦੀ ਦੁਨੀਆਂ!!

ਜੇ ਮਿਹਨਤਕਸ਼ ਦਾ 'ਕੱਠ ਹੋਵੇ
ਹਰ ਜ਼ੁਲਮ ਜੜ੍ਹਾਂ ਤੋਂ ਪੱਟ ਹੋਵੇ
ਇੱਕ ਸੁਹਣੀ ਦੁਨੀਆਂ ਰਚ ਹੋਵੇ
ਇਨਸਾਫ਼ ਮੁਹੱਬਤ ਦੀ ਦੁਨੀਆਂ!
ਹਰ ਦੁਨੀਆਂ ਵਾਲੇ ਦੀ ਦੁਨੀਆਂ!!

ਜਿੱਥੇ ਕਿਰਤਾਂ ਦੀ ਸਰਦਾਰੀ ਹੋ
ਆਪਸ ਵਿੱਚ ਭਾਈਚਾਰੀ ਹੋ
ਇੱਕ ਟੱਬਰ ਦੁਨੀਆਂ ਸਾਰੀ ਹੋ
ਉਹ ਦੁਨੀਆਂ ਸਹੀ ਦੁਨੀਆਂ!
ਜੈ ਕਿਰਤ ਕਿਰਤੀਆਂ ਦੀ ਦੁਨੀਆਂ!!
• (S.F.U. BURNABY, B.C.)

ਵਾਲਿਆਂ ਨਾਲ ਹੁਸ਼ਿਆਰੀ ਤੋਂ ਕੰਮ ਲੈਣਾ ਪਵੇਗਾ। ਮੈਂ ਚਾਹੁੰਨਾਂ, ਇਕ ਵਾਰ ਇਹਨਾਂ ਦੇ ਪੰਜੇ 'ਚੋਂ ਨਿਕਲ ਕੇ ਕਲਕੱਤੇ ਪਹੁੰਚ ਜਾਈਏ। ਫੇਰ ਸਭ ਕੁਝ ਸੰਭਾਲ ਲਵਾਂਗੇ। ਮੈਨੂੰ ਵੀ ਇਹਨਾਂ ਨੇ ਗਾਲ੍ਹਾਂ ਕੱਢੀਆਂ ਨੇ, ਧੱਕੇ ਮਾਰੇ ਨੇ।

ਦਲਜੀਤ ਸਿੰਘ :

ਇਸੇ ਲਈ ਤਾਂ ਮੁਸਾਫ਼ਰ ਲੋਹੇ-ਲਾਖੇ ਹੋਏ ਫਿਰਦੇ ਨੇ। ਘੱਟੋ-ਘੱਟ ਤੁਹਾਨੂੰ ਤਾਂ ਇੱਜ਼ਤ ਨਾਲ ਬੁਲਾਣ। ਹੁਣ ਸਾਰਿਆਂ ਨੂੰ ਡੰਗਰਾਂ ਵਾਂਗ ਘੇਰ ਕੇ ਜ਼ਮੀਨ 'ਤੇ ਬਿਠਾਇਆ ਹੋਇਐ। ਗ੍ਰੰਥ ਸਾਹਿਬ ਦੀ ਬੀੜ ਵੀ ਥੱਲੇ ਪਈ ਹੈ — ਜ਼ਮੀਨ 'ਤੇ। ਹੁਣ ਕਹਿੰਦੇ ਨੇ ਰਾਤ ਕੱਟਣ ਲਈ ਮੁੜ ਜਹਾਜ਼ ਵਿਚ ਜਾਓ।

ਗੁਰਦਿੱਤ ਸਿੰਘ :

ਹਰਗਿਜ਼ ਨਹੀਂ, ਇਸ ਵਿਚ ਧੋਖਾ ਹੈ।

ਦਲਜੀਤ ਸਿੰਘ :

ਹੋ ਸਕਦੈ, ਇਹ ਸਾਰੇ ਦਾ ਸਾਰਾ ਜਹਾਜ਼ ਕਾਲੇ ਪਾਣੀ ਨੂੰ ਲੈ ਜਾਣ, ਹੁਣ ਇਨ੍ਹਾਂ 'ਤੇ ਕੋਈ ਇਤਬਾਰ ਨਹੀਂ ਰਿਹਾ।

ਗੁਰਦਿੱਤ ਸਿੰਘ :

ਕਿਊਮਿੰਗ ਨੇ ਬੰਗਾਲ ਦਾ ਚੀਫ਼ ਸੈਕਟਰੀ ਹੋ ਕੇ ਆਪਣੇ ਨਾਲ ਧੋਖਾ ਕੀਤਾ ਹੈ। ਹੁਣ ਕਿਸੇ 'ਤੇ ਭਰੋਸਾ ਨਹੀਂ ਰਿਹਾ।

ਦਲਜੀਤ ਸਿੰਘ :

ਪੁਲੀਸ ਆਪਣੇ ਦੁਆਲੇ ਕੁੱਤਿਆਂ ਵਾਂਗ ਹਰਲ ਹਰਲ ਕਰਦੀ ਫਿਰਦੀ ਐ। ਮੇਰਾ ਖ਼ਿਆਲ ਹੈ ਕਿ ਉਹ ਤੁਹਾਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਵਿਚ ਨੇ।

ਗੁਰਦਿੱਤ ਸਿੰਘ :

ਮੈਨੂੰ ?

ਦਲਜੀਤ ਸਿੰਘ :

ਹਾਂ। ਉਹਨਾਂ ਪਹਿਲਾਂ ਮੈਨੂੰ ਵੀ ਪਾਸੇ ਬੁਲਾਉਣ ਦੀ ਕੋਸ਼ਿਸ਼ ਕੀਤੀ ਸੀ। ਮੈਂ ਗਿਆ ਨਹੀਂ। ਸਾਰੇ ਮੁਸਾਫ਼ਰ ਇਹੋ ਚਾਹੁੰਦੇ ਹਨ — ਤੁਸੀਂ ਉਹਨਾਂ ਵਿਚ ਰਹੋ, ਵਿਚਾਲੇ। ਇਸ ਤਰ੍ਹਾਂ ਪਾਸੇ ਇੱਕਲੇ ਹੋਣਾ ਆਪਣੇ ਲਈ ਖ਼ਤਰੇ ਵਾਲੀ ਗੱਲ ਹੈ। ਜੇ ਤੁਸੀਂ ਗ੍ਰਿਫ਼ਤਾਰ ਹੋ ਗਏ ਤਾਂ ਸਾਰੇ ਮੁਸਾਫ਼ਰ ਬੇਸਹਾਰਾ ਹੋ ਜਾਣਗੇ।

[ ਗੁਰਦਿੱਤ ਸਿੰਘ ਸਹਿਮਤੀ ਵਿਚ ਸਿਰ ਹਿਲਾਉਂਦਾ ਹੈ। ]

ਰਹਿਰਾਸ ਦਾ ਪਾਠ ਹੋ ਰਿਹਾ ਹੈ। ਅਰਦਾਸ ਸ਼ੁਰੂ ਹੋਣ ਵਾਲੀ ਹੈ। ਚਲੋ ਆਪਾਂ ਚੱਲੀਏ। ਨਾਲੇ ਮੁਸਾਫ਼ਰਾਂ ਨਾਲ ਕਲਕੱਤੇ ਜਾਣ ਬਾਰੇ ਕੋਈ ਵਿਉਂਤ ਬਣਾਈਏ।

[ ਦਲਜੀਤ ਸਿੰਘ ਤੇ ਗੁਰਦਿੱਤ ਸਿੰਘ ਅੰਦਰ ਜਾਂਦੇ ਹਨ। ]

[ ਨੀਲੀ ਮੱਧਮ ਰੌਸ਼ਨੀ ਮੰਚ ਉਤੇ ਪੈਂਦੀ ਹੈ। ਪਹਿਲਾਂ ਮੰਚ ਦੇ ਪਿਛਵਾੜਿਉਂ ਅਰਦਾਸ ਦੀ ਸਪਸ਼ਟ ਆਵਾਜ਼ ਆਉਂਦੀ ਹੈ। ਪਰ ਕੁਝ ਹੀ ਛਿਣਾਂ ਬਾਅਦ, ਇਸ ਅਰਦਾਸ ਦੀ ਆਵਾਜ਼ ਦੇ ਨਾਲ ਰਲਵੀਂ ਇਕ ਤਿੱਖੀ ਤੇ ਗੁਸੈਲੀ ਪ੍ਰਦੇਸੀ ਲਹਿਜੇ ਵਾਲੀ ਆਵਾਜ਼ ਵੀ ਉਭਰ ਆਉਂਦੀ ਹੈ। ]

ਆਵਾਜ਼ 1 :

ਵ੍ਹੇਅਰ ਇਜ਼ ਗੁਰਦਿੱਤ ਸਿੰਘ ? ਕਿਧਰ ਹੈ ਗੁਰਦਿੱਤ ਸਿੰਘ, ਜਲਦੀ ਬਾਹਰ ਆਓ।

[ ਅਰਦਾਸ ਦੀ ਆਵਾਜ਼ ਮੱਧਮ ਹੋ ਜਾਂਦੀ ਹੈ ਤੇ ਇਕ ਹੋਰ ਬੜੇ ਠਰੰਮੇ ਤੇ ਭਰੋਸੇ ਭਰੀ ਆਵਾਜ਼ ਸੁਣਾਈ ਦੇਂਦੀ ਹੈ । ]

ਆਵਾਜ਼ 2 :

ਸਰ, ਅਰਦਾਸ ਹੋ ਰਹੀ ਹੈ। ਅਰਦਾਸ ਖ਼ਤਮ ਹੁੰਦੇ ਹੀ ਉਹ ਬਾਹਰ ਆ ਜਾਣਗੇ।

[ ਫਿਰ ਪਹਿਲੀ ਤੇ ਦੂਸਰੀ ਆਵਾਜ਼ ਵਿਚ ਗਲਬਾਤ ਤਕਰਾਰ ਦਾ ਰੂਪ ਧਾਰ ਲੈਂਦੀ ਹੈ। ਪਰ ਪਹਿਲੀ ਆਵਾਜ਼ ਵਿਚ ਹਾਲੇ ਵੀ ਰੋਅਬ ਤੇ ਹੈਂਕੜ ਹੈ, ਜਦੋਂ ਕਿ ਦੂਸਰੀ ਆਵਾਜ਼ ਵਿਚ ਹਾਲੇ ਵੀ ਦ੍ਰਿੜਤਾ ਤੇ ਭਰੋਸਾ ਹੈ। ]

ਆਵਾਜ਼ 1 :

ਨੋ, ਆਈ ਕਾਂਟ ਵੇਟ। ਜਲਦੀ ਸੇ ਬਾਹਰ ਆਓ।

ਆਵਾਜ਼ 2 :

ਮੁਆਫ਼ ਕਰਨਾ, ਅਸੀਂ ਅਰਦਾਸ ਕਰ ਰਹੇ ਹਾਂ। ਤੁਸੀਂ ਇਸ ਵਿਚ ਦਖ਼ਲ ਨਾ ਦਿਓ। ਅਸੀਂ ਇਸ ਦੇ ਖ਼ਤਮ ਹੋਣ ਤੋਂ ਪਹਿਲਾਂ ਤੁਹਾਡੇ ਨਾਲ ਗੱਲ ਨਹੀਂ ਕਰ ਸਕਦੇ।

ਆਵਾਜ਼ 1 :

ਨਾਨਸੇਂਸ। ਤੁਮ ਸਭ ਬਦਮਾਸ਼ ਹੋ, ਮੁਝੇ ਫ਼ੂਲ ਬਨਾਤਾ ਹੈ।

ਆਵਾਜ਼ 2 :

ਬਿਹਤਰ ਹੈ, ਤੁਸੀਂ ਸੱਭਯ ਬੋਲੀ 'ਚ ਗੱਲ ਕਰੋ। ਅਸੀਂ ਪਹਿਲਾਂ ਹੀ ਤੁਹਾਡੇ ਹੱਥੋਂ ਬਹੁਤ ਜ਼ਲੀਲ ਹੋਏ ਹਾਂ।

ਆਵਾਜ਼ 1 :

ਅੱਛਾ ਤੋਂ ਐਸਾ ਬਾਤ ਹੈ। ਤੁਮ ਲੋਗ ਐਸੇ ਨਹੀਂ ਮਾਨੋਂਗੇ। ਮੈਂ ਖ਼ੁਦ ਨਿਕਾਲਤਾ ਹੂੰ ਉਸ ਬਦਮਾਸ਼ ਕੋ,। ਹਟੋ, ਹਟੋ ਇੱਧਰ, ਆਈ ਸੇ, ਗੈੱਟ ਅਵੇ, ਗੇਟ ਅਵੇ, ਯੂ ਈਡੀਅਟਸ।

[ ਰੌਲਾ ਪੈਂਦਾ ਹੈ। ਫਿਰ ਇਸ ਰੌਲੇ ਤੋਂ ਉਚੇਰੀ ਹੋਈ ਇਕ ਵੱਖਰੀ ਆਵਾਜ਼ ਸੁਣਾਈ ਦੇਂਦੀ ਹੈ। ]

ਆਵਾਜ਼ 3 :

ਹੱਦ ਹੋ ਗਈ। ਹੁਣ ਤਾਂ ਆਪਣੀ ਅਰਦਾਸ 'ਚ ਵੀ ਵਿਘਨ ਪੌਣੋ ਨਹੀਂ ਟਲੇ। ਏਦੂੰ ਤਾਂ ਮਰੇ ਈ ਚੰਗੇ। ਟਹਿਲ ਸਿਹਾਂ, ਫੜ ਖਾਂ ਗੋਰੇ ਦੇ ਹੱਥੋਂ ਸੋਟੀ, ਸਾਲ੍ਹਾ ਪੁਲਸ ਕਪਤਾਨ ਦਾ, ਡੰਗਰਾਂ ਆਂਗੂੰ ਕੁੱਟੀ ਜਾਂਦੈ। ਮਾਰ ਇਹਦੇ ਮੌਰਾਂ 'ਚ ਦੋ ਰੱਖ ਕੇ। ਵੇਖੀ ਜਾਊ ਜਿਵੇਂ ਹੋਊ।

[ ਰੌਲਾ ਫਿਰ ਪੈਂਦਾ ਹੈ। ਸੋਟੀ ਪਰ੍ਹੇ ਡਿੱਗਣ ਦੀ ਆਵਾਜ਼ ਆਉਂਦੀ ਹੈ। ]

ਆਵਾਜ਼ 1 :

ਨੋ, ਨੋ ਠਹਿਰੋ। ਸੱਟਾਪ ਇੱਟ। ਮੈਂ ਗੋਲੀ ਚਲਾ ਦੂੰਗਾ।

[ ਦੋ ਗੋਲੀਆਂ ਚਲਦੀਆਂ ਹਨ। ]

ਆਵਾਜ਼ 2 :

ਓ ਵੇਖੀਂ ਵੇਖੀਂ, ਪਰ੍ਹੇ ਠਾਕਰ ਨੂੰ ਸੰਭਾਲੋ।

ਆਵਾਜ਼ 3 :

ਓਏ ਜੱਫਾ ਮਾਰੋ ਇਹਨੂੰ, ਪਿਛੋਂ ਪਸਤੌਲ ਖੋਹੋ ਇਹ'ਤੋਂ ਭੈਣ...

[ ਦੋ ਤਿੰਨ ਗੋਲੀਆਂ ਹੋਰ ਚਲਦੀਆਂ ਹਨ। ਸਨਾਟਾ ਛਾ ਜਾਂਦਾ ਹੈ।

ਅਵਤਾਰ ਗਿੱਲ

## ਸਾਨ੍ਹ

ਬੜਾ ਜ਼ਰੂਰੀ ਹੁੰਦਾ ਹੈ
ਇੱਕ ਕਿਸਾਨ ਲਈ
ਪੈਲੀ ਨੂੰ ਭੂਤਰੇ ਹੋਏ ਸਾਨ੍ਹਾਂ ਤੋਂ ਬਚਾਉਣਾ
ਸਾਨ੍ਹ
'ਚੰਡੀਗੜ੍ਹੀਏ' ਹੋਣ ਜਾਂ 'ਅੰਬਰਸਰੀਏ'
ਉਜਾੜਾ ਇੱਕੋ ਜਿਹਾ ਪਾਉਂਦੇ ਹਨ।

ਇਹ ਜ਼ਰੂਰੀ ਨਹੀਂ
ਕਿ ਸਾਨ੍ਹ ਚਹੁੰ ਲੱਤਾਂ ਵਾਲੇ ਹੀ ਹੋਣ
ਇਹ
ਬਿਨਾਂ ਪੂਛ
ਬਿਨਾਂ ਸਿੰਗ
ਵੀ ਹੋ ਸਕਦੇ ਹਨ।

ਇਹ ਵੀ ਜ਼ਰੂਰੀ ਨਹੀਂ
ਕਿ ਇਹ ਚਿੱਟੇ ਜਾਂ ਡੱਬ ਖੜੱਬੇ ਹੀ ਹੋਣ
ਉਜਾੜੇ ਦਾ ਢੰਗ ਬਦਲਦਿਆਂ ਤਾਂ ਇਹ
ਲਾ ਸਕਦੇ ਹਨ ਦੇਰ
ਪਰ ਰੰਗ ਬਦਲਦਿਆਂ ਦੇਰ ਨਹੀਂ ਲਾਉਂਦੇ।

ਜਦੋਂ ਖੁੰਬਾਂ ਵਾਂਗ ਜੰਮ ਕੇ
ਉਨ੍ਹਾਂ ਵਾਂਗ ਬਕਰਾਲਣ ਲੱਗ ਪੈਣ
ਉਦੋਂ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ
ਇੱਕ ਕਿਸਾਨ ਲਈ
ਪੈਲੀ ਨੂੰ
ਭੂਤਰੇ ਹੋਏ ਸਾਨ੍ਹਾਂ ਤੋਂ ਬਚਾਉਣਾ
ਸਾਨ੍ਹ
'ਚੰਡੀਗੜ੍ਹੀਏ' ਹੋਣ
ਜਾਂ 'ਅੰਬਰਸਰੀਏ'
ਉਜਾੜਾ ਇੱਕੋ ਜਿਹਾ ਪਾਉਂਦੇ ਹਨ।

● (SHERWOOD PARK, ALBERTA)

ਅਵਤਾਰ ਤੇੜੇ

## ਸਮੇਂ ਦੇ ਕਾਤਲਾਂ ਨੂੰ

ਕਾਬਲ ਕੰਧਾਰ ਤੱਕ ਕਦੇ ਇਹ ਵਸਦਾ ਸੀ
ਧੌਲਾ ਬਦਲ ਜਦ ਇਸ ਤੇ ਵਰ੍ਹਿਆ ਸੀ
ਬੂੰਦ ਬੂੰਦ 'ਚ, ਭਰੀ ਸੀ ਜ਼ਹਿਰ ਜਿਸਦੇ
ਟੋਟੇ ਟੋਟੇ ਪੰਜਾਬ ਮੇਰਾ ਕਰਿਆ ਸੀ।

ਅਜੇ ਤੱਕ ਨਹੀਂ ਮਮਤਾ ਦੀ ਗੋਦ ਭਰੀ
ਤੇ ਲੱਖਾਂ ਮਾਵਾਂ ਦੇ ਅੱਥਰੂ ਨਹੀਂ ਸੁੱਕੇ
ਜਿਨ੍ਹਾਂ ਮਾਵਾਂ ਦੇ ਤੁਰ ਗਏ ਪੁੱਤ ਗੱਭਰੂ
ਉਨ੍ਹਾਂ ਮਾਵਾਂ ਦੇ ਅਜੇ ਨਹੀਂ ਵੈਣ ਮੁੱਕੇ।

ਇਕੋ ਕੁੱਖ ਚੋਂ ਜਨਮ ਲਿਆ ਜਿਨ੍ਹਾਂ
ਰਾਹ ਉਨ੍ਹਾਂ ਦੀਆਂ ਵੱਖੋ ਵੱਖ ਹੋਈਆਂ
ਗਲੇ ਲੱਗ ਨਹੀਂ ਮਿਲਣ ਨਸੀਬ ਹੋਇਆ
ਭੈਣਾਂ ਵੀਰਾਂ ਨੂੰ ਤਰਸਦੀਆਂ ਰੁਲ ਗਈਆਂ।

ਧੀ ਇਕ ਨਹੀਂ ਰੋਂਦੀ ਜਰੀ ਜਾਂਦੀ
ਲੱਖਾਂ ਧੀਆਂ ਦਾ ਬੋਲੇ ਹਾੜ੍ਹ ਅਜੇ
ਜਿਨ੍ਹਾਂ ਪਾਣੀਆਂ ਆਪਣੇ ਰੰਗ ਬਦਲੇ
ਮੇਰੇ ਗਵਾਹ ਹੈ ਰਾਵੀ ਚਨਾਬ ਅਜੇ।

ਅਜ ਫੇਰ ਕੋਈ ਕਹਿਰ ਦੀ ਘਟਾ ਕਾਲੀ
ਮੇਰੇ ਸੋਹਣੇ ਪੰਜਾਬ ਤੇ ਛਾਈ ਹੋਈ ਏ
ਮੇਰੇ ਪਹਿਲੇ ਹੀ ਜ਼ਖਮ ਨਹੀਂ ਭਰੇ ਅਜੇ
ਇਹ ਨਵੀਂ ਕਿਆਮਤ ਕੋਈ ਆਈ ਹੋਈ ਏ।

ਨਾ ਕੋਈ ਧਰਮ ਬੁਰਾ ਨਾ ਕੋਈ ਮਜ਼ਬ ਬੁਰਾ
ਕੋਈ ਕਬੀਲਾ ਨਾ ਜਾਤਪਾਤ ਘਟੀਆ
ਐਵੇਂ ਕਿਸੇ ਤੇ ਕਿਉਂ ਇਲਜ਼ਾਮ ਲਾਵੇਂ
ਇਹੋ ਤੁਹਾਡੇ ਦਿਮਾਗ ਦੀ ਸੋਚ ਘਟੀਆ।

ਨਿਰਦੋਸ਼ ਲੋਕਾਂ ਦਾ ਖੂਨ ਅਜਾਈਂ ਡੁਲਦਾ
ਜਦ ਕਦ ਵੀ ਕੁਰਸੀ ਦੀ ਵੰਡ ਹੋਏ
ਕਿਥੇ ਬੰਦੇ ਦੀ ਬੰਦਾ ਦੁਆ ਹੁੰਦਾ
ਅਜ ਬੰਦੇ ਦਾ ਬੰਦਾ ਸ਼ਿਕਾਰ ਹੋਏ।

ਸਾਥੋਂ ਸਾਰੇ ਜਿਓਣ ਦੇ ਹੱਕ ਖੋਹਕੇ
ਨਵੀਂ ਬਸਤੀ ਬਨਾਉਣ ਦੀ ਗੱਲ ਕਰਦੇ
ਤੁਹਾਡੇ ਵਿਚ ਔਰੰਗਜ਼ੇਬ ਦੀ ਰੂਹ ਬੋਲੇ
ਮਨੁਖੀ ਹੱਕਾਂ ਦਾ ਕਤਲੇਆਮ ਕਰਦੇ।

ਜਿਹੜੇ ਗਵਾਂਢੀ ਦੇ ਇਸ਼ਾਰਿਆਂ ਤੇ ਨੱਚਦੇ ਹੋ
ਉਹ ਵਿਚੇ ਵਿਚ ਵਿਸ ਪਿਆ ਘੋਲਦਾ ਏ
ਤੇਰਾ ਘਰ ਉਜਾੜ ਕੇ ਉਹ ਰਾਜੀ
ਉਤੋਂ ਤੇਰੀ ਹਮਾਇਤ ਵਿਚ ਬੋਲਦਾ ਏ।

ਇਹ ਫਿਰਕੂ ਹਨੇਰੀ ਨਹੀਂ ਝੁੱਲਣ ਦੇਣੀ
ਲੋਕ ਏਕਤਾ ਹੈ ਐਲਾਨ ਸਾਡਾ
ਨਹੀਂ ਜ਼ਾਲਮਾਂ ਹੱਥੋਂ ਕਤਲ ਹੋਣ ਦੇਣਾ
ਸੈਂਡੀ ਸਾਲਾਂ ਇਹ ਜਵਾਨ ਪੰਜਾਬ ਸਾਡਾ।

• (QUESNEL, B.C.)

ਫੇਰ ਗੋਲੀਆਂ ਚਲਦੀਆਂ ਹਨ ਤੇ ਕਾੜ ਕਾੜ ਚੱਲੀ ਜਾਂਦੀਆਂ ਹਨ। ਰੌਲਾ ਪੈਂਦਾ ਹੈ। ਗੋਲੀਆਂ ਲਗਾਤਾਰ ਚਲੀ ਜਾਂਦੀਆਂ ਹਨ। ]

[ ਰੌਸ਼ਨੀ ਹੁੰਦੀ ਹੈ।
ਪਹਿਲਾਂ ਵਾਲੀ ਔਰਤ ਗੋਲੀਆਂ ਦੀ ਬੁਛਾੜ 'ਚੋਂ ਬਾਹਰ ਆਉਂਦੀ ਹੈ। ਉਸ 'ਤੇ ਆਸਿਓਂ ਪਾਸਿਓਂ ਗੋਲੀਆਂ ਚਲਦੀਆਂ ਹਨ। ਹਰ ਗੋਲੀ ਲੱਗਣ ਨਾਲ ਉਹ ਆਸੇ ਪਾਸੇ ਵੱਲ ਝੁੱਕਦੀ ਹੈ। ਇਸ ਤਰ੍ਹਾਂ ਤੁਰਦੀ ਤੁਰਦੀ ਉਹ ਮੰਚ ਦੇ ਅੱਗੇ ਵਲ ਆ ਕੇ ਸਥਿਰ ਹੋ ਜਾਂਦੀ ਹੈ। ]

[ ਰੌਸ਼ਨੀ ਹੌਲੀ, ਹੌਲੀ ਮੱਧਮ ਹੁੰਦੀ ਹੈ।
ਮੰਚ 'ਤੇ ਸਨਾਟਾ ਛਾ ਜਾਂਦਾ ਹੈ। ]

## ੨.

### [ਸੀਨ: ਵੈਨਕੂਵਰ ਵਿੱਚ ਗੁਰਦੁਆਰਾ]

ਮੇਵਾ ਸਿੰਘ :

ਪਰ ਉਹਨਾਂ ਗੋਲੀ ਕਿਉਂ ਚਲਾਈ ? ਕਿਉਂ ਚਲਾਈ ਗੋਲੀ... ਕਿਉਂ ਚਲਾਈ ਗੋਲੀ !

ਹਸਨ ਰਹੀਮ :

ਜ਼ੁਲਮ ਦੀ ਇੰਤਹਾ ਹੋ ਗਈ। ਆਪਣੇ ਮੁਲਕ, ਕਦੇ ਆਪਣੇ ਮੁਲਕ ਪਹੁੰਚ ਕੇ ਵੀ ਇਸ ਤਰ੍ਹਾਂ ਹੋਈ ਹੈ।

ਮੇਵਾ ਸਿੰਘ :

ਉਹਨਾਂ ਨੂੰ ਗ੍ਰਿਫ਼ਤਾਰ ਕਰ ਲੈਂਦੇ। ਕੈਦ ਕਰ ਦਿੰਦੇ, ਪਰ ਇਸ ਤਰ੍ਹਾਂ ਨਿੱਹਥਿਆਂ 'ਤੇ ਗੋਲੀ ਚਲਾਉਣੀ, ਦਾਣਿਆਂ ਵਾਂਗ ਭੁੰਨ ਸੁੱਟਣਾ — ਨਿਰੀ ਕਾਇਰਤਾ, ਨਿਰੀ ਹੈਵਾਨੀਅਤ।

[ ਜੋਸ਼ ਵਿਚ ਆਏ ਨੂੰ ਅੱਗੇ ਸ਼ਬਦ ਨਹੀਂ ਸੁਝਦੇ। ]

ਹਸਮ ਰਹੀਮ :

ਇਥੇ ਹੀ ਬਸ ਨਹੀਂ। ਪੁਲਸੀਆਂ ਨੇ ਮਗਰ ਦੌੜ ਦੌੜ ਕੇ ਮੁਸਾਫ਼ਰਾਂ ਦਾ ਪਿੱਛਾ ਕੀਤਾ। ਦੂਰ ਦੂਰ ਤੱਕ ਜਾ ਕੇ ਉਹਨਾਂ 'ਤੇ ਗੋਲੀ ਚਲਾਈ। ਇਹ ਕਿਉਂ ? ਕੀ ਜਵਾਬ ਏ ਇਹਦਾ ਅੰਗਰੇਜ਼ ਕੋਲ। ਪੁਲੀਸ ਹੈ ਕਿ ਹਲਕੇ ਕੁੱਤੇ। ਜਿਵੇਂ ਲਹੂ ਨਾਲ ਖੇਡਣ ਦਾ ਚਾਅ ਹੋਵੇ। ਜਿਵੇਂ ਕਤਲੇਆਮ ਦਾ ਸ਼ੌਕ ਹੋਵੇ।

ਮੇਵਾ ਸਿੰਘ :

ਇਥੇ ਭਾਗ ਸਿੰਘ ਹੁਰਾਂ ਨੂੰ ਸ਼ਹੀਦ ਕਰ ਦਿੱਤਾ। ਉਥੇ ਬਜਬਜ ਘਾਟ 'ਤੇ ਕਤਲੇਆਮ ਮਚਾ ਦਿੱਤਾ। ਇਹ ਸਭ ਕੁਝ ਸਾਨੂੰ ਧਮਕਾਉਣ ਵਾਸਤੇ ਕੀਤਾ ਜਾ ਰਿਹੈ। ਸਾਡੀ ਕੌਮ ਨੂੰ ਜ਼ਲੀਲ ਕਰਨ, ਬੁਜ਼ਦਿਲ ਤੇ ਸਦਾ ਲਈ ਗ਼ੁਲਾਮ ਬਣਾਉਣ ਵਾਸਤੇ। ਤਾਂਕਿ ਅਸੀਂ ਅਜ਼ਾਦ ਲੋਕਾਂ ਵਾਂਗ ਕਦੇ ਸਿਰ ਉੱਚਾ ਕਰਕੇ ਨਾ ਤੁਰ ਸਕੀਏ। ਛਾਤੀ ਚੌੜੀ ਨਾ ਕਰ ਸਕੀਏ। ਤਾਂਕਿ ਅਸੀਂ ਕੁੱਤਿਆਂ ਵਾਂਗ ਅੰਗਰੇਜ਼ 'ਮਾਲਕਾਂ ਮਗਰ ਪੂਛ ਹਿਲਾਉਂਦੇ

ਫਿਰੀਏ, ਇਹ ਆਪਣੀ ਲੁੱਟ ਖਸੁੱਟ ਜਾਰੀ ਰੱਖ ਸਕਣ, ਤੇ ਸਾਨੂੰ ਜਦੋਂ ਜੀਅ ਕਰੇ ਬੁਰਕੀ ਪਾ ਛੱਡਣ। ਜਦੋਂ ਜੀਅ ਕਰੇ ਦੁਰਕਾਰ ਦੇਣ। ਜਦੋਂ ਜੀਅ ਕਰੇ ਗੋਲੀ ਮਾਰ ਦੇਣ...

ਉਹ ਸਾਨੂੰ ਗੋਲੀਆਂ ਮਾਰਦੇ ਹਨ । (ਹੌਲੀ ਤੇ ਭਾਵੁਕ ਆਵਾਜ਼ 'ਚ) ਤਾਕਿ ਅਸੀਂ ਉਹਨਾਂ ਸਾਹਮਣੇ ਉਚਾ ਨਾ ਬੋਲੀਏ। ਖੁੱਲ ਕੇ ਨਾ ਹੱਸੀਏ। ਗੂੰਗੇ ਬਣ ਕੇ 'ਜੀ-ਜੀ' ਕਰੀਏ। ਸਾਡੇ ਬੱਚੇ ਗੂੰਗੇ ਜੰਮਣ, ਗੂੰਗੇ ਰਹਿਣ ਤੇ ਗੂੰਗੇ ਮਰਨ। ਉਹ ਸਾਡੀ ਕੌਮ 'ਚੋਂ ਸਦਾ ਲਈ ਅਣਖ ਮਾਰ ਦੇਣੀ ਚਾਹੁੰਦੇ ਹਨ, ਸਦਾ ਲਈ।

ਹਸਨ ਰਹੀਮ :

ਪਰ ਉਹਨਾਂ ਨੂੰ ਇਹ ਨਹੀਂ ਪਤਾ ਕਿ ਕੌਮਾਂ ਇਸ ਤਰ੍ਹਾਂ ਮਰਦੀਆਂ ਨਹੀਂ, ਜ਼ਿੰਦਾ ਹੁੰਦੀਆਂ ਹਨ। ਹੋਰ ਉਚਾ ਉਠਦੀਆਂ ਹਨ। ਰੋਹ ਵਿਚ ਮਚਦੀਆਂ ਹਨ ਤੇ ਜ਼ੁਲਮ ਦਾ ਅੰਤ ਕਰ ਦਿੰਦੀਆਂ ਹਨ। ਕੀ ਦੋਸ਼ ਸੀ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਦਾ ? ਉਹ ਦੂਜੇ ਹਜ਼ਾਰਾਂ ਲੱਖਾਂ ਲੋਕਾਂ ਵਾਂਗ ਰਹਿਣਾ ਹੀ ਚਾਹੁੰਦੇ ਸਨ, ਉਹ ਡਾਕੇ ਤਾਂ ਨਹੀਂ ਮਾਰਨਾ ਚਾਹੁੰਦੇ ਸਨ। ਪਰ ਉਨ੍ਹਾਂ ਨੂੰ ਇਥੇ ਪਹੁੰਚਣ 'ਤੇ ਖੁਆਰ ਕੀਤਾ ਗਿਆ। ਹਾਪਕਿਨਸਨ ਵਰਗਿਆਂ ਨੇ ਰੋਜ਼ ਬੇਇੱਜ਼ਤੀ ਕੀਤੀ, ਭੁੱਖੇ ਤਿਹਾਏ ਮਾਰਿਆ। ਜਦੋਂ ਜ਼ਲੀਲ ਹੋ ਕੇ ਆਖ਼ਰ ਵਾਪਸ ਜਾਣ ਲਈ ਤਿਆਰ ਹੋਏ ਤਾਂ ਅਗੋਂ ਗੋਲੀਆਂ ਨਾਲ ਸੁਆਗਤ ਹੋਇਆ। ਕਿਉਂ ? ਇਸ ਲਈ ਕਿ ਉਹ ਗ਼ੁਲਾਮ ਦੇਸ ਤੋਂ ਆਏ ਸੀ — ਮਾਲਕਾਂ ਦੀ ਕੌਮ ਵਿਚ ਰਹਿਣ ਲਈ। ਪਰ ਸਾਡੀ ਕੌਮ ਕਦੋਂ ਤੱਕ ਇਹ ਨਿਰਾਦਰ ਸਹਾਰੀ ਜਾਵੇਗੀ !

ਮੇਵਾ ਸਿੰਘ :

ਬਹੁਤੀ ਦੇਰ ਨਹੀਂ। ਅਸੀਂ ਇਸ ਤਰ੍ਹਾਂ ਦਾ ਜੀਵਨ ਹੋਰ ਨਹੀਂ ਜਿਓ ਸਕਦੇ। ਮੇਰੇ, ਮੇਰੇ ਅੰਦਰ ਕੋਈ ਬੇਚੈਨੀ ਜਿਹੀ ਸਮਾ ਗਈ ਹੈ। ਹੱਡਾਂ 'ਚ ਕੋਈ ਕਾਹਲ ਜਿਹੀ ਮੱਚ ਗਈ ਹੈ। ਮੇਰੀਆਂ ਨਾੜਾਂ 'ਚ ਖ਼ੂਨ ਛੱਲਾਂ ਖਾਣ ਲੱਗ ਗਿਆ ਹੈ। ਜਿਵੇਂ, ਜਿਵੇਂ ਮੇਰੇ ਅੰਦਰ ਕੋਈ ਬਰਫ਼ ਦਾ ਸ਼ਾਂਤ ਤੋਦਾ ਅਚਾਨਕ ਪਿਘਲ ਗਿਆ ਹੋਵੇ।... ਜਿਵੇਂ ਅੰਦਰ ਪਾਣੀ ਦਾ ਟਿਕਿਆ ਸਰੋਵਰ ਅਚਾਨਕ ਭਾਫ਼ ਬਣ ਗਿਆ ਹੋਵੇ... ਮੈਂ... ਮੈਂ..., ਜੋਸ਼ ਨਾਲ ਮੇਰਾ ਸਿਰ ਫਟ ਰਿਹਾ ਹੈ ।

[ ਹਸਨ ਰਹੀਮ ਪਹਿਲਾਂ ਮੇਵਾ ਸਿੰਘ ਦੀਆਂ ਅੱਖਾਂ 'ਚ ਗਹੁ ਨਾਲ ਦੇਖਦਾ ਹੈ। ਫੇਰ ਉਹਦੇ ਮੋਢੇ ਉਤੇ ਹੱਥ ਰਖਦਾ ਹੈ ਅਤੇ ਗੰਭੀਰ ਆਵਾਜ਼ 'ਚ ਬੋਲਦਾ ਹੈ। ]

ਹਸਨ ਰਹੀਮ :

ਮੇਵਾ ਸਿੰਘ, ਤੇਰੇ ਅੰਦਰਲਾ ਡੂੰਘਾ ਸਬਰ ਤੇ ਧੀਰਜ ਸ਼ਕਤੀ ਵਿਚ ਵਟ ਗਿਐ। ਇਸ ਜੋਸ਼ ਨੂੰ ਠੰਢਾ ਨਹੀਂ ਹੋਣ ਦੇਣਾ। ਨਾ ਹੀ ਅਜਾਈਂ ਗੁਆਉਣਾ ਹੈ। ਇਸਨੂੰ ਅਪਣੀ ਕੌਮ ਖ਼ਾਤਰ ਵਰਤਣਾ ਹੈ। ਲੋਕਾਂ ਦੀ ਖ਼ਾਤਰ — ਕੇਵਲ ਲੋਕਾਂ ਦੀ ਖ਼ਾਤਰ।

# ਲੋਕ ਸਦਭਾਵਨਾ ਮੰਚ

# (Forum For Communal Harmony)

## ਪਿਛੋਕੜ:

ਸਾਡੀ ਕਮਿਉਨਿਟੀ ਦੇ 80 ਸਾਲਾਂ ਦੇ ਕੈਨੇਡਾ ਵਿਚਲੇ ਇਤਿਹਾਸ ਵਿਚ ਪਹਿਲੀ ਵਾਰੀ ਸਾਨੂੰ ਬਹੁਤ ਸੰਜੀਦਾ ਅਤੇ ਦੁੱਖਦਾਇਕ ਸਥਿਤੀ ਦਾ ਸਾਹਮਣਾ ਹੈ ਜੋ ਸਾਡੇ ਲੋਕਾਂ ਵਿਚ ਸਦਭਾਵਨਾ ਅਤੇ ਏਕਤਾ ਨੂੰ ਭੰਗ ਕਰ ਸਕਦੀ ਹੈ।

ਇਨ੍ਹਾਂ 80 ਸਾਲਾਂ ਵਿਚ, ਧਾਰਮਿਕ ਅਤੇ ਬੋਲੀਆਂ ਦੇ ਵਿਖਰੇਵੇਂ ਦੇ ਬਾਵਜੂਦ ਅਸੀਂ ਇੱਕੱਠੇ ਰਹੇ ਹਾਂ ਅਤੇ ਬਰਤਾਨਵੀ ਬਸਤੀਵਾਦ ਦਾ ਮੁਕਾਬਲਾ ਕੀਤਾ ਹੈ। ਅਤੇ ਕੈਨੇਡਾ ਸਰਕਾਰ ਦੀ ਨਸਲਵਾਦੀ ਅਤੇ ਵਿਤਕਰੇ ਭਰੀਆਂ ਨੀਤੀਆਂ ਵਿਰੁੱਧ ਆਪਣੇ ਹੱਕਾਂ ਦੀ ਰਾਖੀ ਕੀਤੀ ਹੈ।

ਅੱਜ ਇਸ ਸਦਭਾਵਨਾ ਅਤੇ ਏਕਤਾ ਦੀ ਪੁਰਾਣੀ ਰਵਾਇਤ ਨੂੰ ਸਾਡੀ ਕਮਿਉਨਿਟੀ ਵਿਚ ਖਤਮ ਕੀਤਾ ਜਾ ਰਿਹਾ ਹੈ। ਲੋਕਾਂ ਨੂੰ ਧਰਮ ਦੇ ਅਧਾਰ ਤੇ ਵੰਡਿਆ ਜਾ ਰਿਹਾ ਹੈ। ਨਫਰਤ ਅਤੇ ਹਿੰਸਾ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।

ਇਨ੍ਹਾਂ ਗੰਭੀਰ ਖਤਰਿਆਂ ਦਾ ਸਾਡੇ ਲੋਕਾਂ ਨੂੰ ਸਾਹਮਣਾ ਹੈ ਅਤੇ ਇਸ ਲੋੜ ਨੂੰ ਮੁੱਖ ਰੱਖਦਿਆਂ ਕਮਿਉਨਿਟੀ ਦੇ ਮੈਂਬਰਾਂ ਨੇ — ਜੋ ਵਿਅਕਤੀਗਤ ਆਧਾਰ ਅਤੇ ਵੱਖ ਵੱਖ ਸੰਸਥਾਵਾਂ ਦੇ ਪ੍ਰਤੀਨਿਧ ਵੀ ਹਨ ਇਕੱਠੇ ਹੋ ਕੇ ਲੋਕ ਸਦਭਾਵਨਾ ਮੰਚ (Forum for Comunal Harmony) ਦੀ ਸਥਾਪਨਾ ਕੀਤੀ ਹੈ।

ਪੰਜਾਬ ਦੇ ਹਾਲਾਤ ਨੇ ਸਾਰੀ ਕਮਿਉਨਿਟੀ ਦੇ ਅਹਿਸਾਸਾਂ ਨੂੰ ਡੂੰਘੀ ਸੱਟ ਮਾਰੀ ਹੈ। ਲੋਕਾਂ ਦਾ ਗੁੱਸਾ ਜਾਇਜ਼ ਹੈ। ਅਤੇ ਲੋਕਾਂ ਦਾ ਦੁੱਖ ਵੀ ਡੂੰਘਾ ਹੈ ਲੋਕ ਸਦਭਾਵਨਾ ਮੰਚ ਇਸ ਕਾਰਨ ਹੋਂਦ ਵਿਚ ਆਇਆ ਹੈ ਕਿ ਲੋਕਾਂ ਦੇ ਦੁੱਖ ਅਤੇ ਗੁੱਸੇ ਨੂੰ ਗਲਤ ਦਿਸ਼ਾ ਵਿਚ ਨਾ ਵਰਤਿਆ ਜਾਵੇ ਜਿਸ ਨਾਲ ਲੋਕਾਂ ਵਿਚ ਫੁੱਟ, ਦਵੈਤ, ਨਫਰਤ ਅਤੇ ਹਿੰਸਾ ਵਧੇ।

## ਉਦੇਸ਼:

ਲੋਕਾਂ ਵਿਚ ਫਿਰਕੂ ਸਦਭਾਵਨਾ ਕਾਇਮ ਰੱਖਣਾ ਅਤੇ ਉਸਦਾ ਪ੍ਰਚਾਰ ਕਰਨਾ ਅਤੇ ਕਮਿਉਨਿਟੀ ਵਿਚ ਹਿੰਦੂ ਸਿੱਖ ਏਕਤਾ ਬਰਕਰਾਰ ਰੱਖਣਾ।

## ਕੰਮ:

ਲਗਾਤਾਰ ਕਮਿਉਨਿਟੀ ਵਿਚ ਹਾਲਾਤ ਨੂੰ ਮੱਦੇ ਨਜ਼ਰ ਰੱਖਣਾ
— ਫਿਰਕੂ ਨਫਰਤ ਅਤੇ ਹਿੰਸਾ ਦਾ ਸ਼ਿਕਾਰ ਲੋਕਾਂ ਨੂੰ ਸਕੂਨ ਅਤੇ ਮੱਦਦ ਮੁਹੱਈਆ ਕਰਨਾ
— ਲੋਕਾਂ ਵਿਚ ਅਜਿਹੀਆਂ ਕਾਰਵਾਈਆਂ ਨੂੰ ਵਧਦਾ ਫੁਲਦਾ ਰੱਖਣਾ ਜਿਸ ਨਾਲ ਫਿਰਕੂ ਸਦਭਾਵਨਾ ਅਤੇ ਏਕਤਾ ਕਾਇਮ ਰਹੇ
— ਸੋਚ ਵਿਚਾਰ ਅਤੇ ਤਰਕ ਦੀ ਪੱਧਰ ਤੇ ਕਮਿਉਨਿਟੀ ਵਿਚ ਗੱਲਬਾਤ ਜਾਰੀ ਰੱਖਕੇ ਅਜਿਹੀਆਂ ਰੁਚੀਆਂ ਦਾ ਵਿਰੋਧ ਕਰਨਾ ਜਿੰਨ੍ਹਾਂ ਨਾਲ ਸਦਭਾਵਨਾ ਅਤੇ ਏਕਤਾ ਨੂੰ ਠੇਸ ਪਹੁੰਚਦੀ ਹੋਵੇ
— ਸਮਾਜਿਕ, ਧਾਰਮਿਕ ਅਤੇ ਰਾਜਸੀ ਵਿਚਾਰਾਂ ਦਾ ਬਿਨਾਂ ਕਿਸੇ ਡਰ ਤੋਂ ਖੁਲ੍ਹੇ ਪ੍ਰਗਟਾਵੇ ਨੂੰ ਪੱਕਿਆਂ ਕਰਨਾ।

ਨੋਟ: ਸੰਪਰਕ ਸਥਾਪਤ ਕਰਨ ਲਈ ਦੇਖੋ 'ਦਰਪਣ' ਕਾਲਮ ਦਾ ਅਖ਼ੀਰਲਾ ਖ਼ਤ

ਕਹਾਣੀ :

# ਮਾਣਸ ਕੀ ਜਾਤਿ ਸਭੈ...

ਤੇਜ ਸੰਧੂ 'ਸਮਾਜਵਾਦੀ'

"ਸਾਸਰੀਕਾਲ! ਮਾਸਟਰ ਜੀ!! ਉਰੇ ਆਇਓ ਜਰਾ ਗੱਲ ਸੁਣਿਓ," ਸੱਥ ਵਿਚ ਬੈਠੇ ਸੰਤ ਅਮਲੀ ਨੇ ਤੁਰੇ ਜਾਂਦੇ ਕੁਲਜੀਤ ਨੂੰ ਵਾਜ ਮਾਰੀ ਜਿਹੜਾ ਕਿ ਲਾਗਲੇ ਪਿੰਡ ਹੀ ਪੜ੍ਹਾਉਂਦਾ ਸੀ। "ਹਾਂ ਤਾਇਆ ਦੱਸ ਕੀ ਕਹਿਨੈ?" ਸਚ ਤੂੰ ਇਹ ਦੱਸ ਆਹ ਜਿਹੜੀ ਬਾਬੂ 'ਪਰਚਾਂ' ਵਾਲੀ ਗੱਲ ਚਲ ਰਹੀ ਹੈ, ਇਹ ਕੀ ਬਲਾ ਹੈ। ਹਰ ਰੋਜ਼ ਕਾਲੀ ਬੜਾ ਰੌਲਾ ਪਾਉਂਦੇ ਹਨ। ਪਰਸੋਂ ਦਲੀਪ ਸਿਓਂ ਦਾ ਪੋਤਾ ਪੀਂਗਾ ਵੀ ਕਹਿੰਦਾ ਸੀ ਬਈ ਅਖ਼ਬਾਰ ਵਿਚ ਖ਼ਬਰ ਛਪੀ ਹੈ ਕਿ ਫਲਾਣੀ ਤਰੀਕ ---------- ਜਿਵੇਂ ਜੋਗਿਆ ਸੋਹੇ ਤਾਂ ਗਰੇਜੀ ਮਹੀਨੇ ਦੀ ਤਰੀਕ-ਤਰੂਕ ਪੱਲੇ ਨਹੀਂ ਪਈ, ਪਰ ਉਹਨੇ ਅੱਟਾ-ਸੱਟਾ ਲਾ ਕੇ ਦੱਸਿਆ ਸੀ ਕਿ ਆਉਂਦੀ ਤਿਮਾਹੀ ਤੇ ਕਾਲੀਆਂ ਨੇ ਕਹਿੰਦੇ ਕੋਈ ਨਵਾਂ ਮੋਰਚਾ ਦੇਣਾ ਐਲਾਨਕੇ ਲਾਏ, ਹੋਰ ਇਹ ਵੀ ਦੱਸਦਾ ਸੀ ਬਈ ਅੰਮ੍ਰਿਤਸਰ ਵਿਚ ਸਾਰੇ ਕਾਲੀਆਂ ਦਾ ਬੜਾ ਵੱਡਾ ਕੱਠ ਹੋਊਗਾ, ਓਸੇ ਕੱਠ ਤੇ ਕਾਲੀਆਂ ਨੇ ਆਵਦੇ ਆਪਸੀ ਝਗੜੇ ਛੱਡਕੇ ਏਕਤਾ ਕਰ ਲੈਣੀ ਹੈ ਅਤੇ ਫੇਰ ਕਹਿੰਦੇ ਬਾਜ਼ੂਈ ਨੂੰ ਸਬਕ ਦੇਣਗੇ।"

"ਲੈ ਲੈ ਬੱਲੇ ਓਏ ਸੰਤੇ, ਕਰਤੀ ਗੱਲ, ਫੇਰ ਵੀ ਸਾਡੀ ਜਾਤੋਂ ਗੱਤੋਂ ਭੂਆ ਲਗਦੀ ਐਂ, ਇਹਦੀ ਹੈ ਨਾ ਸਹਿਆ ਨੂੰ ਵੇਖਦੇ ਹੈਗੀ, ਜੇ ਇਹ ਕਾਲੀ ਕਠਿਆਇਆ ਦੇ ਵਲ, ਉਹਦੇ ਸਾਰਅਦੇ ਹੋਲੀ ਹੋਲੀ ਕੱਢ ਦੇਣ ਤਾਂ ਮੈਂ ਬਾਗਾਂ, ਦੂਸਰੇ ਦਿਨ ਨਾ ਵੰਸਲਾ ਹੋ ਜਾਏ ਤਾ ਕਹਿ ਦੇਣਾ, ਪਰ ਇਹ ਅਸਲੇ ਆਲੀ ਕਿ ਆਉਂਦੇ ਨਹੀਂ ਉਹ ਇੰਨ੍ਹਾਂ ਨੂੰ ਦੁਆਲਾ ਕੋਈ ਨਹੀਂ।" ਕੋਲ ਬੈਠੇ ਦੁਰਗੇ ਪੰਡਤ ਨੇ ਵਿਚ ਦੀ ਸੁਣਾ ਦਿੱਤੀ।

"ਬਹਿ ਜਾ ਓਏ ਪੰਡਤਾ ਚੁੱਪ ਕਰਕੇ, ਸਾਲਿਓ ਸੰਤੇ ਦੱਤ ਦਲੇਰਿਆਂ ਦਾ ਧਰਮ ਤਾਂ ਅਸੀਂ ਰੱਖਿਆ, ਕੇਤਾ। ਨਹੀਂ ਤਾਂ ਨਹੀਂਗੇ ਨੇ ਮੁਸਲੇ ਬਣਾ ਦੇਣੇ ਸੀ, ਹੁਣ ਗੱਲਾਂ ਆਉਂਦੀਆਂ ਫੇਰ ਪੁੱਛਦੇ ਸੌਤ ਸੰਤਾ।" ਨਾਲ ਬੈਠੇ ਗੁਰਦਿੱਤੇ ਬੁੜ੍ਹੇ ਨੇ ਪੰਡਤ ਵੱਲ ਨੂੰ ਮੂੰਹ ਕਰਕੇ ਕਿਹਾ।

"ਜਾਰ ਚੁੱਪ ਵੀ ਕਰੋ ਵਿਚੇ ਹੀ ਆਪਣਾ ਧੋਤਾ ਭਨਾਕੇ ਬਹਿ ਗਏ, ਪੁੱਛਣੀ ਸੀ ਕੋਈ ਮਾਸਟਰ ਤੋਂ ਪਰਚਾਂ ਦੀ ਗੱਲ ਇਹ ਹੋਰ ਹੀ ਕੁਸ਼ ਕਰਨ ਲਗ ਪਏ।" ਸੰਤੇ ਅਮਲੀ ਨੇ ਅਸਲੀ ਗੱਲ ਤੇ ਆਉਂਦੇ ਹੋਏ ਕਿਹਾ। "ਤਾਇਆ ਤੈਨੂੰ ਕੀ ਦੱਸਾਂ? ਸੱਚੀ ਪੁੱਛਦੈਂ ਤਾਂ ਗੱਲ ਸਿਰੇ ਦੀ ਇਹੋ ਹੀ ਹੈ ਵੱਧ ਅਧਿਕਾਰ ਮਿਲਣ ਜਾਂ ਨਾ ਮਿਲਣ ਪਰ ਤੈਨੂੰ ਮੈਨੂੰ ਕੋਈ ਫਾਇਦਾ ਨਹੀਂ ਹੋਣਾ, ਆਪਣੇ ਤਾਂ ਕੁਝ ਡੰਗ ਹੀ ਵੱਜਣੀ ਹੈ। ਵੱਧ ਅਧਿਕਾਰ ਮਿਲਣ ਦੀ ਸੂਰਤ ਪਟਵਾਰਾ ਤਾ ਓਵੇਂ ਦਾ ਓਵੇਂ ਹੀ ਰਹਿਣਾ, ਰੌਲਾ ਤਾ ਸਾਰਾ ਕੁਰਸੀਆਂ ਦਾ ਹੀ ਹੈ। "ਨਾ ਓਏ ਮਾਸਟਰਾ! ਕੁਰਸੀਆਂ ਦੀ ਗੱਲ ਹੁੰਦੀ ਤਾਂ ਹੁਣ ਨੂੰ ਕਦੋਂ ਦੀ ਨਿੱਬੜੀ ਹੁੰਦੀ, ਸੁਣਿਆ ਕਿ ਹੋੜਿਆਂ 'ਚੋਂ ਜਿਹੜਾ ਸੰਤ ਉਠਿਆ ਬੜਾ ਗਰਮ ਸੁੱਭਾ ਦਾ ਦਸਦੇ ਐ ਥੋੜ੍ਹਾ ਪਾਈ ਤੁਰਿਆ ਆਉਂਦਾ, ਸਾਰੇ ਕਾਲੀ ਲੀਡਰਾਂ ਨੂੰ ਉਹਨੇ ਹੋਕਾ ਦੇ ਕੇ ਕਿਹਾ ਕਿ ਜੇ ਕੁਰਸੀ ਪਿਛੇ ਫਿਰ ਗਏ ਤਾਂ ਦੋਹਾਂ ਅੱਡ ਕਰਦਾ ਦੇਊ। ਨਹੀਂ ਤਾ ਇਹ ਵਿਚੇ ਹੀ ਪਏ ਸੀ, ਅਸਰ ਦੂਰਗਾ ਜਿਹਨੂੰ ਭੂਆ ਕਹਿੰਦਾ ਉਹ ਵੀ ਇੱਕੀ ਬੈਠੀ ਉਹਦੇ ਨਾਂ ਤੋਂ ਸਰ ਸਰ ਕੰਬਦੀ ਹੈ, ਇਕ ਵਾਰ ਸੋਰ ਦੇ ਬੱਚੇ ਨੇ ਦੁਸ਼ਮਨਾਂ ਨੂੰ ਦਿਖਾਣਤਾ ਕਿ ਸਿੱਖ ਵੀ ਹੁੰਦੇ ਐ ਅਰਜਨ ਸਿਉਂ ਪੀਰ ਤੋਂ ਵੀ ਹਿਰਾ ਨਾ ਗਿਆ।

"ਅਰਜਨ ਸਿਆਂ ਤੂੰ ਉਸੇ ਸੰਤ ਦੀ ਗੱਲ ਕਰਦਾਂ ਜੀਹਦੇ ਬਿਆਨ ਅਖ਼ਬਾਰਾਂ ਵਿਚ ਛਪੇ ਸੀ ਕਿ ਹਿੰਦੂਆਂ ਨੂੰ ਸੋਧ ਦਿਓ, ਦੱਸਦੇ ਆ ਇਹ ਵੀ ਕਹਿੰਦਾ ਆ ਲਓ ਪਸੌਲ, ਮੋਟਰ-ਸਾਇਕਲ ਰਖਤੇ ਇਕੋ ਕਿਸੇ ਤੋਂ ਕਰ ਲੈਣਾ ਅਤੇ ਸਾਓ ਕਲਾਹਾ ਆਦਮੀ ਆਵਦੇ ਦੇਗਾਂ ਸੋਹੇ ਕੋਲ ਪਹੁੰਚ ਜਾਓ ਫਿਰ ਮੈਂ ਆਪੇ ਸਾਡੂ ਵਾਰ ਬਈ ਵਾਰ ਕੀ ਕਹਿ ਕੇ ----------------" ਨਾਮਦੇਵ ਦਲੀਪ ਸਿੰਹੂ ਨੇ ਕੁਝ ਗੱਲ ਘੱਟ ਦੇ ਪੂਰੀ ਕੀਤੀ।

"ਹੁਣ ਤੁਸੀਂ ਅਖ਼ਬਾਰਾਂ ਹੀ ਫੋਲੋਗੇ ਜਾਂ ਮੇਰੀ ਵੀ ਸੁਣੋਗੇ?" ਮਾਸਟਰ ਕੁਲਜੀਤ ਨੇ ਫਿਰ ਗੱਲ ਸ਼ੁਰੂ ਕੀਤੀ। "..... ਮੈਂ ਗੱਲ ਕਰਦਾ ਸੀ ਕਿ ਰੌਲਾ ਸਾਰਾ ਕੁਰਸੀਆਂ ਦਾ ਹੀ ਹੈ ਉਦੋਂ ਹੀ ਸੈਂਤਾਲੀ ਵਾਲੇ ਹਾਲ ਬਣ ਰਹੇ ਹਨ, ਓਦੋਂ ਵੀ ਰੌਲਾ ਕੁਰਸੀ ਪਿਛੇ ਹੀ ਸ਼ੁਰੂ ਅਤੇ ਜਿਨਾਹ ਦਾ ਪਿਆ ਸੀ, ਗੱਲ ਨਾ ਬਣਦੀ ਵੇਖਕੇ ਜਿਨਾਹ ਪਾਕਿਸਤਾਨ ਲੈ ਕੇ ਵੱਖਰਾ ਹੋ ਗਿਆ ਉਨ੍ਹਾਂ ਨੇ ਆਪੇ ਆਪਣੀਆਂ ਕੁਰਸੀਆਂ ਸਾਂਭ ਲਈਆਂ। ਮਰ ਗਏ ਕੌਣ? ਆਪਣੇ ਹੀ ਵੱਡ ਭਾਈ ਇਕੋ ਖ਼ੂਨ, ਇਕੋ ਰੰਗ ਰੂਪ ਇਕੋ ਹੀ ਕਲਚਰ, ਐਸੀ ਨਫ਼ਰਤ ਦੀ ਉਨ੍ਹਾਂ ਕੰਧਰ ਲੀਡਰਾਂ ਨੇ ਅੱਗ ਬਾਲੀ, ਭਾਵੇਂ ਬਣ ਬਣ ਉਠੇ, ਇਕਸਾਲੀਸਾਤ ਕਤਲ ਹੋਈ, ਕਿਸੇ ਨੇ ਕਿਸੇ ਦੀ ਆਵਾਜ਼ ਨਹੀਂ ਸੁਣੀ, ਸੋਗ ਤਾ ਉਸ ਸੌਕੇ ਦਾ ਜਨਮ ਹੀ ਹੈ ਪਰ ਕੁਰਸੀ ਤਾਂ ਸਾਰਾ ਕੁਝ ਸਾਹਮਣੇ ਹੋਇਆ।"

"ਅੱਛਾ! ਇਹ ਦੱਸੋ ਮਾਸਟਰ ਜੀ। ਤੂੰ ਸੈਂਤਾਲੀ ਉਸੇ ਨੂੰ ਕਹਿੰਦਾ ਜਿਹਨੂੰ ਅਸੀ ਅਜਪਾਲ, ਹਲਾਚਲ ਜਾਂ ਰੌਲਾ-ਗੌਲਾ ਕਹਿ ਦਿੰਦੇ ਹਾਂ?" ਸੰਤੇ ਨੇ ਵਿਚੋਂ ਹੀ ਪੁੱਛਿਆ, "ਜੇ ਤੂੰ ਉਸੇ ਦੀ ਗੱਲ ਕਰਦੈਂ, ਬਈ ਓਦੋਂ ਤਾਂ ਥੱਸ ਮੁੱਛ ਹੀ ਨਾ ਆਪਣੇ ਪਿੰਡ ਵਿਚ ਇੰਗਲਾ ਵਾਲਾ ਖ਼ੂਹ ਵਸਦਾ ਸੀ। ਉਸ ਵਿਚ ਸੁੱਕੇ ਕੱਟੂ ਲੋਕਾਂ ਨੇ ਟਲ ਟਲ ਜਿਉਂਦੇ ਆਦਮੀ ਸੁੱਟੇ ਸੀ। ਇਕ ਜੇਗਾ ਕਾਰ ਹਲਵਾਈਆ ਹੁੰਦਾ ਸੀ ਹੋਰ ਘੁਲਾਰੀਆ ਬੜਾ ਤਕੜਾ ਹੁੰਦਾ ਸੀ, ਨੇੜੇ ਤੇੜੇ ਦੇ ਪਿੰਡਾਂ ਵਿਚ ਉਹ ਦੀ ਕੋਈ ਕਬੂਤ ਦਾ ਕਿਸੇ ਨੂੰ ਜੀਆ ਨਹੀਂ ਪੈਂਦਾ ਸੀ। ਉਸ ਸੌਕੇ ਮੈਂ ਵੀ ਮੁੱਛ ਫੁੱਟ ਰਹਿੰਦਾ ਕਰਾਉਂਦਾ ਗੱਭਰੂ ਸੀ ਹੁਣ ਤਾਂ ਮਾਰ ਲਏ ਨਸ਼ਿਆਂ ਨੇ - ਸਰੀਰ ਝੂਰ ਕੇ ਕਮਾਨ ਹੋ ਗਿਆ। ਇਸੇ ਕੰਜਰ ਸੁੱਕੇ ਨੇ ਉਸ ਜੇਗੇ ਕਾਰ ਨੂੰ ਮਾਰਕੇ ਉਸੇ ਖ਼ੂਹ ਵਿਚ ਸੁਟਿਆ ਸੀ। ਪਰ ਦੇਖ ਲੈ। ਅਜ ਸੁੱਕੇ ਦੇ ਘਰ ਰੋਟੀ ਵੀ ਨਹੀਂ ਪੱਕਦੀ, ਜੰਜੇ ਤੇ ਪਿਆ ਤੜਫਦੈਂ ਕੋਈ ਪਾਣੀ ਦੇਣ ਵਾਲਾ ਵੀ ਨਹੀਂ, ਸਾਲਾ ਸੰਤ ਪੈ ਕੇ ਮਰੂ।"

"ਹਾਂ ਹਾਂ ਤਾਇਆ ਉਸੇ ਨੂੰ ਹੀ ਸੈਤਾਨੀ ਕਹਿੰਦੇ ਹਨ ਇੱਥੇ. ਨਜ਼ਰ ਕਰੀਮ ਦੀ ਗੱਲ ਜਦ ਕਰ ਉਸ ਸੌਦੇ ਹਜ਼ਾਰਾਂ ਹੀ ਹਜ਼ਾਰ ਕਰੀਮ ਜੈਸੇ ਦੀ ਜੋਈ ਸੁਣਾ ਦਿੱਤੇ ਜਾਣ। ਕੀ ਰਾਜਗੁਰੂ, ਸੁਖਦੇਵ, ਭਗਤ ਸਿੰਘ ਅਤੇ ਸਰਾਭੇ ਹੋਰੀਂ ਇਹੋ ਜਿਹੀ ਅਜ਼ਾਦੀ ਲਈ ਫਾਂਸੀ ਚੜ੍ਹੇ ਸਨ ਕਿ ਦਿਨ ਦਿਹਾੜੇ ਕਤਲ ਹੋਈ ਜਾਣ, ਸ਼ਰੇਆਮ ਬੈਂਕ ਲੁੱਟੀਆਂ ਜਾਣ, ਮਾਂਵਾਂ ਭੈਣਾਂ ਦੀ ਇੱਜ਼ਤ ਲੁੱਟੇ? ਨਹੀਂ। ਨਹੀਂ।। ਉਨ੍ਹਾਂ ਦਾ ਤਾਂ ਸੁਪਨਾ ਹੀ ਹੋਰ ਸੀ ਅੱਜ ਦੇ ਆਗੂਆਂ ਨੇ ਉਨ੍ਹਾਂ ਦੇ ਸੁਪਨੇ ਦੀ ਤਸਵੀਰ ਨੂੰ ਪੁੱਠੇ ਪਾਸਿਓਂ ਲਟਕਾ ਦਿੱਤਾ ਹੈ। ਅੱਜ ਵੀ ਉਹੋ ਹੀ ਗੱਲਾਂ ਦੁਹਰਾਈਆਂ ਜਾ ਰਹੀਆਂ ਹਨ ਜੋ ਸੈਤਾਨੀ ਹੋਣ ਸੀ। ਜਦ ਆਗੂਆਂ ਦੀ ਕੁਰਸੀ ਦਾ ਕੋਈ ਪਾਵਾ ਹਿਲਦਾ ਦਿਸਦਾ ਤਾਂ ਉਹ ਧਰਮ ਜਾਂ ਕਰਮ ਦੇ ਨਾਂ ਦਾ ਰੌਲਾ ਦੇ ਕੇ ਲੋਕਾਂ ਵਿਚ ਫੁੱਟ ਪਾ ਦਿੰਦੇ ਨੇ, ਫੁੱਟ, ਅੰਗਰੇਜ਼ਾਂ ਦੀ ਵੀ ਇਹੋ ਹੀ ਪਾਲਿਸੀ ਸੀ। ਪਰ ਹੁਣ ਵਾਲੇ ਕਾਲੇ ਅੰਗਰੇਜ਼ ਉਨ੍ਹਾਂ ਤੋਂ ਵੀ ਉੱਤੇ ਦੀ ਹਨ।"

"ਅਤੇ ਬਾਕੀ ਗੱਲ ਤੇਰੀ ਸਹੀ ਹੈ ਉਹ ਫੇਰ ਵੀ ਕਿੰਨੇ ਸੀ ਕੁਝ' ਆਜ਼ਾਦੀ ਸੀ ਉਨ੍ਹਾਂ ਵਿਚ। ਸੀ ਤਾਂ ਉਹ ਵੀ ਕੱਟੇ ਦੇ ਸਾਲੇ ਹੀ ਜਿਹੜੇ ਆਪਣੇ ਤੋਂ ਰਾਜ ਕਰਦੇ. ਪਰ ਫੇਰ ਵੀ ਹੁਣ ਵਾਲਿਆਂ ਨਾਲੋਂ ਚੰਗੇ ਸੀ। ਹੁਣ ਦੀ 'ਆਜ਼ਾਦੀ' ਦੇਖ ਕੇ ਆਪਣੇ ਪਿੰਡ ਜਿਹੜਾ ਫੌਜੀ ਵਾਲਾ ਖਾਲਾ ਪੱਕਾ ਕੀਤਾ ਸੀ ਫੇਰ ਦੇਸ਼ਿਆਂ ਨੇ ਅੱਖਿਓਂ ਫੇਰ ਸੀਮਿੰਟ ਡੋਲ ਤਾ ਸੂਏ ਸੂਏ ਸਾਲਾ ਪਰਾਉਂਦੇ ਜਾਣ ਸਰਦੇ ਸਰਦ ਟੁੱਟਦਾ ਜਾਵੇ, ਗੱਲ, ਸੁੱਕਦੀ ਸਜਾਂ ਕੇ ਸਹਿਣੇ ਪਾਲੇ ਨੇ ਕੱਢੇ। ਗਰੇਜ਼ਾਂ ਵੇਲੇ ਦੇ ਸੂਏ- ਸਹਿਰਾਂ ਦੇ ਪੁੱਲ ਹਾਲ ਤੀਕ ਉਨ੍ਹਾਂ ਦੇ ਉਂਦਾਂ ਹੀ ਖੜ੍ਹੇ ਹਨ ਹੁਣ ਵਾਲੇ ਤਾਂ ਸਾਲਿਆਂ ਨੂੰ ਰੋਗ ਲਾ ਕੇ ਸੜੀਆਂ ਦੀ ਸ਼ਾਂ ਪਾ ਦਿੰਦੇ ਹਨ, ਪੁੱਲ ਉਨ੍ਹਾਂ ਦੀ ਭੈਣ ਦਾ ਸੌਦਾ ਖੜੇ ਰਹਿਣ?" ਅੱਧਖ ਖੁਸਿਆਲ ਨੇ ਗੱਲ ਇਉਂ ਹੀ ਲੜੀ ਲਈ ਉਹਦੇ ਬੋਲ ਤੋਂ ਮਲੂਮ ਹੁੰਦਾ ਸੀ ਕਿ ਉਹਦੀ ਕੁਆਰੀ ਭਰ ਲਈ ਹੋਈ ਹੈ।

"ਖੁਸਿਆਲਾ ਜਾ - ਜਾਦੇ ਆਦਮੀ ਆਦੀ ਨੂੰ ਕਿਸੇ ਆਖਿਆ ਸਾਲਾ ਆਦਮੀਆਂ ਹੀ ਇੱਥੇ ਲੈ ਕੇ ਬਹਿ ਗਿਆ। ਹਾਂ ਮਾਸਟਰ, ਦਸ ਬਾਕੀ ਸਾਡੀ ਗੱਲ ਸੋਹਣੀ ਬਾਬਤ ਤੈਨੂੰ ਪਤਾ ਕੀਤਾ?" ਸੰਤੇ ਅਮਲੀ ਨੇ ਮਾਸਟਰ ਕੁਲਜੀਤ ਨੂੰ ਗੱਲ ਅੱਗੇ ਤੋਰਨ ਲਈ ਕਿਹਾ।

ਕੁਲਜੀਤ ਨੇ ਸੋਚਾਂ 'ਚ ਡੁੱਬੇ ਹੋਏ ਨੇ ਗੱਲ ਸ਼ੁਰੂ ਕੀਤੀ---- "ਹੁਣ ਵਾਲੇ ਲੀਡਰ ਲੋਕਾਂ ਨੂੰ ਧਰਮ ਦੇ ਨਾਂ 'ਤੇ ਲੜਾ ਰਹੇ ਹਨ। ਇਹ ਕਿੱਥੋਂ ਦੀ ਇਨਸਾਨੀਅਤ ਹੈ ਕਿ ਬੱਸਾਂ ਵਿੱਚੋਂ ਇੱਕੋ ਫਿਰਕੇ ਦੇ ਲੋਕ ਕੱਢ ਕੇ ਕਤਲ ਕੀਤੇ ਜਾਣ, ਚਾਹੇ ਉਹ ਹਿੰਦੂ ਹੋਣ, ਮੁਸਲਮਾਨ ਜਾਂ ਸਿੱਖ। ਕੀ ਉਹ ਆਦਮੀ ਨਹੀਂ? ਕੀ ਉਹ ਉਸੇ ਰੱਬਦੇ ਬਣਾਏ ਨਹੀਂ? ਕੀ ਉਨ੍ਹਾਂ ਚ ਕੋਈ ਖੂਨ ਦੌੜਦਾ? ਰੱਬ ਤਾਂ ਦੱਸੋ, ਕੋਈ ਫ਼ਰਕ ਦਿਸਦੈ। ਤਾਇਆ ਇਕ ਗੱਲ ਦੱਸ ਤੂੰ ਬੱਸ ਵਿਚ ਬੈਠਾ ਕਿਤੇ ਜਾਂਦਾ ਹੋਵੇਂ, ਰਾਹ ਵਿਚ ਪੰਜ ਚਾਰ ਆਦਮੀ ਸਟੇਨ ਗੰਨਾਂ ਨਾਲ ਬੱਸ ਖੜੀ ਕਰਵਾ ਲੈਣ ਅਤੇ ਇਹ ਕਹਿਣ ਕਿ ਪੱਗਾਂ ਵਾਲੇ ਸਾਰੇ ਸਿੱਖ ਥੱਲੇ ਉਤਰੋ ਤੇ ਬਾਕੀਆਂ ਨੂੰ ਬੰਦੂਕ ਦੀ ਗੋਲੀਆਂ ਨਾਲ ਭੁੰਨ ਦੇਣ, ਦੱਸ ਇਹ ਕੋਈ ਇਨਸਾਫ਼ ਵਾਲੀ ਗੱਲ ਹੋਈ?"

"ਇਹ ਤਾਂ ਫਿਰ ਜੱਗੋਂ ਤੇਰ੍ਹਵੀਂ ਹੋਗੀ। ...... ਜੇ ਉਹ ਕਰਨਗੇ ਅਤੇ ਸਿੱਖ ਵੀ ਬੱਸ ਖੜੀ ਕਰਕੇ ਹਿੰਦੂ ਮਾਰ ਦੇਣਗੇ, ਗੱਲ ਤਾਂ ਫੇਰ ਹੀ ਬਰਾਬਰ ਹੋਊ।" ਸੰਤੇ ਨੇ ਗੱਲ ਹੌਲੀ ਹੌਲੀ ਪੂਰੀ ਕੀਤੀ।

ਇਹੋ ਹੀ ਤਾਂ ਗੱਲ ਮੈਂ ਤੁਹਾਡੇ ਵਿਚੋਂ ਕੱਢਦਾ ਸੀ, ਹਿੰਦੂਆਂ ਨੇ ਸਿੱਖ ਮਾਰ'ਤੇ ਸਿੱਖਾਂ ਨੇ ਹਿੰਦੂ ਮਾਰ'ਤੇ। ਜੋ ਪਹਿਲੇਂ ਕਸੂਰ ਕੀ ਸੀ ਉਨ੍ਹਾਂ ਬੱਸ ਵਿਚ ਬੈਠੇ ਸਾਧਾਰਣ ਲੋਕਾਂ ਦਾ, ਜਿਹੜੇ ਇਹੋ ਕਿ ਜ਼ਿੰਦਗੀ ਦਾਲ ਨੂੰ ਕੰਮ ਸੌਦੇ ਬਾਹਰ ਜਾਂਦਾ ਹੀ ਪੈਂਦਾ ਸੀ, ਉਹ ਤਾਂ ਕੇ, ਖ਼ਬਰ ਸਾਰੇ ਇੰਨਾ ਸਾਰਸਿਕ ਜਿਆਸੀ ਲੀਡਰਾਂ ਦੀਆਂ ਕਰਤੂਤ ਕਰਵਾਈਆਂ ਤੋਂ, ਅੱਖਾਂ ਚੋਣੋਂ, ਮਨੁੱਖਤਾ ਨੂੰ ਕਤਲ ਹੋਏ ......"

ਮਾਸਟਰ ਕੁਲਜੀਤ ਦੇ ਕਹਿਣ ਅਜੇ ਮੂੰਹ ਵਿਚ ਹੀ ਸਨ ਕਿ ਪੰਜ ਸੱਤ ਇੱਕਠੀਆਂ ਹੀ ਗੋਲੀਆਂ ਚਲਣ ਦੀ ਆਵਾਜ਼ ਆਈ। ਅਗਲੇ ਮਿੰਟ ਹੀ ਮੋਟਰ ਸਾਇਕਲ' ਤੇ ਦੋ ਸਵਾਰ ਹਨੇਰੀ ਵਾਂਗ ਲੰਘ ਦੀ ਲੰਘ ਗਏ। ਜਿਸ ਗਲੀ ਵਿਚੋਂ ਮੋਟਰ ਸਾਇਕਲ ਆਇਆ ਸੀ ਉਧਰੋਂ ਚੀਕ- ਚਿਹਾੜੇ ਦੀਆਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ। ਸਾਰੇ ਸੱਥ ਵਿਚ ਬੈਠੇ ਲੋਕੀਂ ਉਧਰ ਨੂੰ ਨੱਸ ਤੁਰੇ, ਸਾਰੀ ਭੀੜ ਕਪੜੇ ਦੀ ਦੁਕਾਨ ਵਾਲੇ ਪੰਮੂ ਬਾਣੀਏ ਦੇ ਘਰ ਮੂਹਰੇ ਇੱਕਠੀ ਹੋ ਗਈ। ਪੰਮੂ ਬਾਣੀਏ ਦੀ ਲਾਸ਼ ਗੋਲੀਆਂ ਨਾਲ ਛਲਣੀ ਹੋਈ ਪਈ ਸੀ, ਲਹੂ ਨਾਲ ਲੱਥ ਪੱਥ ਲੋਥ ਉੱਤੇ ਪੰਮੂ ਦੇ ਘਰ ਵਾਲੀ ਵਿਲਕਦੀ ਵੇਖੀ ਭਿੱਜੀ ਹੋਈ ਦੇ ਵੈਣ ਸੁਣੇ ਨਹੀਂ ਜਾਂਦੇ ਸਨ।

ਇੱਕ ਵਿਚ ਖ਼ਬਰ ਸ਼ਹਿਰ ਹੋ ਗਈ ਸੀ ਅੱਤਵਾਦੀ ਗੋਲੀਆਂ ਮਾਰਕੇ ਫਰਾਰ ਹੋ ਗਏ ........ ਪੈਂਦੀ ਕੀ ਪਤੇ, ਕਿਸੇ ਨੇ ਲਲਕਾਰੀ ਨਾਲ ਸਰਕਾਇਆ, ਆਖ ਆਪੇ ਖੂਨ ਤਾਂ ਅੱਤਵਾਦੀਆਂ ਦੇ ਸਿਰ ਹੀ ਪੈ ਜਾਊ ਕੋਈ ਕਿਸੇ ਨੂੰ ਕਹਿ ਰਿਹਾ ਸੀ।

"ਨਹੀਂ ਨਹੀਂ ਇਹ ਹਰ ਰੋਜ਼ ਇਹੋ ਪ੍ਰਚਾਰ ਕਰਦਾ ਸੀ ਕਿ ਹਰਿਮੰਦਰ ਸਾਹਿਬ ਵਿਚ ਗਲਤ ਕੰਮ ਹੋ ਰਹੇ ਹਨ ਤਾਂ ਕੁ ਲੜਕੇ ਉਥੇ ਲੁਕੇ ਹੋਏ ਹਨ, ਅੱਜ ਹਰਿਆ ਹੀ ਕੋਈ ਹੁੰਦਾ ਹੈ, ਇਹ ਸੁਣਦੇ ਸਾਇਦ ਇਹਨੂੰ ਵੀ ਉਨ੍ਹਾਂ ਨੇ ਹੀ----" ਕਾਮਰੇਡ ਦਲੀਪ ਸਿੰਘ ਕਿਸੇ ਦੇ ਕੰਨ ਵਿਚ ਕਹਿ ਰਿਹਾ ਸੀ।

ਕੁਝ ਲੋਕਾਂ ਨੇ ਵਿਲਕਦੀ ਵੇਲੀ ਨੂੰ ਲੋਥ ਤੋਂ ਪਾਸੇ ਕਰਕੇ ਉਸਦੇ ਸੁੰਨੜੇ ਪਾਣੀ ਦੇ ਦੋ ਘੁੱਟ ਪਿਆਏ ਅਤੇ ਲੋਥ ਨੂੰ ਕਪੜਾ ਦੇ ਕੇ ਢੱਕ ਦਿੱਤਾ। ਸਾਰੇ ਪਿੰਡ ਵਿਚ ਸੰਨਾਟਾ ਹੀ ਛਾ [illegible] ਹਰ ਇਕ ਦੇ ਮੂੰਹੋਂ ਇਹ ਆਵਾਜ਼ ਆ ਰਹੀ ਸੀ, ਅਨਰਥ ਹੋ ਗਿਆ ਓਏ। ਇਸ ਸ਼ਹਿਰ ਦਾ ਕੀ ਬਣੂ, ਦਿਨ- ਦਿਹਾੜੇ ਇਹ ਕਲੋਹਣੀ ਜੰਗੀਰਦਾਰੀ ਸਰਕਾਰ ਮਨੁੱਖਤਾ ਦੇ ਕਤਲ ਕਰ ਰਹੀ ਹੈ। ਗੁਰਦੁਆਰੇ ਦੇ "ਭਾਈ ਜੀ" ਦੀ ਸਪੀਕਰ ਵਿਚ ਜੀ ਪਾਠ ਪੜ੍ਹ ਰਹੇ ਦੀ ਆਵਾਜ਼ ਆ ਰਹੀ ਸੀ ···· "ਮਾਨਸ ਕੀ ਜਾਤਿ, ਸਭੈ ·····"

# R.S. FOODS

7563 - 6th Street,
Burnaby, B.C. V3N 3M4

PH: 522-4937

ਹਰ ਪ੍ਰਕਾਰ ਦੀਆਂ ਦਾਲਾਂ, ਮਸਾਲੇ, ਅਚਾਰ ਤੇ ਹੋਰ ਭਾਰਤੀ ਗਰੋਸਰੀ ਲਈ ਸਾਡੇ ਸਟੋਰ ਤੇ ਦਰਸ਼ਨ ਦਿਓ!

ਵਿਆਹ, ਅਖੰਡ ਪਾਠ ਅਤੇ ਹੋਰ ਸਮਾਗਮਾਂ ਲਈ ਵਿਸ਼ੇਸ਼ ਰਿਆਇਤ !!

ਤਾਜ਼ਾ ਬੱਕਰੇ ਦਾ ਮੀਟ, ਮੁਰਗੇ ਦੀਆਂ ਲੱਤਾਂ, ਹਰੀਆਂ ਤਾਜ਼ਾ ਸਬਜ਼ੀਆਂ, ਵੀਡੀਓ ਮੂਵੀਜ਼ ਲਈ ਕਿਰਪਾ ਕਰਕੇ ਸਾਡੇ ਸਟੋਰ ਤੇ ਜ਼ਰੂਰ ਦਰਸ਼ਨ ਦਿਓ !!!

ਤੁਹਾਡਾ ਹਰ ਇੱਕ ਦਾ ਸਟੋਰ 'ਤੇ ਆਉਣ ਦਾ ਸੁਆਗਤ ਹੈ !!!!

STORE HOURS:
MON. thru THURS. / SAT. : 10:00 AM - 7:00 P.M.
FRIDAY: 10:00 A.M. - 9:00 P.M.
SUNDAY: 11:00 A.M. - 7:00 P.M.



# VICON MEDIC PHARMACY

ਵਾਈਕਾਨ ਫਾਰਮੇਸੀ

ਤੁਹਾਡੀ ਸਹੂਲਤ ਲਈ 6407 ਮੇਨ ਸਟਰੀਟ 'ਤੇ ਖੁੱਲ੍ਹ ਗਿਆ ਹੈ। ਇੱਥੋਂ ਤੁਸੀਂ ਦਵਾਈਆਂ ਅਤੇ ਹੋਰ ਲੋੜੀਂਦਾ ਸਮਾਨ ਬਹੁਤ ਹੀ ਸਸਤੀਆਂ ਕੀਮਤਾਂ 'ਤੇ ਖਰੀਦ ਸਕਦੇ ਹੋ।

ਖੁਦ ਆਓ ਅਤੇ ਅਜ਼ਮਾ ਕੇ ਦੇਖੋ :

**TEL: 324-3177**

KENNY K. H. NG B.Sc. (PHARM.) R.P.E.B.C.


PAUL C. Y. FU B.Sc. (PHARM.) R.P.E.B.C.

**6407 MAIN ST.
VANCOUVER, B.C.**



# PAUL'S

***PLUMBING & ELECTRICAL SUPPLY***



'OPEN ON SUNDAYS TOO'

**DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS? OUR PRICES ARE VERY COMPETITIVE AND WE ASSURE YOU WE WILL HAVE EVERYTHING FOR YOU TO FINISH YOUR JOB.**

*Contact Paul At:*
*4774 Main St. (at 32nd) Vancouver, B.C.*
*PH: 872-3118* Supply
*872-7227* Service



# ਬੁੱਕ ਕੀਪਿੰਗ, ਅਕਾਂਊਟਿੰਗ ਅਤੇ ਇਨਕਮ ਟੈਕਸ ਸਬੰਧੀ

ਤਜਰਬੇਕਾਰ ਸਲਾਹ ਮਸ਼ਵਰੇ ਲਈ

ਮਿਲੋ ਜਾਂ ਫ਼ੂਨ ਕਰੋ

ਰਣਜੀਤ ਸਿੰਘ ਬੈਂਸ

REMEMBER
FOR ACCOUNTING, BOOKKEEPING
INCOME TAX.
CALL OR VISIT

RANJIT SINGH BAINS

BAINS TAX & ACCOUNTING SERVICES
10-6679 MAIN STREET., VAN., B.C.
321-2132

# ਫੌਜੀ ਬੂਟਾਂ ਹੇਠ ਲਿਤਾੜੀ ਗਈ ਇਹ ਪੰਜਾਬ ਦੀ ਧਰਤੀ

(ਧੰਨਵਾਦ ਸਹਿਤ 'ਹਿਰਾਵਲ ਦਸਤਾ ਜੁਲਾਈ-ਅਗਸਤ 84 'ਚੋਂ )

ਪੰਜਾਬ ਦੀ ਧਰਤੀ ਤੇ ਕੀਤਾ ਗਿਆ ਇੰਦਰਾ ਸਰਕਾਰ ਦਾ ਫੌਜੀ ਐਕਸ਼ਨ ਇਤਿਹਾਸ ਵਿਚ ਕਾਲੇ ਅੱਖਰਾਂ ਨਾਲ ਉਕਰਿਆ ਜਾਵੇਗਾ ਜੋ ਆਉਣ ਵਾਲੀਆਂ ਪੀੜੀਆਂ ਵੀ ਇਸ ਭਿਆਨਕ ਕਤਲੋਗਾਰਦ ਦਾ ਦ੍ਰਿਸ਼ ਅਨੁਭਵ ਕਰਦੀਆਂ ਰਹਿਣਗੀਆਂ। ਜਿਸ ਵਿਚ ਪੰਜਾਬ ਦੀ ਧਰਤੀ ਨੂੰ ਫੌਜੀ ਬੂਟਾਂ ਹੇਠ ਲਿਤਾੜਿਆ ਗਿਆ ਅਤੇ ਸੰਗੀਨਾਂ ਦੀਆਂ ਨੋਕਾਂ ਨਾਲ ਆਪਣੇ ਹੀ ਦੇਸ ਦੇ ਲੋਕਾਂ ਦੀਆਂ ਛਾਤੀਆਂ ਵਿੰਨੀਆਂ ਗਈਆਂ। ਕਿੱਡਾ ਵੱਡਾ ਭਰਮ ਸੀ ਪੰਜਾਬੀ ਕੌਮ ਨੂੰ ਕਿ ਹਿੰਦੋ-ਸਤਾਨ ਦੀ ਫੌਜ ਸਿਰਫ ਦੇਸ਼ ਦੀਆਂ ਸਰਹੱਦਾਂ ਤੇ ਲੜਨ ਵਾਲੀ ਸੈਨਾ ਹੈ ਪਰ ਅੱਜ ਇਹਨਾਂ ਫੌਜੀ ਸੈਨਿਕਾਂ ਲਈ ਪੰਜਾਬ ਦਾ ਹਰ ਬੱਚਾ ਦੁਸ਼ਮਣ ਹੈ, ਹਰ ਨੌਜਵਾਨ ਬਾਗੀ ਹੈ ਅਤੇ ਹਰ ਬੁਜ਼ੁਰਗ ਦੇਸ਼ ਦੀ ਸੁਰਖਿਅਤਾ ਲਈ ਖਤਰਾ ਹੈ ਪੰਜਾਬ ਦੇ ਉਹ ਪਿੰਡ ਤੇ ਸ਼ਹਿਰ ਜਿੰਨ੍ਹਾਂ ਦੇ ਹਾਸਿਆਂ ਵਿਚ ਪਿਛਲੇ ਤਿੰਨ ਸਾਲ ਤੋਂ ਫਿਰਕੂ ਜਨੂੰਨੀਆਂ ਨੇ ਜ਼ਹਿਰ ਘੋਲੀ ਸੀ ਅੱਜ ਉਹਨਾਂ ਦੀਆਂ ਸਮਸਿਆਵਾਂ ਦਾ ਰਾਜਸੀ ਹੱਲ ਲੱਭਣ ਦੀ ਬਜਾਇ ਵਕਤ ਦੀ ਸਰਕਾਰ ਨੇ ਲੋਕਾਂ ਦੀਆਂ ਛਾਤੀਆਂ ਵਲ ਸੰਗੀਨਾਂ ਸੇਧਿਤ ਕਰ ਦਿਤੀਆਂ ਹਨ। ਨਿਰਸੰਦੇਹ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਕਤਲ ਕਾਂਡ ਲਈ ਜ਼ੁਮੇਵਾਰ ਸਾਰੀਆਂ ਧਿਰਾਂ ਨੂੰ ਪੰਜਾਬ ਦੇ ਲੋਕ ਕਦੀ ਮੁਆਫ ਨਹੀਂ ਕਰਨਗੇ। ਪੰਜਾਬ ਵਿਚਲੇ ਫੌਜੀ ਰਾਜ ਦੇ ਸਮੇਂ ਹੋਏ ਜਬਰ ਜ਼ੁਲਮ ਦੀ ਕਹਾਣੀ ਤਾਂ ਬਹੁਤ ਲੰਮੀ ਹੈ। ਅਸੀਂ ਇਸਨੂੰ ਇਤਨੇ ਵਿਸਥਾਰ ਸਾਹਿਤ ਤੇ ਨਹੀਂ ਛਾਪ ਸਕਾਂਗੇ, ਪਰ ਪੰਜਾਬ ਵਿਚ ਫੌਜੀ ਕਾਰਵਾਈ ਦੌਰਾਨ ਵਾਪਰੀਆਂ ਘਟਨਾਵਾਂ ਤੇ ਹਰਿ ਮੰਦਰ ਸਾਹਿਬ ਵਿਚਲੀ ਦਰਦਨਾਕ ਕਤਲੋ ਗਾਰਦ ਪ੍ਰਤੀ ਜੋ ਵੇਰਵੇ ਅਸੀਂ ਹਰ ਕੋਸ਼ਿਸ਼ ਕਰਕੇ ਪ੍ਰਾਪਤ ਕਰ ਸਕੇ ਹਾਂ ਉਹ ਅਸੀਂ ਪਾਠਕਾਂ ਤਕ ਪਹੁੰਚਾਉਣ ਦਾ ਯਤਨ ਕਰਦੇ ਹੋਏ ਹਿਰਾਵਲ ਦਸਤਾ ਵਿਚ ਛਾਪ ਰਹੇ ਹਾਂ।

[ਸੰਪਾਦਕ]

30 ਮਈ ਨੂੰ ਇੰਦਰਾ ਸਰਕਾਰ ਨੇ ਪੰਜਾਬ ਨੂੰ ਫੌਜੀ ਰਾਜ ਅਧੀਨ ਕਰਨ ਦਾ ਫੈਸਲਾ ਕਰ ਲਿਆ। ਇਸ ਸਬੰਧੀ ਹੋਈ ਮੀਟਿੰਗ 'ਚ ਪਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ, ਜਨਰਲ ਵੈਦਯਾ, ਗ੍ਰਹਿ ਮੰਤਰੀ ਸ੍ਰੀ ਪੀ. ਸੀ. ਸੇਠੀ ਤੇ ਹੋਰ ਉਚ ਅਧਿਕਾਰੀ ਸ਼ਾਮਲ ਹੋਏ ਅਤੇ ਇਸ ਫੈਸਲੇ ਮੁਤਾਬਕ ਮੇਰਠ ਦੀ 9 ਇਨਫੈਂਟਰੀ ਡਵੀਯਨ ਨੇ ਰਾਤੋ ਰਾਤ ਹੀ ਪੰਜਾਬ ਵਲ ਕੂਚ ਕੀਤਾ। ਇਸ ਮਿਲਟਰੀ ਐਕਸ਼ਨ ਨੂੰ ਖੁਫੀਆ ਤੌਰ ਤੇ ਬਿਲਿਊ ਸਟਾਰ ਔਪਰੇਸ਼ਨ ਦਾ ਨਾਂ ਦਿਤਾ ਗਿਆ। ਪੰਜਾਬ ਦੇ ਲੋਕਾਂ ਲਈ ਜਿਤਨਾ ਦਰਦਨਾਕ, ਭਿਆਨਕ ਤੇ ਤਬਾਹਕੁੰਨ ਸਿਟਿਆਂ ਵਾਲਾ ਇਹ ਫ਼ੈਸਲਾ ਸੀ। ਉਸ ਦੀ ਗਵਾਹੀ ਹਮੇਸ਼ਾ ਹੀ ਇਤਿਹਾਸ ਦੇ ਪੰਨਿਆਂ ਉਪਰ ਕਾਲੇ ਅੱਖਰਾਂ 'ਚ ਉਕਰੀ ਰਹੇਗੀ।

ਇੰਦਰਾ ਗਾਂਧੀ ਨੇ ਆਪਣੇ ਇਸ 30 ਮਈ ਦੇ ਫੈਸਲੇ ਨੂੰ ਐਲਾਨ ਕਰਨ ਤੋਂ ਪਹਿਲਾਂ ਬੜੇ ਨਾਟਕੀ ਢੰਗ ਨਾਲ 2 ਜੂਨ ਸਾਮ ਨੂੰ ਟੈਲੀਵੀਜਨ ਤੇ ਰੇਡੀਉ ਉਪਰ ਇਕ ਕੌਮ ਦੇ ਨਾਮ ਸੰਦੇਸ਼ ਦਿੱਤਾ। ਅਤੇ ਉਸ ਨੇ ਅਕਾਲੀ ਦਲ ਨੂੰ ਚਿਤਾਵਨੀ ਦਿੱਤੀ ਕਿ ਉਹ ਆਪਣਾ ਅੰਦੋਲਨ ਵਾਪਸ ਲੈ ਲਵੇ ਅਤੇ ਨਾਲ ਹੀ ਇਹ ਵੀ ਐਲਾਨ ਕੀਤਾ ਗਿਆ ਕਿ ਅੱਤਵਾਦੀਆਂ ਦੇ ਖਿਲਾਫ ਫੌਜੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ। ਇੰਦਰਾ ਗਾਂਧੀ ਦੇ ਕੌਮ ਦੇ ਨਾਂ ਇਸ ਸੰਦੇਸ਼ ਨੇ ਪੰਜਾਬ ਵਿਚ ਫੌਜੀ ਰਾਜ ਕੀਤੇ ਜਾਣ ਦੀ ਸੰਭਾਵਨਾ ਨੂੰ ਸਪੱਸ਼ਟ ਰੂਪ ਵਿਚ ਉਜਾਗਰ ਕਰ ਦਿੱਤਾ ਅਤੇ ਇਸੇ ਹੀ ਸਮੇਂ ਪੰਜਾਬ ਦੇ ਗਵਰਨਰ ਬੀ. ਡੀ. ਪਾਂਡੇ ਨੇ ਪੰਜਾਬ ਦੀ ਸਥਿਤੀ ਨਾਲ ਨਿਪਟਣ ਲਈ ਕੇਂਦਰ ਤੋਂ ਫੌਜੀ ਸਹਾਇਤਾ ਦੀ ਮੰਗ ਕੀਤੀ। ਤਾਂ ਜਾਹਿਰੇ ਤੌਰ ਤੇ ਇੰਦਰਾ ਗਾਂਧੀ ਦਾ ਮਨਸੂਬਾ ਬਿਲਕੁਲ ਸਾਹਮਣੇ ਆ ਗਿਆ ਕਿ ਉਹ ਪੰਜਾਬ ਸਮੱਸਿਆ ਨੂੰ ਰਾਜਸੀ ਤੌਰ ਤੇ ਨਹੀਂ ਫੌਜੀ ਤਾਕਤ ਰਾਹੀਂ ਹੱਲ ਕਰਨਾ ਚਾਹੁੰਦੀ ਹੈ। ਇਸ ਸਮੇਂ ਤਕ **70** ਹਜ਼ਾਰ ਫੌਜੀ ਸੈਨਕਾਂ ਨੇ ਪੰਜਾਬ ਦੇ **12163** ਪਿੰਡਾਂ ਨੂੰ ਪੂਰਣ ਤੌਰ ਘੇਰਾ ਪਾ ਲਿਆ ਸੀ। ਫੌਜ ਨੇ ਦਰਬਾਰ ਦੀ ਅੰਦਰਲੀ ਮੋਰਚਾਬੰਦੀ ਜਾਨਣ ਲਈ 1 ਜੂਨ ਨੂੰ ਸੀ. ਆਰ. ਪੀ ਐਫ. ਕੋਲੋਂ 7 ਘੰਟੇ ਆਹਮੋ ਸਾਹਮਣੀ ਗੋਲੀ ਚਲਵਾਈ।

ਇਸ ਗੋਲੀ ਚਲਾਉਣ ਤੋਂ ਬਾਅਦ ਫੌਜ ਨੇ ਸੀ.ਆਰ.ਪੀ.ਐਫ. ਵਲੋਂ ਬਣਾਏ ਮੋਰਚਿਆਂ ਦੀ ਨਵੇਂ ਸਿਰਿਉਂ ਵਿਉਂਤਬੰਦੀ ਕੀਤੀ, ਕੁਝ ਪੁਰਾਣੇ ਮੋਰਚਿਆਂ ਨੂੰ ਠੀਕ ਕੀਤਾ ਅਤੇ ਕੁਝ ਲਾਗਲੀਆਂ ਇਮਾਰਤਾਂ ਤੇ ਕੁਝ ਹੋਰ ਮੋਰਚੇ ਬਣਾਏ ਕਿਉਂਕਿ ਬੁਰਜਾਂ ਉਤੋਂ ਕੀਤੀ ਜਾਣ ਵਾਲੀ ਗੋਲਾਬਾਰੀ ਫੌਜੀ ਮੋਰਚਿਆਂ ਤੇ ਹਿੱਟ ਕਰਦੀ ਸੀ।

ਇਧਰ ਇੰਦਰਾ ਸਰਕਾਰ ਵਲੋਂ ਅੱਤਵਾਦੀਆਂ ਦੇ ਖਿਲਾਫ ਕੀਤਾ ਇਹ ਹਮਲਾ ਦੁਨੀਆਂ ਭਰ ਵਿਚ ਅੱਤਵਾਦੀਆਂ ਦੇ ਖਿਲਾਫ ਹੋਣ ਵਾਲੇ ਹਮਲਿਆਂ ਵਿਚੋਂ ਵਿਸ਼ੇਸ਼ ਸੀ। ਉਧਰ 2 ਜੂਨ ਨੂੰ ਸੰਤ ਜਰਨੈਲ ਸਿੰਘ ਭਿੰਡਰਾਂ-ਵਾਲਾ ਪੱਤਰਕਾਰਾਂ ਨਾਲ ਗੱਲਬਾਤ ਵਿਚ ਇਸ ਫੌਜੀ ਘਿਰਾਉ ਨੂੰ ਇਕ ਆਮ ਗੱਲ ਦੱਸ ਰਿਹਾ ਸੀ ਅਤੇ ਆਪਣੀ ਆਦਤ ਮੁਤਾਬਕ ਅਜੇ ਵੀ ਉਹਨਾਂ ਨੂੰ ਆਪਣੇ ਖਿਲਾਫ ਲਿਖਣ ਤੋਂ ਵਰਜਣ ਲਈ ਲਾਗੇ ਰੱਖੀ ਸਟਨਗਨ ਦਾ ਇਸ਼ਾਰਾ ਕਰ ਰਿਹਾ ਸੀ! ਜਿਵੇਂ ਉਸ ਨੂੰ ਰਾਜ ਦੀ ਤਾਕਤ ਤੇ ਇਸ ਨਾਲ ਟੱਕਰ ਬਾਰੇ ਉੱਕਾ ਗਿਆਨ ਹੀ ਨਾ ਹੋਵੇ।

2 ਜੂਨ ਰਾਤ ਨੂੰ ਹੀ ਇੰਦਰਾ ਗਾਂਧੀ ਦੇ ਸੰਦੇਸ਼ ਤੋਂ ਬਾਅਦ ਪੰਜਾਬ ਵਿਚ ਫੌਜ ਬੁਲਾਉਣ ਦਾ ਸਰਕਾਰੀ ਐਲਾਨ ਕਰ ਦਿੱਤਾ ਗਿਆ, **3 ਜੂਨ 1984** ਨੂੰ ਲੋਕ ਪੰਜਾਬ ਵਿਚ ਫੌਜੀ ਰਾਜ ਨਾਲ ਸ਼ਿੰਗਾਰੀਆਂ ਅਖਬਾਰਾਂ ਦੀਆਂ ਸੁਰਖੀਆਂ ਤੋਂ ਅਗਲੀਆਂ ਕਿਆਸ ਰਾਈਆਂ ਲਾ ਹੀ ਰਹੇ ਸਨ ਕਿ ਪੰਜਾਬ ਨੂੰ ਸਮੁੱਚੇ ਦੇਸ਼ ਨਾਲੋਂ ਅਲੱਗ ਕਰਨ ਦੇ ਨਵੇਂ ਹੁਕਮ ਜਾਰੀ ਕਰ ਦਿਤੇ ਗਏ ਜਿਸ ਰਾਹੀਂ ਸਾਰੀ ਆਵਾਜਾਈ ਠੱਪ ਕਰ ਦਿੱਤੀ ਗਈ, ਸੰਚਾਰ ਸਾਧਨ ਕੱਟ ਦਿੱਤੇ ਗਏ, ਹਵਾਈ ਜਹਾਜ਼ਾਂ ਦੀਆਂ ਉਡਾਨਾਂ ਤੇ ਪਾਬੰਦੀ ਲਾ ਦਿੱਤੀ ਗਈ ਇਥੋਂ ਤੱਕ ਕਿ ਸਾਈਕਲ ਤੇ ਵੀ ਪਾਬੰਦੀ ਸੀ, ਸਭ ਵਿਦੇਸ਼ੀਆਂ ਨੂੰ ਪੰਜਾਬ ਵਿਚੋਂ ਕੱਢ ਦਿੱਤਾ ਅਤੇ ਪੰਜਾਬ ਵਿਚ ਪਰੈਸ ਤੇ ਸੈਂਸਰਸ਼ਿਪ ਲਾਗੂ ਕਰ ਦਿੱਤੀ ਅਤੇ ਰਾਤ ਨੂੰ ਸਮੁੱਚੇ ਪੰਜਾਬ ਵਿਚ 36 ਘੰਟੇ ਦਾ ਪਹਿਲਾ ਵੱਡਾ ਕਰਫਿਊ ਲਾਗੂ ਕਰ ਦਿੱਤਾ ਗਿਆ। ਇਸ ਸਮੇਂ ਤੱਕ ਦਰਬਾਰ ਸਾਹਿਬ ਦੀ ਨਾਕਾਬੰਦੀ ਕਰਨ ਲਈ ਲਾਈ ਬਿਹਾਰ ਰਜਮੈਂਟ ਦੀ 12 ਬਟਾਲੀਅਨ ਦਰਬਾਰ ਦੇ ਮੁੱਖ ਰਸਤੇ ਘੰਟਾ ਘਰ ਅਤੇ ਬ੍ਰਹਮ

ਬੂਟਾ ਮਾਰਕੀਟ, ਜਿਨ੍ਹਾਂ ਥਾਵਾਂ ਤੇ ਅੱਤਵਾਦੀਆਂ ਵੱਲੋਂ ਤੱਕੜੀ ਮੋਰਚਾਬੰਦੀ ਕੀਤੀ ਗਈ ਸੀ ਨੂੰ ਬੰਦ ਕਰ ਦਿੱਤਾ। ਪੰਜਾਬੀਆਂ, ਗੜਵਾਲੀਆਂ ਅਤੇ ਗਾਰਡਜ਼ਮੈਨ ਨੇ ਦਰਬਾਰ ਸਾਹਿਬ ਨੂੰ ਜ ਣ ਵਾਲੇ ਦੂਜੇ ਰਸਤੇ ਚੌਂਕ ਪਰਾਗਦਾਸ ਛੱਤੀ ਖੂਹੀ, ਆਟਾ ਮੰਡੀ, ਬਾਬਾ ਅਟੱਲ ਅਤੇ ਬੁੱਢੀ ਲੁੱਟ ਬਾਜ਼ਾਰ (ਝੂਠਾ ਬਾਜ਼ਾਰ) ਵੀ ਬੰਦ ਕਰ ਦਿੱਤੇ। –

ਇਧਰ ਫੌਜ ਇਹ ਸਮਝਦੀ ਸੀ ਕਿ ਇਸ ਘਿਰਾਉ ਤੋਂ ਡਰ ਕੇ ਅੱਤਵਾਦੀ ਹਥਿਆਰ ਸੁੱਟ ਦੇਣਗੇ। ਪਰੰਤੂ ਇਸੇ ਹੀ ਸ਼ਾਮ ਭਿੰਡਰਾਂਵਾਲਾ ਅੰਗਰੇਜ਼ੀ ਦੇ ਇਕ ਰਸਾਲੇ ਸੰਡੇ ਅਬਰਜ਼ਰਵਰ ਦੇ ਪੱਤਰ ਪ੍ਰੇਰਕ ਨਾਲ ਗੱਲਬਾਤ ਵਿਚ ਫੌਜ ਨੂੰ ਹਰਾ ਦੇਣ ਦੇ ਦਮਗਜ਼ੇ ਮਾਰ ਰਿਹਾ ਸੀ। ਜਦ ਪੱਤਰਕਾਰ ਨੇ ਉਸ ਨੂੰ ਆਧੁਨਿਕ ਹਥਿਆਰਾਂ ਨਾਲ ਲੇਸ ਫੌਜ ਨਾਲ ਮੁਕਾਬਲੇ ਬਾਰੇ ਪੁੱਛਿਆ ਤਾਂ ਜਵਾਬ ਵਿਚ ਭਿੰਡਰਾਂਵਾਲੇ ਨੇ ਕਿਹਾ ਕਿ ਫੌਜ ਤਾਂ ਭੇਡਾਂ ਬੱਕਰੀਆਂ ਦੀ ਤਰ੍ਹਾਂ ਹੈ। ਜਿਵੇਂ ਪਹਿਲਾਂ ਪੁਲੀਸ, ਫਿਰ ਸੀ. ਆਰ. ਪੀ. ਐਫ਼; ਫੇਰ ਬੀ. ਐਸ. ਐਫ਼ ਨਾਕਾਮ ਸਿੱਧ ਹੋਈਆਂ ਹਨ ਇਸੇ ਤਰ੍ਹਾਂ ਫੌਜ ਵੀ ਨਿਕਾਰਾ ਸਾਬਤ ਹੋਵੇਗੀ।

ਫੌਜ ਨੇ ਫਾਇਰ ਖੋਲ੍ਹਣ ਤੋਂ ਪਹਿਲਾਂ ਆਪਣੀ ਇਕ ਜੀਪ ਜਿਸ ਤੇ ਪੀਲੇ ਰੰਗ ਦਾ ਸਪੀਕਰ ਲੱਗਾ ਹੋਇਆ ਸੀ, ਲੰਗਰ ਵਾਲੇ ਪਾਸੇ ਆਈ ਅਤੇ ਉੱਚੀ ਉੱਚੀ ਸਭ ਨੂੰ ਬਾਹਰ ਆ ਜਾਣ ਅਤੇ ਹਥਿਆਰ ਸੁੱਟ ਦੇਣ ਦੀ ਵਾਰਨਿੰਗ ਦਿੱਤੀ ਗਈ। ਬਾਰ ਵਾਰ ਇਹ ਵਾਰਨਿੰਗ ਦਿੱਤੀ ਗਈ। ਬਾਰ ਬਾਰ ਇਸ ਵਾਰਨਿੰਗ ਤੇ 250 ਦੇ ਕਰੀਬ ਯਾਤਰੀ ਤੇ ਹੋਰ ਲੋਕ ਬਾਹਰ ਆ ਗਏ। ਕੁਝ ਚਿਰ ਦੀ ਖਾਮੋਸ਼ੀ ਤੋਂ ਬਾਅਦ ਫੌਜ ਨੇ ਦਰਬਾਰ ਦੇ ਚੁਫੇਰਿਉਂ ਫਾਇਰਿੰਗ ਸ਼ੁਰੂ ਕੀਤੀ ਇਹ ਅੱਤਵਾਦੀਆਂ ਦਾ ਮਨੋਬਲ ਤੋੜਣ ਦੀ ਦੂਜੀ ਕੋਸ਼ਿਸ਼ ਸੀ ਪ੍ਰੰਤੂ ਜਦੋਂ ਜਵਾਬ ਵਿਚ ਅੱਤਵਾਦੀਆਂ ਨੇ ਉਚੇ ਬੁਰਜਾਂ, ਪਾਣੀ ਵਾਲੀ ਟੈਂਕੀ ਅਤੇ ਹੋਰ ਮੋਰਚਿਆਂ ਤੋਂ ਮਿਡੀਅਮ ਮਸ਼ੀਨ ਗੰਨ, ਲਾਈਟ ਮਸ਼ੀਨ ਗੰਨ, ਗਰਨੇਡ ਅਤੇ ਆਟੋਮੈਟਿਕ ਗੰਨਾਂ ਜਿਹੜੀਆਂ ਇਕ ਸੈਕਿੰਡ ਵਿਚ 60 ਰਾਊਂਡ ਕੱਢਦੀਆਂ ਹਨ ਦਾ ਜਵਾਬ ਦਿੱਤਾ ਤਾਂ ਫੌਜ ਨੂੰ ਅੱਤਵਾਦੀਆਂ ਦਾ ਹਥਿਆਰ ਨਾ ਸੁੱਟਣ ਦੇ ਇਰਾਦੇ ਸਾਫ਼ ਹੋ ਗਏ।

## 4 ਜੂਨ 1984

4 ਜੂਨ ਸਵੇਰ ਤੱਕ ਭਾਵੇਂ ਫੌਜ ਨੇ ਕੁਝ ਨਵੇਂ ਹਥਿਆਰਾਂ ਦੀ ਮੰਗ ਕੀਤੀ ਜਿਸ ਵਿਚ ਜੀਪਾਂ ਤੇ ਫਿੱਟ ਗੰਨਾਂ 3'87 ਸੀ. ਐਮ. ਮਾਉਂਟੇਨ ਗੰਨਾਂ ਜਿਹੜਾ 25 ਪੌਂਡ ਦਾ ਗੋਲਾ ਸੁੱਟਦੀਆਂ ਹਨ, ਮੰਗਵਾਈਆਂ ਗਈਆਂ ਜਿਹਨਾਂ ਦੀ ਵਰਤੋਂ ਬੁਰਜਾਂ ਤੇ ਉਚੇ ਬਣੇ ਮੋਰਚੇ ਅਤੇ ਟੈਂਕੀ ਤੋੜਨ ਲਈ ਕੀਤੀ ਗਈ ਜਿਸ ਰਾਹੀਂ ਇਹਨਾਂ ਉਚੇ ਮੋਰਚਿਆਂ ਤੋਂ ਕੁਝ ਵਿਅਕਤੀਆਂ ਦੇ ਚੀਥੜੇ ਉਡਦੇ ਨਜ਼ਰ ਆਏ। ਅਤੇ ਟੈਂਕੀ ਟੁੱਟਣ ਦੇ ਬਾਅਦ ਉਹਦੇ ਪਾਣੀ ਦੇ ਝਲਾਰੇ ਹੜ੍ਹ ਵਾਂਗ ਨਜ਼ਰ ਆ ਰਹੇ ਸਨ। ਇਹ ਬੱਬਰਾਂ ਦੇ ਮੋਰਚੇ ਸਨ ਅਤੇ ਇਹਨਾਂ ਦੇ ਟੁੱਟਣ ਨਾਲ ਉਹਨਾਂ ਵਿਚ ਹਫੜਾਦਫੜੀ ਮੱਚ ਗਈ। ਬੱਬਰ, ਜਿਹੜੇ ਕਿ ਭਿੰਡਰਾਂਵਾਲੇ ਦੇ ਸਖਤ ਵਿਰੋਧੀ ਸਨ ਪਰ ਦਰਬਾਰ ਸਾਹਿਬ ਨੂੰ ਬਚਾਉਣ ਦੀ ਲੜਾਈ ਵਿਚ ਪੂਰੇ ਸ਼ਾਮਲ ਸਨ।

ਇਸ ਸਮੇਂ ਅੱਤਵਾਦੀਆਂ ਨੇ ਰਾਕਟਾਂ ਵਾਲੇ ਗਰਨੇਡਾਂ ਨਾਲ ਅਤੇ ਰਾਕਟਾਂ ਨਾਲ ਹਮਲੇ ਕੀਤੇ ਜਿਸ ਨਾਲ ਬਿਹਾਰ ਰਜਮੈਂਟ ਦੇ ਕੁਝ ਜਵਾਨ ਮਾਰੇ ਗਏ ਅਤੇ ਕੁਝ ਜ਼ਖਮੀ ਹੋ ਗਏ। ਇਸ ਸਮੇਂ ਜਰਨੈਲਾਂ ਨੇ ਹਰਿਮੰਦਰ ਸਾਹਿਬ ਵਿਚ ਟੈਂਕਾਂ ਦੀ ਵਰਤੋਂ ਕਰਨ ਦਾ ਫੈਸਲਾ ਠੀਕ ਸਮਝਿਆ।

ਦਰਬ ਰ ਸਾਹਿਬ ਉਤੇ ਹੋਏ ਇਸ ਹਮਲੇ ਨੇ ਪੰਜਾਬ ਦੇ ਲੋਕਾਂ ਅਤੇ ਖਾਸ ਤੌਰ ਤੇ ਸਿੱਖਾਂ ਵਿਚ ਰੋਹ ਦੀ ਅੱਗ ਪੈਦਾ ਕਰ ਦਿੱਤੀ। ਪਿੰਡਾਂ ਦੀਆਂ ਸੱਥਾਂ ਵਿਚ ਸਰਕਾਰ ਦੀ ਇਸ ਭੈੜੀ ਕਾਰਵਾਈ ਨੂੰ ਨਿੰਦਿਆ ਜਾ ਰਿਹਾ ਸੀ ਬੇਸ਼ੱਕ ਲੋਕ ਭਿੰਡਰਾਂ ਵਾਲੇ ਦੇ ਫਿਰਕੂ ਜਨੂੰਨ ਨਾਲ ਸਹਿਮਤ ਨਹੀਂ ਸਨ ਪਰੰਤੂ ਇਸ ਦੇ ਬਾਵਜੂਦ ਵੀ ਦਰਬਾਰ ਸਾਹਿਬ ਉਪਰ ਹੋਈ ਫੌਜੀ ਕਾਰਵਾਈ ਉਹਨਾਂ ਦਾ ਦਿਲ ਵਲੂੰਦਰ ਰਹੀ ਸੀ, ਪੰਜਾਬ ਦੇ ਇਕ ਪਿੰਡ ਨੂੰ ਦੂਜੇ ਪਿੰਡਾਂ ਨਾਲੋਂ ਕੱਟਿਆ ਹੋਇਆ ਸੀ ਲੋਕ ਬੇਬਸ ਅਤੇ ਬੇ-ਹਥਿਆਰੇ ਦਿਲ ਹੀ ਦਿਲ ਉਬਾਲਾ ਖਾ ਰਹੇ ਸਨ, ਦਰਬਾਰ ਸਾਹਿਬ ਦੀ ਪਵਿੱਤਰਤਾ ਦਾ ਭੰਗ ਹੋਣਾ ਉਹਨਾਂ ਦੀ ਅਣਖ ਅਤੇ ਗੈਰਤ ਉਤੇ ਇਕ ਵਾਰ ਮਹਿਸੂਸ ਕੀਤਾ ਜਾ ਰਿਹਾ ਸੀ, ਅੰਮ੍ਰਿਤਸਰ ਸ਼ਹਿਰ ਵਿਚ ਕੀ ਵਾਪਰਿਆ ਹੈ ਕੀ ਵਾਪਰ ਰਿਹਾ ਹੈ ਇਸ ਬਾਰੇ ਕੋਈ ਨਿਰਸੰਦੇਹ ਪੱਕੇ ਤੌਰ ਉਤੇ ਨਹੀਂ ਕਿਹਾ ਜਾ ਸਕਦਾ ਸੀ ਪਰ ਅਫਵਾਹਾਂ ਕਈ ਸਨ, ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡਾਂ ਵਿਚ ਹੈਲੀਕਪਟਰਾਂ ਰਾਹੀਂ ਫੌਜ ਪਿੰਡਾਂ ਤੇ ਸਖਤ ਨਜ਼ਰ ਰੱਖੀ ਬੈਠੀ ਸੀ ਜਿਥੇ ਵੀ ਕੁਝ ਲੋਕ ਇਕੱਠੇ ਹੁੰਦੇ ਫੌਰਨ ਫੌਜੀ ਜੀਪਾਂ ਪਹੁੰਚ ਜਾਂਦੀਆਂ ਕਈਆਂ ਪਿੰਡਾਂ ਵਿਚੋਂ ਆਪ ਮੁਹਾਰੇ ਲੋਕ ਦਰਦ ਵਿੰਨੇ ਸ਼ਹਿਰ ਅੰਮ੍ਰਿਤਸਰ ਵੱਲ ਵਹੀਰਾਂ ਪਾ ਆਏ ਮਗਰ ਕੁਝ ਥਾਵਾਂ ਤੇ ਉਹਨਾਂ ਨੂੰ ਗੋਲੀਆਂ ਨਾਲ ਉਡਾ ਦਿੱਤਾ। ਪ੍ਰਕਾਸ਼ ਸਿੰਘ ਮਜੀਠਾ ਅਕਾਲੀ ਐਮ.ਐਲ.ਏ. ਜੋ ਕਿ ਅਕਾਲੀ ਦਲ ਦਾ ਸਾਬਕਾ ਜਨਰਲ ਸਕੱਤਰ ਹੈ ਅਤੇ ਇਸ ਸਮੇਂ ਅਕਾਲੀ ਦਲ ਵਲੋਂ ਕਾਇਮ ਮੁਕਾਮ ਕਮੇਟੀ ਦਾ ਕਨਵੀਨਰ ਹੈ ਅਤੇ ਜਿਸਨੇ ਹੁਣ 16 ਤਾਰੀਖ ਨੂੰ ਸ਼ਹੀਦੀ ਜਥਿਆਂ ਨੂੰ ਦਰਬਾਰ ਸਾਹਿਬ ਮੁਕਤ ਕਰਵਾਉਣ ਦਾ ਸੱਦਾ ਦਿੱਤਾ ਹੈ ਕਾਫੀ ਵੱਡੇ ਜੱਥੇ ਸਮੇਤ ਅੰਮ੍ਰਿਤਸਰ ਬਾਈ ਪਾਸ ਤੇ ਪਹੁੰਚਿਆ। ਅੱਗੇ ਦਰਬਾਰ ਸਾਹਿਬ ਦੇ ਆਲੇ ਦੁਆਲੇ ਫੌਜ ਨਾਲ ਜੰਗ ਜਾਰੀ ਸੀ ਅਤੇ ਸ਼ਹਿਰ ਵਿਚ ਮੌਤ ਵਰਗੀ ਚੁੱਪ ਸੀ, ਸ਼ਹਿਰ ਵਿਚ ਦਾਖਲ ਹੋਣਾ ਮੌਤ ਨਾਲ ਜੂਝਣਾ ਸੀ। ਜਿਉਂ ਹੀ ਕੁਝ ਸ਼ਰਧਾਲੂਆਂ ਨੇ ਕਿਹਾ ਕਿ ਸਾਨੂੰ ਵਾਪਸ ਚਲੇ ਜਾਣਾ ਚਾਹੀਦਾ ਹੈ। ਜਦ ਲੋਕਾਂ ਨੇ ਉਸਦੇ ਖਿਲਾਫ ਨਾਅਰੇਬਾਜ਼ੀ ਕੀਤੀ ਤਾਂ ਮਜੀਠਾ ਜੀ ਨੇ ਕਿਹਾ ਕਿ ਜਿਹਨੂੰ ਦੇਸ਼ ਭਗਤੀ ਦਾ ਬਹੁਤਾ ਸ਼ੌਕ ਹੈ ਉਹ ਚਲਾ ਜਾਵੇ, ਸਰਾਭਾ ਜੀ ਨੇ ਕੁਰਬਾਨੀ ਕਿਹੜੀ ਮਹਾਤਮਾ ਗਾਂਧੀ ਨੂੰ ਪੁੱਛ ਕੇ ਕੀਤੀ ਸੀ। ਇਥੋਂ ਰੋਹ ਵਿਚ ਆਏ ਆਪ ਮੁਹਾਰੇ ਲੋਕਾਂ ਨੇ ਪਿੰਡ ਬੀਰਬੱਲ ਦੇ ਬਾਊ ਵੇਦ ਪ੍ਰਕਾਸ਼ ਦੇ ਇਕ ਫਾਰਮ ਤੇ ਅੱਗ ਲਾ ਦਿੱਤੀ। ਚੇਤਨਪੁਰਾ ਮਜੀਠਾ ਆਦਿ ਵਿਚ ਸਰਕਾਰੀ ਗੁਦਾਮਾਂ ਨੂੰ ਅੱਗ ਲਾਈ ਗਈ। ਇਹ ਤਾਂ ਵਾਪਰਿਆ ਕਿਉਂ ਜੋ ਅਗਵਾਈ ਕਰਨ ਵਾਲੇ ਆਗੂ ਲੋਕਾਂ ਨੂੰ ਆਪਮੁਹਾਰਾ ਛੱਡ ਕੇ ਖਿਸਕ ਗਏ।

**5 ਜੂਨ 1984 :** 5 ਜੂਨ ਨੂੰ ਫੌਜ ਨੇ ਜਲ੍ਹਿਆਂ ਵਾਲੇ ਬਾਗ ਵਿਚ ਲੱਗੀਆਂ ਤੋਪਾਂ ਦੀ ਮੱਦਦ ਨਾਲ ਦਰਬਾਰ ਦੀ ਕਿਲ੍ਹਾਬੰਦੀ ਤੋੜੀ। ਹਰਿਮੰਦਰ ਸਾਹਿਬ ਦੇ ਅੰਦਰ ਅਨੇਕ ਮੌਤਾਂ ਹੋਈਆਂ ਪੁਲੀਸ ਅਫਸਰਾਂ ਨੇ ਇਕ ਵਾਰੀ ਫਿਰ ਹਥਿਆਰ ਸੁੱਟਣ ਦੀ ਅਪੀਲ ਕੀਤੀ। ਤੋਪਾਂ ਗੋਲੇ ਵਰ੍ਹਾ ਰਹੀਆਂ ਸਨ ਜਦ ਕਿ ਫੌਜੀ ਅਫਸਰ ਹੈਲੀਕਪਟਰਾਂ ਰਾਹੀਂ ਠੀਕ ਨਿਸ਼ਾਨਾਬੰਦੀ ਕਰਵਾ ਰਹੇ ਸਨ। ਇਸ ਭਿਆਨਕ ਜੰਗ ਦੇ ਸਮੇਂ 200 ਸ਼ਰੋਮਣੀ ਕਮੇਟੀ ਦੇ ਮੈਂਬਰਾਂ ਔਰਤਾਂ ਤੇ ਬੱਚਿਆਂ ਨੇ ਆਤਮ-ਸਮਰਪਣ ਕੀਤਾ। ਦਰਬਾਰ ਸਾਹਿਬ ਚੱਲ ਰਹੀਆਂ ਤੋਪਾਂ ਦੀ ਆਵਾਜ਼ ਅੰਮ੍ਰਿਤਸਰ ਤੋਂ 15 ਮੀਲ ਤੱਕ ਸੁਣਾਈ ਦੇ ਰਹੀ ਸੀ। ਇਹ ਲੋਕ ਜਿਨ੍ਹਾਂ ਨੇ ਪਾਕਿਸਤਾਨ, ਹਿੰਦੁਸਤਾਨ ਦੇ ਜੰਗਾਂ ਵਿਚ ਇਹਨਾਂ ਤੋਪਾਂ ਦੇ ਗੋਲਿਆਂ ਦੇ ਭਿਆਨਕ ਸਿੱਟੇ ਅੱਖੀਂ ਦੇਖੇ ਸੀ ਖੰਡਰ ਹੋਏ ਪਿੰਡ ਇਹਨਾਂ ਦੀਆਂ ਨਜ਼ਰਾਂ ਵਿਚੋਂ ਗੁਜ਼ਰੇ ਸਨ ਲੋਕ ਪ੍ਰੇਸ਼ਾਨ ਤੇ ਨਿਰਾਸ਼ ਹੋਏ ਪਿੰਡਾਂ ਵਿਚ ਇਕ ਦੂਜੇ ਨੂੰ ਮਿਲਦੇ ਤ ਇਹ ਕਹਿੰਦੇ ਕਿ ਬੱਸ ਅੰਮ੍ਰਿਤਸਰ ਤਬਾਹ ਹੋ ਰਿਹਾ ਹੈ। ਇਹ ਤੋਪਾਂ ਦੇ ਗੋਲੇ ਸ਼ਹਿਰ ਨੂੰ ਖੰਡਰ ਬਣਾ ਦੇਣਗੇ। ਉਹ ਇਹ ਸਮਝਣ ਵਿਚ ਅਸਮਰਥ ਸਨ ਕਿ ਇਹ ਤੋਪਾਂ ਦੀ ਫਾਇਰਿੰਗ ਹਿੰਦੁਸਤਾਨ ਦੇ ਕਿਸੇ ਸ਼ਹਿਰ ਤੇ ਕੀਤੀ ਜਾ ਰਹੀ ਹੈ ਜਾਂ ਦੁਸ਼ਮਣ ਦੇ ਇਲਾਕੇ ਵਿਚ। ਜ਼ਿਲ੍ਹਾ ਅੰਮ੍ਰਿਤਸਰ ਦੇ ਵੱਖ ਵੱਖ ਇਲਾਕਿਆਂ ਵਿਚ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋ ਕੇ ਰਵਾਇਤੀ ਹਥਿਆਰਾਂ ਸਮੇਤ ਅੰਮ੍ਰਿਤਸਰ ਨੂੰ ਕੂਚ ਕਰਨ ਲੱਗੇ ਉਧਰ ਫੌਜੀ ਹੈਲੀਕਪਟਰਾਂ ਨੇ

ਆਪਣੀਆਂ ਉਡਾਨਾਂ ਤੇਜ਼ ਕੀਤੀਆਂ ਜਿੱਥੇ ਵੀ ਕਿਤੇ ਲੋਕਾਂ ਦਾ ਇਕੱਠ ਸ਼ਹਿਰ ਨੂੰ ਆਉਂਦਾ ਨਜ਼ਰ ਆਵੇ ਦੇਖਦੇ ਗੋਲੀ ਮਾਰਨ ਦੇ ਹੁਕਮ ਜਾਰੀ ਕੀਤੇ ਗਏ। ਅੰਮ੍ਰਿਤਸਰ ਤੋਂ 10 ਕਿਲੋਮੀਟਰ ਦੂਰ ਪਿੰਡ ਗੋਲਵੜ ਵਿਖੇ 30 ਹਜ਼ਾਰ ਲੋਕ ਬੰਦੂਕਾਂ ਤੇ ਰਵਾਇਤੀ ਹਥਿਆਰਾਂ ਨਾਲ ਇਕੱਠੇ ਹੋਏ ਜਿਸਦੀ ਅਗਵਾਈ ਬਾਬਾ ਬਿਧੀ ਚੰਦ ਕਰ ਰਹੇ ਸਨ ਜਿਹੜੇ ਕਹਿੰਦੇ ਸਨ ਅੱਗੇ ਵਧੋ ਦਰਬਾਰ ਸਾਹਿਬ ਬਚਾਉ ਤੇ ਹਿੰਦੂ ਮਾਰੋ, ਅਜਿਹੇ ਇਕੱਠ ਅੰਮ੍ਰਿਤਸਰ ਦੇ ਪਿੰਡ ਢੰਡ ਕਸੇਲ, ਫਤਿਹਪੁਰ ਰਾਜਪੂਤਾਂ, ਵੇਰਕਾ, ਮਹਿਤਾ ਚੌਂਕ ਵਿਖੇ ਵੀ ਹੋਏ ਅਤੇ ਲੋਕਾਂ ਦੇ ਭਾਰੀ ਇਕੱਠ ਨੇ ਸਗਰਾਣਾ ਸਾਹਿਬ ਰੇਲਵੇ ਸਟੇਸ਼ਨ ਨੂੰ ਅੱਗ ਲਾਈ ਅਤੇ ਫੌਜੀ ਜਵਾਨਾਂ ਨੇ ਗੋਲੀ ਚਲਾਈ ਜਿਸ ਨਾਲ ਕੁਝ ਲੋਕ ਜ਼ਖਮੀ ਹੋ ਗਏ ਅਤੇ ਕੁਝ ਲੋਕ ਮਰ ਗਏ। 5 ਹਜ਼ਾਰ ਦੀ ਗਿਣਤੀ ਵਿਚ ਲੋਕਾਂ ਦਾ ਇਕੱਠ ਰਾਜਾਸਾਂਸੀ ਹੋਇਆ। ਇਥੋਂ ਲੋਕਾਂ ਨੇ ਅਮ੍ਰਿਤਸਰ ਵੱਲ ਨੂੰ ਮਾਰਚ ਕੀਤਾ ਹਵਾਈ ਅੱਡੇ ਤੇ ਤਾਇਨਾਤ ਫੌਜ ਨੇ ਅੱਗੇ ਨਾ ਜਾਣ ਦਾ ਸੰਕੇਤ ਕੀਤਾ ਪਰ ਜ਼ਜ਼ਬਾਤ ਵਿਚ ਆਏ ਲੋਕ ਰਵਾਇਤੀ ਹਥਿਆਰਾਂ ਨਾਲ ਲੈਸ ਲੋਕ ਅੱਗੇ ਵਧਦੇ ਗਏ ਅੰਮ੍ਰਿਤਸਰ ਤੋਂ 5 ਕਿਲੋਮੀਟਰ ਦੂਰ ਪਿੰਡ ਕੰਬੋਅ ਵਿਖੇ ਫੌਜ ਨੇ ਮਸ਼ੀਨਗੰਨਾਂ ਨਾਲ ਇਸ ਹਜੂਮ ਤੇ ਅੰਧਾ-ਧੁੰਦ ਫਾਇਰਿੰਗ ਕੀਤੀ ਜਿਸ ਨਾਲ 50 ਬੰਦੇ ਮਾਰੇ ਗਏ ਜਿਨਾਂ 'ਚ ਹਰਸ਼ਾ ਛੀਨਾ ਦੀਆਂ 2 ਔਰਤਾਂ ਪੂਰਨ ਕੌਰ ਤੇ ਗੁਰਨਾਮ ਕੌਰ ਸ਼ਾਮਲ ਸਨ। ਦੂਜੇ ਪਾਸੇ ਤੋਂ ਆ ਰਹੇ ਕੁਝ ਲੋਕ ਗੋਲੀ ਚਲਣ ਬਾਰੇ ਸੁਣ ਕੇ ਵਾਪਿਸ ਮੁੜ ਗਏ।

ਰਸਤੇ ਵਿਚ ਕੁਝ ਗੈਰ ਜ਼ਿੰਮੇਵਾਰ ਵਿਅਕਤੀਆਂ ਨੇ ਲੋਕਾਂ ਦੇ ਜਜ਼ਬਾਤਾਂ ਨੂੰ ਭੜਕਾ ਕੇ ਹਿੰਦੂਆਂ ਦੇ ਕਤਲ ਕਰਨ ਦੀ ਸਾਜ਼ਿਸ਼ ਬਣਾਈ ਜਿਸ ਦੇ ਫਲ-ਸਰੂਪ ਦੋ ਨਿਰਦੋਸ਼ ਹਿੰਦੂ ਪਿੰਡ ਬੂਆ ਸੰਗਲੀ ਵਿਖੇ ਭੜਕੇ ਅਨਸਰਾਂ ਵਲੋਂ ਮਾਰੇ ਗਏ ਅਤੇ ਇਕ ਔਰਤ ਤੇ ਇਕ ਬੱਚਾ ਸਖਤ ਜ਼ਖਮੀ ਹੋ ਗਏ। ਪਿੰਡ ਮੱਲੂ ਨੰਗਲ ਵਿਖੇ ਇਸੇ ਹਜੂਮ ਨੇ ਹਿੰਦੂਆਂ ਦੀਆਂ ਦੁਕਾਨਾਂ ਨੂੰ ਅੱਗ ਲਾ ਦਿਤੀ, ਜਿਸਦੀ ਇਨਸਾਫ ਪਸੰਦ ਸਿਖਾਂ ਨੇ ਡਟਕੇ ਨਿਖੇਧੀ ਕੀਤੀ ਕਿਉ ਕਿ ਉਹਨਾਂ ਅਨੁਸਾਰ ਜੰਗ ਦੀ ਦਿਸ਼ਾ ਕੇਂਦਰ ਸਰਕਾਰ ਨਾਲ ਹੈ ਨਾ ਕਿ ਭੋਲੇ ਭਾਲੇ ਲੋਕਾਂ ਨਾਲ।

ਇਹ ਸਭ ਵੇਖਕੇ ਫੌਜੀ ਅਫਸਰ ਘਬਰਾਏ ਅਤੇ ਕੁਝ ਨੇ ਕਿਹਾ ਕਿ ਜੇ ਇਹ ਕਾਰਵਾਈ ਲੰਮੀ ਹੋਈ ਤਾਂ ਸਾਨੂੰ ਅੰਮ੍ਰਿਤਸਰ ਦੇ ਨਜ਼ਦੀਕ ਕਈ ਜਲ੍ਹਿਆਂ ਵਾਲੇ ਬਾਗ ਬਣਾਉਣੇ ਪੈਣਗੇ। ਇਸ ਦੇ ਸਿੱਟੇ ਵਜੋਂ ਜਰਨੈਲਾਂ ਨੇ ਦਰਬਾਰ ਸਾਹਿਬ ਵਿਚਲੀ ਜੰਗ ਨੂੰ ਹੋਰ ਤੇਜ਼ ਕਰ ਦਿੱਤਾ।

**5 ਜੂਨ 1984** ਦੀ ਭਿਆਨਕ ਰਾਤ—ਹਨੇਰਾ ਹੁੰਦਿਆਂ ਹੀ 10 ਗਾਰਡ, ਜਿਹੜੀ ਦੁਨੀਆਂ ਵਿਚ ਛਾਪਾਮਾਰ ਕਾਰਵਾਈ ਲਈ ਮਸ਼ਹੂਰ ਹੈ, ਦੇ ਜਵਾਨ ਲੈਫਟੀਨੈਂਟ ਕਰਨਲ ਮੁਹੰਮਦ ਇਸਰਾਰ ਦੀ ਅਗਵਾਈ ਹੇਠ ਅੰਦਰ ਜਾਣ ਲਈ ਤਿਆਰ ਹੋਏ। ਛੇਤੀ ਹੀ ਉਸ ਸਰਾਂ ਵਿਚ ਪਹੁੰਚਣ ਦੀ ਤਿਆਰੀ ਕੀਤੀ ਗਈ, ਜਿਥੇ ਮਾਡਰੇਟ ਅਕਾਲੀ ਲੀਡਰ ਲੌਂਗੋਵਾਲ, ਟੌਹੜਾ ਅਤੇ ਦਲ ਦੇ ਬੁਲਾਰੇ ਬਲਵੰਤ ਸਿੰਘ ਰਾਮੂਵਾਲੀਆ ਛੁਪੇ ਹੋਏ ਸਨ ਜਦੋਂ ਇਹ ਜਵਾਨ ਅੰਦਰ ਦਾਖਲ ਹੋਏ ਅਤੇ ਅਕਾਲੀ ਲੀਡਰ ਆਤਮ ਸਮਰਪਣ ਦੀ ਤਿਆਰੀ ਕਰ ਰਹੇ ਸਨ ਤਾਂ ਇਹਦੇ ਦੌਰਾਨ ਹੀ ਇਕ ਹੋਰ ਕਮਾਂਡੋ ਯੂਨਿਟ ਜਿਨ੍ਹਾਂ ਨੇ ਬੁਲਟ ਪਰੂਫ ਜੈਕਟਾਂ ਪਾਈਆਂ ਹੋਈਆਂ ਸਨ ਉਹ 100 ਦੀ ਗਿਣਤੀ ਵਿਚ ਕਾਲੇ ਰੰਗ ਦੀਆਂ ਡਾਂਗਰੀਆਂ ਪਾਈ ਆਪਣੇ ਹਥਿਆਰਾਂ ਨੂੰ ਚੈਕ ਕਰਕੇ ਅੰਦਰ ਜਾਣ ਦੀ ਤਿਆਰੀ ਵਿਚ ਸਨ। ਉਹਨਾਂ ਵਲੋਂ ਆਪਣੀ ਜਨਤਾ ਤੇ ਕੀਤਾ ਜਾਣ ਵਾਲਾ ਹਿੰਦੁਸਤਾਨ ਦੇ ਇਤਿਹਾਸ ਵਿਚ ਪਹਿਲਾ ਐਕਸ਼ਨ ਸੀ। ਪਰ ਕਮਾਂਡੋ ਜਿਹਨਾਂ ਕੋਲ ਅਮਰੀਕਾ ਦੀਆਂ ਬਣੀਆਂ 5.56 ਐਮ.ਐਮ. ਰਾਈਫਲਾਂ ਅਤੇ ਟੈਲੀਸਕੋਪਿਕ ਬਰੇਨਗੰਨਾਂ ਸਨ। ਜ਼ਿੰਦਗੀ ਮੌਤ ਦੀ ਲੜਾਈ ਲੜਦੇ ਹੋਏ ਸਰਾਂ ਵਿਚ ਦਾਖਲ ਹੋਏ ਉਹਨਾਂ ਦਾ ਨਿਸ਼ਾਨਾ ਅਕਾਲੀ ਲੀਡਰਾਂ ਨੂੰ ਬਾਹਰ ਕੱਢਣਾ ਸੀ। ਇਸ ਸਮੇਂ ਦੂਸਰੇ ਯੂਨਿਟਾਂ ਨੇ ਸਰਾਂ ਨੂੰ ਦਰਬਾਰ ਸਾਹਿਬ ਨਾਲੋਂ ਕੱਟਣ ਲਈ ਭਾਰੀ ਗੋਲਾਬਾਰੀ ਕੀਤੀ। ਇਸ ਘਟਨਾ ਵਿਚ 40 ਕਮਾਂਡੋ ਵਿਚੋਂ ਤਿੰਨ ਮਾਰੇ ਗਏ ਅਤੇ 19 ਜ਼ਖਮੀ ਹੋਏ ਭਾਵੇਂ ਕਿ ਉਹਨਾਂ ਨੇ ਬੁਲਟ ਪਰੂਫ ਜੈਕਟਾਂ ਪਾਈਆਂ ਹੋਈਆਂ ਸਨ।

ਸਿੱਖ ਪੰਥ ਦੇ ਇਹ ਲੀਡਰ ਜਿਹਨਾਂ ਨੇ ਆਪਣੀਆਂ ਧੂੰਆਂਧਾਰ ਤਕਰੀਰਾਂ ਵਿਚ ਸਿੱਖ ਜਜ਼ਬਾਤਾਂ ਨੂੰ ਵਰਤ ਕੇ ਪੰਥ ਦੇ ਜਰਨੈਲ ਦੇ ਦੱਸਦਿਆਂ ਹੋਇਆਂ ਗੱਦੀਆਂ ਪ੍ਰਾਪਤ ਕੀਤੀਆਂ ਹੋਈਆਂ ਸੀ। ਜਿਨ੍ਹਾਂ ਨੇ ਆਪਣੇ ਕਥਨ ਵਿਚ ਇਹ ਐਲਾਨਿਆ ਸੀ ਕਿ ਫੌਜ ਉਹਨਾਂ ਦੀਆਂ ਲਾਸ਼ਾਂ ਤੋਂ ਗੁਜ਼ਰ ਕੇ ਦਰਬਾਰ ਵਿਚ ਸ਼ਾਮਲ ਹੋਵੇਗੀ। ਆਪਣੇ ਮਨੁੱਖੀ ਬਾਣੇ ਨੂੰ ਅੰਤ ਦਰਜੇ ਦਾ ਮੋਹ ਕਰ ਬੈਠੇ ਸਨ। ਜ਼ਿੰਦਗੀ ਜੀਣ ਦੀ ਲਾਲਸਾ ਕਰਕੇ ਉਹ ਫੌਜ ਸਾਹਮਣੇ ਮੁਜਰਮਾਂ ਵਾਂਗ ਆ ਸਾਹਮਣੇ ਖੜੇ ਹੋਏ ਸਿੱਖ ਸਿਆਸਤ ਦਾ ਚਾਲਾਕ ਲੂੰਬੜ ਅਤੇ ਜੋ ਪੰਜਾਬ ਦੇ ਮੌਜੂਦਾ ਪੈਦਾ ਕੀਤੇ ਗਏ ਸੰਕਟ ਦੇ ਮੁਖ ਜ਼ੁੰਮੇਵਾਰਾਂ ਵਿਚੋ ਇਕ ਸਨ ਸ੍ਰੀ ਗੁਰਚਰਨ ਸਿੰਘ ਟੌਹੜਾ ਵੀ ਸ਼ਾਮਲ ਸਨ। ਜਿਨ੍ਹਾਂ ਨੇ ਫੋਕੇ ਅੱਤਵਾਦ ਦੇ ਨਾਹਰੇ ਦੇ ਦੇ ਕੇ ਆਪਣੀ ਸ਼ਰੋਮਣੀ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਬਚਾਈ ਰੱਖੀ ਅਤੇ ਮਾਰਸ਼ਲ ਲੀਡਰ ਦਾ ਬਿੱਲਾ ਲਾ ਕੇ ਪੰਜਾਬ ਦੇ ਮੁੱਖ ਮੰਤਰੀ ਬਣਨ ਦੇ ਸੁਪਨੇ ਲਏ। ਪੰਜਾਬ ਦੀਆਂ ਹਜ਼ਾਰਾਂ ਸਟੇਜਾਂ ਤੇ ਵਾਰ ਵਾਰ ਇਹ ਐਲਾਨਿਆ ਕਿ ਫੌਜ ਉਹਨਾਂ ਦੀਆਂ ਲਾਸ਼ਾਂ ਤੋਂ ਲੰਘ ਕੇ ਸ੍ਰੀ ਦਰਬਾਰ ਸਾਹਿਬ ਵਿਚ ਜਾਵੇਗੀ। ਤਹਿਰੀਕ ਸਿੱਖ ਸੰਸਥਾ ਦੇ ਇਹਨਾਂ ਅਖੌਤੀ ਲੀਡਰਾਂ ਦੇ ਨਾਕ ਥ ਲਹਿਣ ਤੋਂ ਬਾਅਦ ਅਸਲੀਅਤ ਤੇ ਰੋ ਰਹੀ ਸੀ। ਇਹ ਉਹ ਸਮਾਂ ਸੀ ਜਦੋਂ ਸ਼ਹਿਰ ਦੇ ਬਾਜ਼ਾਰਾਂ ਵਿਚ ਦਰਬਾਰ ਸਾਹਿਬ ਤੱਕ ਪਹੁੰਚਣ ਲਈ ਨਾਹਰੇ ਵੱਜ ਰਹੇ ਸਨ ਫੌਜ ਲੋਕਾਂ ਨੂੰ ਗੋਲੀਆਂ ਨਾਲ ਭੁੰਨ ਰਹੀ ਸੀ। ਪਿੰਡਾਂ ਦੇ ਲੋਕ ਫੌਜ ਦਾ ਘੇਰਾ ਤੋੜ ਕੇ ਦਰਬਾਰ ਸਾਹਿਬ ਪਹੁੰਚਣ ਲਈ ਕੋਸ਼ਿਸ਼ ਕਰ ਰਹੇ ਸਨ ਪਰੰਤੂ ਇਹ ਕੌਮ ਦੇ ਸਿਰਤਾਜ ਆਤਮ-ਸਮਰਪਣ ਲਈ ਦੁਹਾਈਆਂ ਦੇ ਰਹੇ ਸਨ।

ਅਜਿਹਾ ਹੀ ਇਕ ਹੋਰ ਗਰਮ ਨਾਹਰੇਬਾਜ਼ ਤੇ ਭਿੰਡਰਾਂਵਾਲੇ ਦਾ ਮੁਖ ਪੰਚ ਹਰਮਿੰਦਰ ਸੰਧੂ ਜਿਸਨੇ ਖਾਲਿਸਤਾਨ ਸਰਕਾਰ ਦੇ ਮੰਤਰੀ ਮੰਡਲ ਦੇ ਅਹੁਦੇ ਵੰਡ ਰੱਖੇ ਸਨ ਤੇ ਜਿਸਨੇ ਪੰਜਾਬ ਦੇ ਵਿਦਿਆਰਥੀ ਤੇ ਨੌਜਵਾਨਾਂ ਨੂੰ ਕੁਰਬਾਨੀ ਲਈ ਬੇਸ਼ੁਮਾਰ ਭਾਸ਼ਨ ਕੀਤੇ ਸਨ (ਚਾਹੇ ਇਸ ਦੇ ਨਾਲ ਨਾਲ ਦਰਬਾਰ ਸਾਹਿਬ ਦੀ ਆੜ ਵਿਚ ਲੱਖਾਂ ਰੁਪਏ ਦੀ ਸਮਗਲਿੰਗ ਵੀ ਕੀਤੀ ਜਿਹੜੀ ਪਰੈਸ ਦਾ ਚਰਚਾ ਦਾ ਵਿਸ਼ਾ ਬਣ ਚੁੱਕੀ ਹੈ) ਵੀ ਕੁਰਬਾਨੀ ਦਾ ਪੁੰਜ ਸਾਬਤ ਹੋਣ ਦੀ ਬਜਾਏ ਸਰਕਾਰ ਦੀ ਪੈਰੀਂ ਡਿੱਗਾ ਅਤੇ ਪੰਜਾਬ ਦੀਆਂ ਸਭ ਕੰਧਾਂ ਤੇ ਕੇਸਰੀ ਝੰਡਾ ਲਹਿਰਾਉਣ ਵਾਲਾ ਇਹ 'ਸੂਰਮਾ' ਚਿੱਟਾ ਝੰਡਾ ਲਹਿਰਾ ਕੇ ਸਰਕਾਰ ਦੀ ਗੱਡੀ 'ਚ ਬੈਠਣ ਲਈ ਬਾਹਰ ਆਇਆ। ਇਹ ਸੰਤ ਭਿੰਡਰਾਂਵਾਲੇ ਦੇ ਕੈਂਪ ਨਾਲ ਸਭ ਤੋਂ ਵੱਡੀ ਅਕਿਰਤਘਣਤਾ ਤੇ ਗੱਦਾਰੀ ਸੀ। ਇਸਦੀ ਗ੍ਰਿਫਤਾਰੀ ਤੋਂ ਬਾਅਦ ਜੋ ਘਟਨਾਵਾਂ ਸੰਧੂ ਜੀ ਦੇ ਬਿਆਨਾਂ ਨਾਲ ਵਾਪਰੀਆਂ ਹਨ ਉਹ ਪੰਜਾਬ ਦੇ ਸਿੱਖ ਨੌਜਵਾਨਾਂ ਦੇ ਪ੍ਰੀਵਾਰ ਹੀ ਜਾਣਦੇ ਹਨ।

ਅੱਧੀ ਰਾਤ ਤੱਕ ਇਹ ਸਭ 'ਸੂਰਮੇ' ਲੌਂਗੋਵਾਲ, ਟੌਹੜਾ, ਰਾਮੂਵਾਲੀਆ, ਅਖੰਡ ਕੀਰਤਨੀ ਜਥੇ ਦੀ ਮੁਖੀ ਅਮਰਜੀਤ ਕੌਰ ਅਤੇ ਹੋਰ ਸ਼ਰੋਮਣੀ ਕਮੇਟੀ ਦੇ ਕੁਝ ਅਧਿਕਾਰੀ ਆਤਮਸਮਰਪਣ ਕਰ ਚੁਕੇ ਸਨ। ਪਰੰਤੂ ਅਕਾਲੀ ਦਲ ਦੇ ਸਕੱਤਰ ਗੁਰਚਰਨ ਸਿੰਘ ਆਤਮ-ਸਮਰਪਣ ਕਰਨ ਲਈ ਆ ਰਹੇ 70 ਆਦਮੀ ਔਰਤਾਂ ਤੇ ਬੱਚਿਆਂ ਸਮੇਤ ਮਾਰੇ ਗਏ। ਸਰਕਾਰੀ ਬੁਲਾਰੇ ਅਨੁਸਾਰ ਉਹਨਾਂ ਦਾ ਕਤਲ ਭਿੰਡਰਾਂਵਾਲੇ ਦੇ ਗਰੁੱਪ ਨੇ ਕੀਤਾ। ਪ੍ਰੰਤੂ ਭਰੋਸੇਯੋਗ ਵਸੀਲੇ ਤੋਂ ਪਤਾ ਲੱਗਾ ਹੈ ਕਿ ਇਹ ਦਰਦਨਾਕ ਕਤਲ ਫੌਜ ਦੇ ਤੋਪਾਂ ਦੇ ਗੋਲੇ ਡਿੱਗਣ ਨਾਲ ਹੋਏ।

ਗ੍ਰਿਫਤਾਰ ਕੀਤੇ ਗਏ ਅਕਾਲੀ ਲੀਡਰਾਂ ਨੂੰ ਰਾਜਾਸਾਂਸੀ ਦੀ ਛਾਉਣੀ ਵਿਚ ਬੰਦ ਕਰ ਦਿੱਤਾ ਗਿਆ ਅਤੇ ਫੌਜ ਹੁਣ ਦੂਜੇ ਵੱਡੇ ਹਮਲੇ ਦੀ ਤਿਆਰੀ ਵਿਚ ਸੀ। ਇਸ ਵਾਰੀ ਕਮਾਂਡੋ ਵੱਡੀ ਗਿਣਤੀ ਵਿਚ ਦਾਖਲ ਹੋਏ ਅਤੇ ਉਨ੍ਹਾਂ ਨੇ ਛੋਟੀਆਂ ਛੋਟੀਆਂ ਟੁਕੜੀਆਂ ਬਣਾ ਕੇ ਅੱਤਵਾਦੀਆਂ ਦੀਆਂ ਲਾਈਟ ਮਸ਼ੀਨ-

ਗੰਨਾਂ ਨੂੰ ਹੱਥੀਂ ਫੜਨ ਦਾ ਯਤਨ ਕੀਤਾ। ਬਹੁਤ ਵੱਡੀ ਗਿਣਤੀ ਵਿਚ ਕਤਲੋਗਾਰਦ ਹੋਈ ਪਰੰਤੂ ਕਮਾਂਡੋ ਨੇ ਦਰਬਾਰ ਸਾਹਿਬ ਨੂੰ ਜਾਣ ਵਾਲੇ ਰਸਤੇ ਤੇ ਕਬਜ਼ਾ ਕਰ ਲਿਆ। ਹੁਣ ਇਨਫੈਂਨਟਰੀ ਦੇ ਜਵਾਨਾਂ ਦੀ ਵਾਰੀ ਆਈ। ਸਰਾਂ ਨੂੰ ਦਰਬਾਰ ਸਾਹਿਬ ਨਾਲੋਂ ਵੱਖ ਕਰ ਲਿਆ ਗਿਆ। ਅਤੇ ਸਰਾਂ ਦੇ ਸਾਹਮਣੇ ਭਿਆਨਕ ਜੰਗ ਹੋਈ। ਅਤਿਵਾਦੀਆਂ ਦੀਆਂ ਮਸ਼ੀਨਗੰਨਾਂ ਵੀ ਚੁਫੇਰੇ ਤੋਂ ਗੋਲੀ ਵਰਾਅ ਰਹੀਆਂ ਸਨ ਅਤੇ ਇਸ ਮੋਰਚੇ ਤੇ ਕਬਜਾ ਕਰਨ ਲਈ ਫੌਜ ਨੂੰ ਹੱਥੋਪਾਈ ਤੱਕ ਜਾਣਾ ਪਿਆ। ਇਸਦੇ ਨਾਲ ਹੀ ਹੁਣ ਲੰਗਰ ਨੂੰ ਜਾਣ ਵਾਲੇ ਰਸਤੇ ਅਕਾਲ ਤਖਤ ਸਾਹਿਬ ਅਤੇ ਅਤਿਵਾਦੀਆਂ ਦੀਆਂ ਹੋਰ ਥਾਵਾਂ ਤੇ ਫੌਜ ਵੱਡੀ ਗਿਣਤੀ ਵਿਚ ਭੇਜੀ ਗਈ। ਸੰਗਮਰਮਰ ਦੀ ਬਣੀ ਹੋਈ ਪਰਕਰਮਾ ਜਿਥੇ ਸ਼ਰਧਾਲੂ ਨੰਗੇ ਪੈਰੀਂ ਚਲਦੇ ਹਨ ਤੇ ਸ਼ਰਧਾ ਵਜੋਂ ਉਸਨੂੰ ਦੁਧ ਨਾਲ ਵੀ ਧੋਤਾ ਜਾਂਦਾ ਹੈ! ਫੌਜ ਬੂਟਾਂ ਸਮੇਤ ਦਾਖਲ ਹੋਈ ਅਤੇ ਭਿਆਨਕ ਕਤਲੋਗਾਰਦ ਬਾਅਦ ਇਹ ਪਰਕਰਮਾ ਲਾਸ਼ਾਂ ਦੇ ਢੇਰ ਨਾਲ ਲਹੂ ਲੁਹਾਨ ਹੋਈ ਪਈ ਸੀ। ਪਰਕਰਮਾ ਵਿਚ ਦਾਖਲ ਹੁੰਦਿਆਂ ਹੀ ਅੰਧਾ-ਧੁੰਦ ਗੋਲੀ ਚਲਾਈ ਗਈ।

ਇਨਫੈਂਨਟਰੀ ਅਫਸਰਾਂ ਦੇ ਆਪਣੇ ਕਥਨ ਅਨੁਸਾਰ ਹੀ ਕੋਈ ਇਕ ਇੰਚ ਵੀ ਥਾਂ ਮਸ਼ੀਨਗੰਨ ਦੇ ਫਾਇਰਾਂ ਤੋਂ ਨਹੀਂ ਬਚਿਆ ਅਤੇ ਫੌਜੀ ਅਫਸਰ ਆਪ ਮੰਨਦੇ ਹਨ ਕਿ ਇੰਨਾਂ ਲਗਾਤਾਰ ਜਵਾਬੀ ਫਾਇਰ ਕਈ ਵਾਰ ਦੋ ਦੇਸ਼ਾਂ ਦੀ ਜੰਗ ਵਿਚ ਵੀ ਨਹੀਂ ਹੁੰਦਾ। ਇਸ ਸਮੇਂ ਮੌਤਾਂ ਦੇ ਸੱਥਰ ਲੱਥ ਗਏ ਅਤੇ ਫੌਜ ਨੂੰ ਹੋਰ ਗਰੜ, ਮਦਰਾਸੀ, ਗੜਵਾਲੀ, ਡੋਗਰਾ ਅਤੇ ਪੰਜਾਬੀ ਯੂਨਿਟਾਂ ਮੰਗਵਾਣੀਆਂ ਪਈਆਂ। ਫੌਜੀ ਅਫਸਰਾਂ ਮੁਤਾਬਕ ਸੈਂਕੜੇ ਫੌਜੀ ਪਹਿਲੇ ਹੱਲੇ ਵਿਚ ਹੀ ਮਾਰੇ ਗਏ। ਜਿਸਦੇ ਉਪਰੰਤ ਫੌਜ ਬਦਲਾ ਲਊ ਭਾਵਨਾ ਵਿਚ ਆ ਚੁੱਕੀ ਸੀ। ਦਰਬਾਰ ਸਾਹਿਬ ਵਿਚ ਮੌਜੂਦ ਮੁਲਾਜ਼ਮਾਂ, ਰਾਗੀਆਂ, ਯਾਤਰੂਆਂ ਅਤੇ ਬੱਚਿਆਂ ਤੇ ਵਹਿਸ਼ੀਅਨਾਂ ਗੋਲੀਆਂ ਚਲ ਰਹੀਆਂ ਸਨ ਤਾਂ ਉਨ੍ਹਾਂ ਦੀਆਂ ਚੀਕਾਂ ਤੇ ਕਰਲਾਹਟਾਂ ਦੀਆਂ ਅਵਾਜ਼ਾਂ ਸ਼ਹਿਰ ਵਿਚ ਸੁਣਾਈ ਦਿੰਦੀਆਂ ਸਨ ਕਿ ਉਹਨਾਂ ਨੂੰ ਬਚਾਉ, ਰਹਿਮ ਕਰੋ! ਪਰ ਇਸ ਭਿਆਨਕ ਰਾਤ ਦੀ ਅੰਧਾ-ਧੁੰਦ ਫਾਇਰਿੰਗ ਵਿਚ ਦੋਸ਼ੀ ਤੇ ਬੇਦੋਸ਼ੇ ਬਰਾਬਰ ਛਨਣੀ ਕੀਤੇ ਜਾ ਰਹੇ ਸਨ। ਦਰਬਾਰ ਸਾਹਿਬ ਦੇ ਨਜਦੀਕੀ ਖੇਤਰ ਵਿਚ ਤੋਪਾਂ ਦੇ ਗੋਲੇ ਵਸੋਂ ਵਾਲੇ ਘਰਾਂ ਤੇ ਬਜ਼ਾਰਾਂ ਵਿਚ ਡਿਗ ਰਹੇ ਸਨ। ਮਾਸੂਮ ਕੁਰਲਾਹਟਾਂ ਤੇ ਚੀਕਾਂ ਅਸਮਾਨ ਗੂੰਜਾ ਰਹੀਆਂ ਸਨ। ਪਰ ਗੋਲਿਆਂ ਦੀਆਂ ਅਵਾਜ਼ਾਂ ਤੇ ਧੂੰਏਂ ਵਿਚ ਸਭ ਕੁਝ ਗੁੰਮ ਹੋ ਕੇ ਰਹਿ ਗਿਆ। ਫੌਜ ਦੀਆਂ ਗੋਲੀਆਂ ਤੇ ਗੋਲੇ ਅੰਮ੍ਰਿਤਸਰ ਤੋਂ 5 ਕਿਲੋਮੀਟਰ ਦੂਰ ਤੱਕ ਪਿੰਡਾਂ ਵਿਚ ਡਿੱਗੇ। ਮਿਸਾਲ ਦੇ ਤੌਰ ਤੇ ਪਿੰਡ ਥਾਂਦੇ ਇਕ ਮਜ਼ਦੂਰ ਦੇ ਬੂਹੇ ਵਿਚ ਇਕ ਬਾਹਰ ਖੜੇ ਟਾਂਗੇ ਵਿਚ ਗੋਲੇ ਲੱਗੇ। ਦਰਬਾਰ ਸਾਹਿਬ ਤੋਂ 2 ਕਿਲੋਮੀਟਰ ਦੂਰ ਤੱਕ ਰਾਣੀ ਕੇ ਬਾਗ ਵਿਖੇ ਇਕ ਵਿਅਕਤੀ ਦੀ ਗੋਲੀ ਲੱਗਣ ਨਾਲ ਮੌਤ ਹੋਈ। ਅੰਮ੍ਰਿਤਸਰ ਤੋਂ 15-20 ਮੀਲ ਦੂਰ ਤੱਕ ਤੋਪਾਂ ਦੇ ਗੋਲਿਆਂ ਦੀ ਧਮਕ ਬੂਹੇ ਬਾਰੀਆਂ ਖੜਕਾ ਰਹੀ ਸੀ। ਇਸ ਭਿਆਨਕ ਰਾਤ ਲੋਕ ਜਾਗਦੇ ਰਹੇ। ਉਨ੍ਹਾਂ ਦੀਆਂ ਅੱਖਾਂ ਅੱਗੇ ਪਾਕਿਸਤਾਨ ਤੇ ਹਿੰਦੂਸਤਾਨ ਦੀ ਜੰਗ ਦੇ ਸਾਕੇ ਘੁੰਮ ਰਹੇ ਸਨ। ਧੜਕਦੇ ਦਿਲ ਇਕ ਦੂਸਰੇ ਤੋਂ ਇਹ ਹੀ ਪੁੱਛ ਕੇ ਚੁੱਪ ਵੱਟ ਜਾਂਦੇ ਬੱਸ ਅੱਜ ਅੰਮ੍ਰਿਤਸਰ ਤਬਾਹ ਹੋ ਜਾਵੇਗਾ।

ਇਸ ਸਮੇਂ ਸਰਾਂ ਵਾਲੇ ਪਾਸੇ ਤੋਂ ਟੈਂਕ ਤੇ ਬਖਤਰਬੰਦ ਗੱਡੀਆਂ ਪਰਕਰਮਾ ਵਿਚ ਦਾਖਲ ਕੀਤੀਆਂ ਜਿੰਨ੍ਹਾਂ ਦੀਆਂ ਮਸ਼ੀਨਗੰਨਾਂ ਅੰਧਾ-ਧੁੰਦ ਫਾਇਰਿੰਗ ਕਰ ਰਹੀਆਂ ਸਨ ਤੇ ਫੌਜੀ ਜੁਆਨ ਉਨ੍ਹਾਂ ਦੇ ਪਿੱਛੇ ਅੱਗੇ ਵੱਧ ਰਹੇ ਸਨ। ਇਸ ਸਮੇਂ ਦੋਹਾਂ ਧਿਰਾਂ ਦਾ ਭਾਰੀ ਜਾਨੀ ਨੁਕਸਾਨ ਹੋਇਆ। ਪਰ ਫੌਜ ਅਜੇ ਤੱਕ ਵੀ ਮੋਰਚਿਆਂ ਤੇ ਕਬਜ਼ਾ ਨਹੀਂ ਸੀ ਕਰ ਸਕੀ। ਗੁਰੂ ਰਾਸਦਾਸ ਲੰਗਰ ਦੀ ਬਿਲਡਿੰਗ ਤੇ ਤੋਪਾਂ ਦੀ ਭਾਰੀ ਗੋਲਾਬਾਰੀ ਕਰਕੇ ਅਤੇ ਫੌਜੀਆਂ ਨੇ ਗਰਨੇਡਾਂ ਦੀ ਵਰਤੋਂ ਕਰਕੇ ਲੰਗਰ ਦੇ ਮੋਰਚੇ ਤੇ ਕਬਜਾ ਕਰ ਲਿਆ ਅਤੇ ਛੱਤ ਚੜਨ ਤੋਂ ਬਾਅਦ ਫੌਜੀ ਇਕ ਛੱਤ ਤੋਂ ਬਾਅਦ ਦੂਸਰੀ ਤੇ ਕਬਜਾ ਕਰੀ ਗਏ ਅਤੇ ਦਿਨ ਦੇ ਚੜਾਅ ਤੱਕ ਅਕਾਲ ਤਖਤ ਤੇ ਦਰਬਾਰ ਸਾਹਿਬ ਦੀ ਮੁਖ ਇਮਾਰਤ ਹਰਿਮੰਦਰ ਸਾਹਿਬ ਤੋਂ ਬਗੈਰ ਸਭ ਥਾਵਾਂ ਤੇ ਫੌਜ ਦਾ ਕਬਜਾ ਸੀ।

## 6 ਜੂਨ 1984

ਇਸ ਦਿਨ ਦਰਬਾਰ ਸਾਹਿਬ ਵਿਚ ਸੂਰਜ ਦੀਆਂ ਕਿਰਨਾਂ ਪੈਣ ਤੱਕ ਪਰਕਰਮਾ ਇਕ ਵੱਡੀ ਕਤਲਗਾਹ ਵਿਖਾਈ ਦਿੰਦੀ ਸੀ। ਦੁੱਧ ਚਿੱਟੀ ਚਮਕਦੀ ਇਹ ਪਰਕਰਮਾ ਦੀ ਸ਼ਾਇਦ ਕੋਈ ਹੀ ਸਿਲ ਸੀ ਜੋ ਲਾਸ਼ ਤੋਂ ਖਾਲੀ ਹੋਵੇ। ਦੁਪਹਿਰ ਤੋਂ ਬਾਅਦ ਕਰਫਿਊ ਵਿਚ ਦੋ ਘੰਟੇ ਦੀ ਢਿਲ ਦਿੱਤੀ ਗਈ। ਤਿੰਨ ਤਰੀਕ ਤੋਂ ਲਗਾਤਾਰ ਲੱਗੇ ਇਸ ਕਰਫਿਊ ਨੇ ਸ਼ਹਿਰਾਂ ਤੇ ਪਿੰਡਾਂ ਦਾ ਜਨਜੀਵਨ ਇਸ ਤਰ੍ਹਾਂ ਠੱਪ ਕੀਤਾ ਸੀ ਜਿਵੇਂ ਸਭ ਪੰਜਾਬੀ ਕਿਸੇ ਵੱਡੀ ਜੇਲ੍ਹ ਵਿਚ ਤਾੜੇ ਹੋਣ ਮੁਸ਼ਕਿਲਾਂ ਤਾਂ ਪਿੰਡਾਂ ਦੇ ਲੋਕਾਂ ਨੂੰ ਵੀ ਬਹੁਤ ਆਈਆਂ ਪਰੰਤੂ ਸ਼ਹਿਰਾਂ ਵਿਚ ਜਿੱਥੇ ਬੀਮਾਰ ਨੂੰ ਹਸਪਤਾਲ ਨਹੀਂ ਸੀ ਲਿਜਾਇਆ ਜਾ ਸਕਦਾ, ਮਰੇ ਨੂੰ ਸ਼ਮ..ਾਨਘਾਟ ਨਹੀਂ ਸੀ ਲਿਜਾਇਆ ਜਾ ਸਕਦਾ। ਹਰ ਘਰ ਦੂਸਰੇ ਲਈ ਇਕ ਵੱਖਰੇ ਦੇਸ਼ ਸੀ। ਨਿਤ ਕਮਾ ਕੇ ਖਾਣ ਵਾਲੇ ਲੋਕ ਰੋਟੀ ਲਈ ਤਰਸੇ, ਬੱਚੇ ਇਕ ਚਿਮਚ ਦੁੱਧ ਲਈ ਵਿਲਕੇ, ਪਸ਼ੂ ਚਾਰੇ ਖੁਣੋਂ ਮਰ ਗਏ ਤੇ ਰਹਿੰਦੇ ਲੋਕਾਂ ਨੇ ਅਵਾਰਾ ਕਰ ਦਿੱਤੇ। ਗਰੀਬ ਵਿਅਕਤੀ ਭੁੱਖ ਨਾਲ ਦਮ ਤੋੜ ਗਏ।

ਅਕਾਲ ਤਖਤ ਤੇ ਕਬਜੇ ਲਈ ਜਦੋਂ ਪਰਕਰਮਾ 'ਚੋਂ ਟੈਂਕਾਂ ਨੇ ਸਿੱਧੇ ਫਾਇਰ ਕੀਤੇ ਤਾਂ ਜਵਾਨਾਂ ਵਿਚ ਐਂਟੀ ਟੈਂਕ ਮਿਜਾਇਲ ਦੀ ਵਰਤੋਂ ਕੀਤੀ ਗਈ ਜਿਸਦੇ ਫਲਸਰੂਪ ਇਕ ਟੈਂਕ ਹਿੱਟ ਹੋਇਆ। ਫੌਜਾਂ ਨੇ ਗੋਲਾਬਾਰੀ ਬੰਦ ਕਰਕੇ ਰਾਤ ਦੇ ਹਨੇਰੇ ਨੂੰ ਉਡੀਕਣਾ ਸ਼ੁਰੂ ਕੀਤਾ। ਸ਼ਾਮ ਤੱਕ ਅਕਾਲ ਤਖਤ ਤੋਪਾ ਨਾਲ ਢਾਹ ਕੇ ਕਬਜਾ ਕਰਨ ਦੀ ਯੋਜਨਾ ਬਣ ਚੁੱਕੀ ਸੀ ਅਤੇ ਇਸ ਰਾਤ ਵੀ ਅੰਮ੍ਰਿਤਸਰ ਦੇ ਸ਼ਹਿਰੀ ਤੋਪਾਂ ਦੇ ਖੜਾਕ ਦੇ ਸਾਏ ਵਿਚ ਦੀ ਗੁਜਰੇ। ਟੈਂਕਾਂ ਅਤੇ ਤੋਪਾਂ ਦੇ ਗੋਲਿਆਂ ਅੱਗੇ ਅਕਾਲ ਤਖਤ ਦੀ ਬਿਲਡਿੰਗ ਕਦ ਤੱਕ ਟਿਕ ਸਕਦੀ ਸੀ। ਉਹ ਇਕ ਖੰਡਰ ਦਾ ਰੂਪ ਬਣ ਕੇ ਰਹਿ ਗਈ।

ਰਾਤ ਦੇ ਇਸ ਹਨੇਰੇ ਵਿਚ ਕੀ ਵਾਪਰਿਆ ਇੰਨਾਂ ਤੱਥਾਂ ਦਾ ਸੱਚ ਸਾਬਤ ਕਰਨਾ ਮੁਸ਼ਕਿਲ ਹੈ। ਪਰੰਤੂ ਸਭ ਕੁਝ ਵੇਖਣ ਤੋਂ ਬਾਅਦ ਇਹ ਹੀ ਸਪੱਸ਼ਟ ਸਪੱਸ਼ਟ ਹੁੰਦਾ ਹੈ ਕਿ ਭਿੰਡਰਾਂਵਾਲਾ, ਮੇਜਰ ਜਨਰਲ ਸਬੇਗ ਸਿੰਘ ਤੇ ਭਾਈ ਅਮਰੀਕ ਸਿੰਘ ਜਿੰਨ੍ਹਾਂ ਨੇ ਅਕਾਲ ਤਖਤ ਦੇ ਤਹਿਖਾਨੇ 'ਚੋਂ ਬਣਾਏ ਮੋਰਚੇ ਰਾਹੀਂ ਆਖਰੀ ਜੰਗ ਲੜਨ ਦਾ ਫੈਸਲਾ ਕੀਤਾ ਸੀ ਭਾਵੇਂ ਕਿ ਉਹਨਾਂ ਦੇ ਸਹਿਯੋਗੀ ਭਾਰੀ ਗਿਣਤੀ ਵਿਚ ਮਾਰੇ ਜਾ ਚੁਕੇ ਸਨ। ਜਦੋਂ ਫੌਜੀਆਂ ਨੇ ਇਸ ਮੋਰਚੇ ਵਿਚ ਗਰਨੇਡ ਸੁਟਿਆ ਅਤੇ ਮਸ਼ੀਨਗੰਨ ਤੇ ਕਬਜ਼ਾ ਕਰ ਲਿਆ। ਉਸ ਗਰਨੇਡ ਦੇ ਟੁਕੜੇ ਹੀ ਭਿੰਡਰਾਂਵਾਲੇ ਦੇ ਲੱਗੇ ਤੇ ਜਦੋਂ ਉਹ ਆਪਣੀ ਥਾਂ ਬਦਲਣ ਦੀ ਕੋਸ਼ਿਸ਼ ਕਰਨ ਲੱਗਾ ਤਾਂ ਸਟੇਨਗੰਨ ਦਾ ਪੂਰਾ ਬਰਸ਼ਟ ਹੀ ਉਸਦੇ ਲੱਗ ਗਿਆ ਅਤੇ ਇਸ ਗੋਲਾਬਾਰੀ ਵਿਚ ਹੀ ਉਸਦੇ ਦੋਵੇਂ ਸਾਥੀ ਮਾਰੇ ਗਏ। ਇਨ੍ਹਾਂ ਦੀ ਮੌਤ ਕਿੰਜ ਹੋਈ ਇਸਤੋਂ ਬਗੈਰ ਕਈ ਹੋਰ ਕਹਾਣੀਆਂ ਵੀ ਚਰਚਾ ਦਾ ਵਿਸ਼ਾ ਹਨ।

## 7 ਜੂਨ 1984

22 ਆਦਮੀ ਜਿਨ੍ਹਾਂ ਨੇ ਹਰਿਮੰਦਰ ਸਾਹਿਬ ਵਿਚ ਆਪਣੇ ਆਪ ਜਾਨ ਬਚਾਉਣ ਲਈ ਸ਼ਰਨ ਲਈ ਸੀ। ਇਨ੍ਹਾਂ ਨੇ ਵੀ ਆਪਣੇ ਆਪ ਨੂੰ ਹੱਥ ਖੜੇ ਕਰਕੇ ਫੌਜ ਦੇ ਹਵਾਲੇ ਕਰ ਦਿਤਾ। (.... ਬਾਕੀ ਸਫ਼ਾ 4)

# ਬੰਬੇ ਸਵੀਟਸ ਮੈਨੂਫੈਕਚਰਰ

## FOR LARGEST VARIETY IN INDIAN SWEETS

ਆਓ ਤੇ ਵਧੀਆ ਸਾਮਾਨ ਘੱਟ ਕੀਮਤਾਂ ਵਿਚ ਸਾਥੋਂ ਖਰੀਦੋ
ਛੱਕ ਤੇ ਮਠਿਆਈ ਖ੍ਰੀਦਣ ਲਈ

**ਸ਼ੁਕਲਾ ਬ੍ਰਾਦਰਜ਼**

6556 - 60 Main Street
(at 49th Ave.)
Vancouver, B.C. V5X 3H1
Tel: (604) 321-1414
874-5722



Manager: SHUKLA

- ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ
- ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ

ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ ਮਿਲੇਗਾ

**WE ARE OPEN EVERY DAY 9 A.M. TO 9:30 P.M.**

# BOMBAY SWEETS MFG. INCORPORATED ®

The shop where you can get
all kinds of Fabrics!

# PRINCE FABRICS

**372 - Anderson Drive**
**Quesnel, B.C.**
**V2J 1G2**

Bus: (604) 992-3319
Res: (604) 992-5108
**Jagdish Puri**

* *We make to measure Salwar - Kamiz - Lehnga*

* *Also in gents wear Pants, Shirts, Coats, etc.*

* *Mail order accepted*


# For Advertisement in Watno Dur Please Contact:

*Gurcharn Tallewalia . . (604) 298-3431*

*Paul Binning . . . . . . . . . (604) 270-9467*

*Latt Bhinder. . . . . . . . . . (403) 435-7469*

*OR CONTACT:*

**WATNO DUR**
**P.O. BOX 9545**
**Edmonton, Alberta T6E 5X2**

**WATNO DUR**
P.O. Box 9545
Edmonton, Alberta, T6E 5X2

Second Class Mail Reg. No. 3233

TO:


# ਫਰੰਟੀਅਰ ਕਲਾਥ ਹਾਊਸ




**NEW DESIGNS**
**& NEW FASHIONS**

# SAREES

**We have the largest variety in Punjabi suits both in designs & Quality**

# FRONTIER CLOTH HOUSE LTD.

**6695 MAIN STREET VANCOUVER, B.C.**

PHONE NO. 325-4424 or 325-3515